ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

25-31 ਅਕਤੂਬਰ 2023

ਸਾਲ 14ਵਾਂ - ਅੰਕ 44
email : info@sadelok.com
Ph. : 510-706-1300
Fax : 925-373-1300



ਮਹਾਂਰਿਸ਼ੀ ਵਾਲਮੀਕਿ ਜੀ ਦੇ
**ਪ੍ਰਗਟ ਦਿਹਾੜੇ**
ਦੀ ਲੱਖ ਲੱਖ ਵਧਾਈ
ਦੇਖੋ ਸਫ਼ਾ 25 'ਤੇ



ਚੌਥੇ ਪਾਤਸ਼ਾਹ ਧੰਨ ਧੰਨ
ਸ੍ਰੀ ਗੁਰੂ ਰਾਮਦਾਸ ਜੀ ਦੇ
**ਪ੍ਰਕਾਸ਼ ਪੁਰਬ**
ਦੀ ਲੱਖ ਲੱਖ ਵਧਾਈ
ਦੇਖੋ ਸਫ਼ਾ 24 'ਤੇ

## ਸਾਰੀ ਉਮਰ ਪੰਥ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਤਿੰਨ ਮਹਾਨ ਪ੍ਰਚਾਰਕਾਂ ਦੀਆਂ ਤਸਵੀਰਾਂ ਕੇਂਦਰੀ ਅਜਾਇਬ ਘਰ 'ਚ ਸਥਾਪਤ



ਅੰਮ੍ਰਿਤਸਰ : ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸ਼੍ਰੋਮਣੀ ਕਮੇਟੀ ਵਲੋਂ ਪਿਛਲੇ ਸਮੇਂ ਵਿਚ ਯੂ. ਕੇ. ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਹਿਮ ਯੋਗਦਾਨ ਪਾਉਣ ਵਾਲੀਆਂ ਤੇ ਹੁਣ ਗੁਰਪੁਰਵਾਸੀ ਤਿੰਨ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਭਾਈ ਸੀਤਲ ਸਿੰਘ ਸਿਤਾਰਾ (ਯੂ. ਕੇ.), ਸੁਰਿੰਦਰ ਸਿੰਘ ਅਟਾਰੀਵਾਲਾ ਤੇ ਇੰਦਰ ਸਿੰਘ ਜੰਮੂ (ਯੂ.

(ਦੇਖੋ ਸਫ਼ਾ 7 'ਤੇ)

## ਪੰਜਾਬ ਲੋਕ ਰੰਗ ਮੰਚ ਵਲੋਂ ਇਤਿਹਾਸਕ ਨਾਟਕ ਜ਼ਫ਼ਰਨਾਮਾ ਜਨਤਾ ਦੇ ਰੂਬਰੂ



(ਦੇਖੋ ਸਫ਼ਾ 18-19 'ਤੇ)

## ਦੁਨੀਆ 'ਚ ਕਿਤੇ ਵੀ ਅੱਤਵਾਦੀ ਹਮਲਾ ਹੋਵੇ ਉਸ ਦਾ ਖਮਿਆਜ਼ਾ ਸਿੱਖਾਂ ਨੂੰ ਭੁਗਤਣਾ ਪੈਂਦਾ



4

## ਮਹਿਲਾ ਸਹਾਇਕ ਪ੍ਰੋਫੈਸਰ ਵੱਲੋਂ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ



17

## ਮਹਾਨ ਸਪਿੰਨਰ ਬਿਸ਼ਨ ਸਿੰਘ ਬੇਦੀ ਦਾ ਦੇਹਾਂਤ



44

## ਇਜ਼ਰਾਈਲ-ਹਮਾਸ ਜੰਗ ਤਬਾਹੀ ਦੇ ਮੂੰਹ ਪਈ ਦੁਨੀਆ ਲਈ ਖਤਰਨਾਕ : ਅਜੈਪਾਲ ਸਿੰਘ ਬੰਗਾ



ਸਾਊਦੀ ਅਰਬ : ਵਿਸ਼ਵ ਬੈਂਕ ਦੇ ਮੁਖੀ ਅਜੈਪਾਲ ਸਿੰਘ ਬੰਗਾ ਨੇ ਕਿਹਾ ਹੈ ਕਿ ਇਜ਼ਰਾਈਲ-ਹਮਾਸ ਜੰਗ ਪਹਿਲਾਂ ਹੀ ਆਰਥਿਕ ਤੌਰ 'ਤੇ ਤਬਾਹੀ ਦੇ ਮੂੰਹ ਪਈਦੁਨੀਆ ਲਈ ਹੋਰ ਵਧੇਰੇ ਖਤਰਨਾਕ ਸਾਬਤ ਹੋਵੇਗੀ। ਸਾਊਦੀ ਅਰਬ ਵਿਚ ਇਕ ਇਨਵੈਸਟਰ ਕਾਨਫਰੰਸ ਵਿਚ ਸੰਬੋਧਨ ਕਰਦਿਆਂ ਵਿਸ਼ਵ ਬੈਂਕ ਮੁਖੀ ਨੇ ਕਿਹਾ ਕਿ ਦੁਨੀਆ ਅੱਜ ਬਹੁਤ ਖਤਰਨਾਕ ਮੋੜ ਉਪਰ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਦੁਨੀਆ ਵਿਚ ਬਹੁਤ ਕੁਝ ਗਲਤ ਚੱਲ ਰਿਹਾ ਹੈ, ਜਿਸ ਦੇ ਸਿੱਟੇ ਧਰਤੀ ਅਤੇ ਮਨੁੱਖਤਾ ਦੋਵਾਂ ਨੂੰ ਭੁਗਤਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਧਰਤੀ ਉਪਰ ਵੱਧ ਰਿਹਾ ਸਿਆਸੀ ਤਣਾਅ ਦੁਨੀਆ ਦੀ ਅਰਥ ਵਿਵਸਥਾ ਲਈ ਸਭ ਤੋਂ ਵੱਡਾ ਖਤਰਾ ਹੈ। ਉਨ੍ਹਾਂ ਕਿਹਾ ਕਿ ਸਿਆਸੀ ਘਟਨਾਵਾਂ ਦੇ ਹੋਰ ਫੇਰ ਆਰਥਿਕ ਖਤਰੇ ਤੇਜ਼ੀ ਨਾਲ ਵਧਾਉਂਦੇ ਹਨ ਅਤੇ ਇਨ੍ਹਾਂ ਨੂੰ ਕਿਸੇ ਵੀ ਹਾਲਤ ਵਿਚ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਜ਼ਰਾਈਲ-ਹਮਾਸ ਜੰਗ ਦੇ ਚੱਲਦਿਆਂ ਦੁਨੀਆ ਭਰ ਦੇ ਸ਼ੇਅਰ ਬਾਜ਼ਾਰ ਵਿਚ ਵੀ ਗਿਰਾਵਟ ਦੇਖੀ ਜਾ ਰਹੀ ਹੈ। ਇਸੇ ਦੌਰਾਨ ਇਜ਼ਰਾਈਲ ਅਤੇ ਹਮਾਸ ਲੜਾਕਿਆਂ

(ਦੇਖੋ ਸਫ਼ਾ 3 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੌਲੀਟੀਕਲ ਅਸਾਈਲਮ • ਡਿਪੋਰਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ 209-481-7750
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ 'ਚ ਸਿੱਖਾਂ ਵਿਰੁੱਧ ਵੱਧ ਰਹੇ ਨਫ਼ਰਤੀ ਅਪਰਾਧਾਂ ਤੇ ਮੇਅਰ ਰਵੀ ਐੱਸ. ਭੱਲਾ ਨੇ ਪ੍ਰਗਟਾਈ ਚਿੰਤਾ

ਵਾਸ਼ਿੰਗਟਨ : ਨਿਊਯਾਰਕ ਅਤੇ ਅਮਰੀਕਾ ਦੇ ਹੋਰ ਹਿੱਸਿਆਂ ਵਿਚ ਸਿੱਖਾਂ ਦੇ ਖ਼ਿਲਾਫ਼ ਹਾਲ ਹੀ ਵਿਚ ਵਾਪਰੀਆਂ ਨਫ਼ਰਤ ਅਤੇ ਹਿੰਸਾ ਦੀਆਂ ਘਟਨਾਵਾਂ ਨੂੰ 'ਨਿੰਦਾਯੋਗ' ਕਾਰਵਾਈਆਂ ਦੱਸਦੇ ਹੋਏ ਅਮਰੀਕੀ ਰਾਜ ਨਿਊਜਰਸੀ ਦੇ ਹੋਬੋਕਨ ਸ਼ਹਿਰ ਦੇ ਮੇਅਰ ਨੇ ਦੇਸ਼ ਵਿੱਚ ਘੱਟ ਗਿਣਤੀ ਭਾਈਚਾਰੇ ਖ਼ਿਲਾਫ਼ ਵੱਧ ਰਹੇ ਨਫ਼ਰਤੀ ਅਪਰਾਧਾਂ 'ਤੇ ਚਿੰਤਾ ਪ੍ਰਗਟਾਈ। ਮੇਅਰ ਰਵੀ ਐੱਸ. ਭੱਲਾ ਨੇ ਕੁਝ ਦਿਨ ਪਹਿਲਾਂ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਨੂੰ ਕਈ ਅਜਿਹੀਆਂ ਚਿੱਠੀਆਂ ਮਿਲੀਆਂ ਹਨ, ਜਿਸ ਵਿੱਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।



ਸੀ.ਬੀ.ਐੱਸ. ਨਿਊਜ਼ ਦੀ ਮੰਗਲਵਾਰ ਦੀ ਰਿਪੋਰਟ ਮੁਤਾਬਕ ਭੱਲਾ ਨੂੰ ਪਿਛਲੇ ਸਾਲ ਜੋ ਮਿਲੇ ਪੱਤਰ ਸਨ, ਉਨ੍ਹਾਂ ਵਿਚ ਪਹਿਲਾਂ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਕਿਹਾ ਗਿਆ ਸੀ, ਪਰ ਬਾਅਦ 'ਚ ਸਿੱਖ ਧਰਮ ਨਾਲ ਜੁੜੇ ਹੋਣ ਕਾਰਨ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮੈਂਬਰਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਜਾਣ ਲੱਗੀ। ਭੱਲਾ ਨੇ ਕਿਹਾ, 'ਮੈਂ ਨਫਰਤੀ ਅਪਰਾਧ ਦੀਆਂ ਹਾਲ ਹੀ ਦੀਆਂ ਘਟਨਾਵਾਂ ਤੋਂ ਪਰੇਸ਼ਾਨ ਅਤੇ ਦੁਖੀ ਹਾਂ, ਜਿਨ੍ਹਾਂ ਨੇ ਰਿਚਮੰਡ ਹਿੱਲ, ਨਿਊਯਾਰਕ 'ਚ ਸਿੱਖ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿੱਥੇ ਇਕ ਸਿੱਖ ਨੌਜਵਾਨ 'ਤੇ ਹਮਲਾ ਕੀਤਾ ਗਿਆ, ਉਸ ਦੀ ਜ਼ਬਰਦਸਤੀ ਪੱਗ ਉਤਾਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਇਕ ਹੋਰ ਸੀਨੀਅਰ ਸਿੱਖ ਵਿਅਕਤੀ ਨਾਲ ਦੁਰਵਿਵਹਾਰ ਕੀਤਾ ਗਿਆ।'

ਨਿਊਯਾਰਕ 'ਚ ਬੁੱਧਵਾਰ ਨੂੰ ਇਕ ਸ਼ਟਲ ਬੱਸ 'ਤੇ ਸਫ਼ਰ ਕਰਦੇ ਸਮੇਂ ਇਕ 19 ਸਾਲਾ ਸਿੱਖ ਲੜਕੇ 'ਤੇ ਪੱਗ ਬੰਨ੍ਹਣ ਕਾਰਨ ਹਮਲਾ ਕੀਤਾ ਗਿਆ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਬਾਅਦ ਵਿਚ ਇਸ ਮਾਮਲੇ ਵਿਚ ਇੱਕ 26 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ 'ਤੇ ਹਮਲੇ ਲਈ ਨਫ਼ਰਤ ਅਪਰਾਧ ਦਾ ਦੋਸ਼ ਲਗਾਇਆ ਗਿਆ।ਅਮਰੀਕਾ ਦੇ ਇਕਲੌਤੇ ਸਿੱਖ ਮੇਅਰ ਭੱਲਾ ਨੇ ਕਿਹਾ, ÷ਨਫ਼ਰਤ ਅਤੇ ਹਿੰਸਾ ਦੀਆਂ ਇਹ ਨਿੰਦਣਯੋਗ ਕਾਰਵਾਈਆਂ ਏਕਤਾ, ਵਿਭਿੰਨਤਾ ਅਤੇ ਸਵੀਕਾਰਤਾ ਦੀਆਂ ਸਾਡੀਆਂ ਸਾਂਝੀਆਂ ਅਮਰੀਕੀ ਕਦਰਾਂ-ਕੀਮਤਾਂ 'ਤੇ ਹਮਲਾ ਹਨ। ਇਸ ਸਮੇਂ ਇਹ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਦੋਸਤਾਂ ਅਤੇ ਗੁਆਂਢੀਆਂ ਵਿਚਕਾਰ ਸਮਝ ਅਤੇ ਹਮਦਰਦੀ ਦਾ ਮਾਹੌਲ ਬਣਾਉਣ ਦੀ ਆਪਣੀ ਸਾਂਝੀ ਵਚਨਬੱਧਤਾ ਦੀ ਪੁਸ਼ਟੀ ਕਰਨ ਲਈ ਇਕੱਠੇ ਹੋਣ।'

# ਇਜ਼ਰਾਈਲ-ਹਮਾਸ ਜੰਗ ਤਬਾਹੀ ਦੇ ਮੂੰਹ ਪਈ ਦੁਨੀਆ ਲਈ ਖਤਰਨਾਕ : ਅਜੈ ਸਿੰਘ ਬੰਗਾ

ਸਾਊਦੀ ਅਰਬ : ਵਿਸ਼ਵ ਬੈਂਕ ਦੇ ਮੁਖੀ ਅਜੈ ਸਿੰਘ ਬੰਗਾ ਨੇ ਕਿਹਾ ਹੈ ਕਿ ਇਜ਼ਰਾਈਲ-ਹਮਾਸ ਜੰਗ ਪਹਿਲਾਂ ਹੀ ਆਰਥਿਕ ਤੌਰ 'ਤੇ ਤਬਾਹੀ ਦੇ ਮੂੰਹ ਪਈਦੁਨੀਆ ਲਈ ਹੋਰ ਵਧੇਰੇ ਖਤਰਨਾਕ ਸਾਬਤ ਹੋਵੇਗੀ। ਸਾਊਦੀ ਅਰਬ ਵਿਚ ਇਕ ਇਨਵੈਸਟਰ ਕਾਨਫਰੰਸ ਵਿਚ ਸੰਬੋਧਨ ਕਰਦਿਆਂ ਵਿਸ਼ਵ ਬੈਂਕ ਮੁਖੀ ਨੇ ਕਿਹਾ ਕਿ ਦੁਨੀਆ ਅੱਜ ਬਹੁਤ ਖਤਰਨਾਕ ਮੋੜ ਉਪਰ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਦੁਨੀਆ ਵਿਚ ਬਹੁਤ ਕੁਝ ਗਲਤ ਚੱਲ ਰਿਹਾ ਹੈ, ਜਿਸ ਦੇ ਸਿੱਟੇ ਧਰਤੀ ਅਤੇ ਮਨੁੱਖਤਾ ਦੋਵਾਂ ਨੂੰ ਭੁਗਤਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਧਰਤੀ ਉਪਰ ਵੱਧ ਰਿਹਾ ਸਿਆਸੀ ਤਣਾਅ ਦੁਨੀਆ ਦੀ ਅਰਥ ਵਿਵਸਥਾ ਲਈ ਸਭ ਤੋਂ ਵੱਡਾ ਖਤਰਾ ਹੈ। ਉਨ੍ਹਾਂ ਕਿਹਾ ਕਿ ਸਿਆਸੀ ਘਟਨਾਵਾਂ ਦੇ ਹੋਰ ਫੇਰ ਆਰਥਿਕ



ਖਤਰੇ ਤੇਜ਼ੀ ਨਾਲ ਵਧਾਉਂਦੇ ਹਨ ਅਤੇ ਇਨ੍ਹਾਂ ਨੂੰ ਕਿਸੇ ਵੀ ਹਾਲਤ ਵਿਚ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਜ਼ਰਾਈਲ-ਹਮਾਸ ਜੰਗ ਦੇ ਚੱਲਦਿਆਂ ਦੁਨੀਆ ਭਰ ਦੇ ਸ਼ੇਅਰ ਬਾਜ਼ਾਰ ਵਿਚ ਵੀ ਗਿਰਾਵਟ ਦੇਖੀ ਜਾ ਰਹੀ ਹੈ। ਇਸੇ ਦੌਰਾਨ ਇਜ਼ਰਾਈਲ ਅਤੇ ਹਮਾਸ ਲੜਾਕਿਆਂ ਨੇ ਕਈਬੰਧਕ ਬਣਾਏ ਲੋਕਾਂ ਨੂੰ ਰਿਹਾਅ ਕੀਤਾ ਹੈ। ਇਸੇ ਤਹਿਤ ਬੰਧਕਾਂ ਦੇ ਨਾਲ ਰਿਹਾਅ ਹੋਈ ਇਕ 85 ਸਾਲਾ ਬਜ਼ੁਰਗ ਔਰਤ ਨੇ ਦੱਸਿਆ ਕਿ ਬੰਧਕ ਬਣਾਉਣ ਤੋਂ ਬਾਅਦ ਸਾਨੂੰ ਪਹਿਲਾਂ ਬੇਰਹਿਮੀ ਨਾਲ ਕੁੱਟਿਆ ਮਾਰਿਆ ਗਿਆ ਅਤੇ ਫਿਰ ਇਲਾਜ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਇਜ਼ਰਾਈਲ ਤੋਂ ਲਿਜਾਣ ਤੋਂ ਬਾਅਦ ਗਾਜ਼ਾ ਵਿਚ ਸਾਨੂੰ ਜ਼ਮੀਨੀ ਸੁਰੰਗਾਂ ਦੇ ਜਾਲ ਵਿਚ ਛੁਪਾ ਕੇ ਰੱਖਿਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਹਮਾਸ ਲੜਾਕਿਆਂ ਨੇ ਸਾਡੇ ਗਹਿਣੇ, ਘੜੀਆਂ ਅਤੇ ਹਰ ਕੀਮਤੀ ਸਮਾਨ ਪਹਿਲਾਂ ਹੀ ਲੈ ਲਏ ਸਨ ਅਤੇ ਸਾਨੂੰ ਖੇਤਾਂ ਵਿਚਂ ਦੀ ਸੁਰੰਗਾਂ ਵਿਚੋਂ ਦੀ ਲਿਜਾਇਆ ਗਿਆ।

# ਫਲਸਤੀਨੀ ਲੋਕਾਂ ਦੀ ਪ੍ਰਤੀਨਿਧਤਾ ਨਹੀਂ ਕਰਦਾ ਹਮਾਸ : ਕਮਲਾ ਹੈਰਿਸ

## *ਉਪ ਰਾਸ਼ਟਰਪਤੀ ਵੱਲੋਂ ਫਲਸਤੀਨੀਆਂ ਦੀ ਆਜ਼ਾਦੀ ਤੇ ਖੁਦ ਮੁਖਤਾਰੀ ਦਾ ਸਮਰਥਨ*

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਫਲਸਤੀਨੀਆਂ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਅਮਰੀਕਾ ਦੀ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਹੈ ਕਿ ਹਮਾਸ ਸੰਗਠਨ ਫਲਸਤੀਨੀਆਂ ਦੀ ਪ੍ਰਤੀਨਿੱਧਤਾ ਨਹੀਂ ਕਰਦਾ। ਉੱਪ ਰਾਸ਼ਟਰਪਤੀ ਨੇ ਫਲਸਤੀਨੀਆ ਦੀ ਆਜ਼ਾਦੀ ਤੇ ਖੁਦ ਮੁਖਤਾਰੀ ਦਾ ਸਮਰਥਨ ਕੀਤਾ ਹੈ। ਉਨਾਂ ਨੇ ਇਕ ਪੋਸਟ ਵਿਚ ਕਿਹਾ ਹੈ ਕਿ "ਇਜਰਾਈਲੀਆਂ ਤੇ ਫਲਸਤੀਨੀਆਂ ਨੂੰ ਸੁਰੱਖਿਆ ਤੇ ਖੁਸ਼ਹਾਲੀ ਦਾ ਬਰਾਬਰ ਹੱਕ ਹੋਣਾ ਚਾਹੀਦਾ ਹੈ। ਮੈਂ ਫਲਸਤੀਨੀ ਲੋਕਾਂ ਦੇ ਗੌਰਵ, ਸੁਤੰਤਰਤਾ ਤੇ ਖੁਦ ਮੁਖਤਾਰੀ ਦੇ



ਅਧਿਕਾਰ ਦਾ ਸਮਰਥਨ ਕਰਦੀ ਹਾਂ। ਹਮਾਸ ਫਲਸਤੀਨੀ ਲੋਕਾਂ ਦੀਆਂ ਆਸਾਂ ਤੇ ਉਮੰਗਾਂ ਦਾ ਪ੍ਰਤੀਨਿੱਧੀ ਨਹੀਂ ਹੈ।" ਇਸ ਤੋਂ ਪਹਿਲਾਂ ਉਨਾਂ ਨੇ ਇਜਰਾਈਲ ਉਪਰ ਹਮਾਸ ਵੱਲੋਂ ਕੀਤੇ ਹਮਲੇ ਬਾਰੇ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਸੀ ਕਿ "ਅਮਰੀਕਾ ਅੱਤਵਾਦੀਆਂ ਦੀ ਕਾਰਵਾਈ ਨੂੰ ਨੇੜਿਉਂ ਵੇਖ ਰਿਹਾ ਹੈ ਤੇ ਅਜਿਹੀ ਅੱਤਵਾਦੀ ਕਾਰਵਾਈ ਨੂੰ ਕਿਸੇ ਵੀ ਹਾਲਤ ਵਿਚ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਸ ਦਾ ਬਿਨਾਂ ਕਿਸੇ ਝਿਝਕ ਦੇ ਵਿਰੋਧ ਤੇ ਨਿੰਦਾ ਕੀਤੀ ਜਾਣੀ ਚਾਹੀਦੀ ਹੈ।" ਪੱਛਮ ਏਸ਼ੀਆ ਵਿਚ ਕਈ ਦਹਾਕੇ ਪੁਰਾਣੇ ਟਕਰਾਅ ਬਾਰੇ ਹੈਰਿਸ ਨੇ ਕਿਹਾ ਕਿ ਉਹ ਤੇ ਰਾਸ਼ਟਰਪਤੀ ਜੋ ਬਾਈਡਨ ਇਜਰਾਈਲ ਪ੍ਰਤੀ ਆਪਣੀ ਵਚਨਬੱਧਤਾ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਨ।


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ
ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।
ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ
State of California Benefits Identification Card
STATE OF CALIFORNIA BENEFITS IDENTIFICATION CARD
Get more BENEFITS at No Cost $0 Premium
Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਆਸਕਰ ਪੁਰਸਕਾਰ ਲਈ ਵਿਚਾਰੀਆਂ ਜਾਣ ਵਾਲੀਆਂ ਫ਼ਿਲਮਾਂ ਦੀ ਸੂਚੀ ’ਚ ਸ਼ਾਮਲ ਹੋਈ ‘ਅਮੈਰੀਕਨ ਸਿੱਖ’

## *ਨਫ਼ਰਤੀ ਹਿੰਸਾ ਵਿਰੁੱਧ ਜਾਗਰੂਕਤਾ ਫੈਲਾਉਂਦੀ ਹੈ ਵਿਸ਼ਵਜੀਤ ਸਿੰਘ ਵਲੋਂ ਬਣਾਈ ਨਿੱਕੀ ਐਨੀਮੇਟਡ ਫ਼ਿਲਮ*

ਨਿਊਯਾਰਕ: ਵਿਸ਼ਵਜੀਤ ਸਿੰਘ ਦੇ ਜੀਵਨ ਤੋਂ ਪ੍ਰੇਰਿਤ ਐਨੀਮੇਟਿਡ ਫ਼ਿਲਮ ‘ਅਮੈਰੀਕਨ ਸਿੱਖ’ 2024 ਦੇ ਆਸਕਰ ਪੁਰਸਕਾਰਾਂ ਲਈ ਵਿਚਾਰੇ ਜਾਣ ਵਾਲੀ ਸੂਚੀ ’ਚ ਸ਼ਾਮਲ ਹੋ ਗਈ ਹੈ। ‘ਅਕੈਡਮੀ ਆਫ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਜ਼’ ਵਲੋਂ ਦਿਤੇ ਜਾਂਦੇ ਆਸਕਰ ਪੁਰਸਕਾਰ, ਫ਼ਿਲਮਾਂ ਲਈ ਦਿਤੇ ਜਾਣ ਵਾਲੇ ਸਭ ਤੋਂ ਮਿਆਰੀ ਪੁਰਸਕਾਰ ਹਨ।

ਇਸ ਫਿਲਮ ਦਾ ਵਿਸ਼ਵ ਪ੍ਰੀਮੀਅਰ ਜੂਨ ’ਚ ਆਸਕਰ-ਯੋਗਤਾ ਟ੍ਰਿਬੇਕਾ ਫਿਲਮ ਫੈਸਟੀਵਲ ’ਚ ਹੋਇਆ ਸੀ। ਇਸ ਨੂੰ ਪਰਦੇ ’ਤੇ ਸਿੱਖਾਂ ਦੀ ਪ੍ਰਤੀਨਿਧਗੀ ਵਧਾਉਣ ਅਤੇ ਇਕ ਅਮਰੀਕੀ (ਅਤੇ ਇਕ ਸੁਪਰਹੀਰੋ) ਦੀ ਦਿਖ ਨੂੰ ਚੁਨੌਤੀ ਦੇਣ ਲਈ ਬਣਾਇਆ ਗਿਆ ਸੀ।

ਵਿਸ਼ਵਜੀਤ ਸਿੰਘ ਜਨਤਕ ਤੌਰ ’ਤੇ ‘ਸਿੱਖ ਕੈਪਟਨ ਅਮਰੀਕਾ’ ਵਜੋਂ ਮਸ਼ਹੂਰ ਹੈ, ਜੋ ਕਿ ਉਸ ਵਲੋਂ ਈਜਾਦ ਕੀਤਾ ਗਿਆ ਇਕ ਕਾਲਪਨਿਕ ਪਾਤਰ ਹੈ ਜੋ ਕੱਟੜਤਾ, ਅਸਹਿਣਸ਼ੀਲਤਾ ਅਤੇ ਅਮਰੀਕੀ ਦਿੱਖ ਦੀ ਧਾਰਨਾ ਵਿਰੁਧ ਲੜ ਰਿਹਾ ਹੈ। ਹਾਲਾਂਕਿ ਅਮਰੀਕਾ ’ਚ ਪੈਦਾ ਹੋਏ ਅਪਣੇ ਪਰਿਵਾਰ ਦੇ ਇੱਕਲੌਤੇ ਮੈਂਬਰ ਵਿਸ਼ਵਜੀਤ ਸਿੰਘ ਕਦੇ ਇਹ ਮਹਿਸੂਸ ਨਹੀਂ ਕੀਤਾ ਕਿ ਉਹ ਏਨੇ ਵੱਡੇ ਪੱਧਰ ’ਤੇ ਅਪਣੀ ਪਛਾਣ ਬਣਾ ਸਕੇਗਾ।

ਇਹ ਫ਼ਿਲਮ ਨਾ ਸਿਰਫ਼ ‘ਗੁੱਡ ਮਾਰਨਿੰਗ ਅਮਰੀਕਾ’ ਸ਼ੋਅ ’ਚ ਪ੍ਰਦਰਸ਼ਿਤ ਕੀਤੀ ਗਈ ਸੀ, ਸਗੋਂ ਸਿਰਫ਼ ਇਕ ਮਹੀਨੇ ’ਚ ਇਸ ਨੇ ਚਾਰ ਚੋਟੀ ਦੇ ਫ਼ ?ਲਮ ਪੁਰਸਕਾਰ ਵੀ ਜਿੱਤੇ ਸਨ, ਜਿਸ ’ਚ ਬਰਮਿੰਘਮ, ਅਲਾਬਾਮਾ ’ਚ ਸਾਈਡਵਾਕ ਫ਼ਿਲਮ



ਫੈਸਟੀਵਲ ’ਚ ਸਰਵੋਤਮ ਲਘੂ ਐਨੀਮੇਸ਼ਨ, ਸੈਨ ਡਿਏਗੋ ਅੰਤਰਰਾਸ਼ਟਰੀ ਫ਼ ?ਲਮ ਫੈਸਟੀਵਲ ’ਚ ਸਰਬੋਤਮ ਐਨੀਮੇਸ਼ਨ, ਸਿਆਟਲ ’ਚ ਤਸਵੀਰ ਫਿਲਮ ਫੈਸਟੀਵਲ ਵਿਖੇ ਬਿਹਤਰੀਨ ਸ਼ਾਰਟ ਦਸਤਾਵੇਜ਼ੀ ਫ਼ ?ਲਮ ਲਈ ਗ੍ਰੈਂਡ ਜਿਊਰੀ ਅਵਾਰਡ ਅਤੇ ਦਰਸ਼ਕਾਂ ਦੀ ਪਸੰਦ ਪੁਰਸਕਾਰ ਸ਼ਾਮਲ ਹਨ। ‘ਅਮੈਰੀਕਨ ਸਿੱਖ’ ਨੂੰ ਸ਼ਿਕਾਗੋ ਇੰਟਰਨੈਸ਼ਨਲ ਫਿਲਮ ਫੈਸਟੀਵਲ ’ਚ ਸਿਹਤਰੀਨ ਛੋਟੀ ਦਸਤਾਵੇਜ਼ੀ ਫ਼ਿਲਮ ’ਚ ਵਿਸ਼ੇਸ਼ ਸਨਮਾਨ ਅਤੇ ਟਾਲਗ੍ਰਾਸ ਫਿਲਮ ਫੈਸਟੀਵਲ ’ਚ ਇਕ ਸਨਮਾਨਯੋਗ ਜ਼ਿਕਰ ਵੀ ਮਿਲਿਆ। ਇਹ ਫਿਲਮ ਦੇ ਨਿਰਦੇਸ਼ਕ/ਨਿਰਮਾਤਾ ਵਿਸ਼ਵਜੀਤ ਸਿੰਘ ਹਨ ਅਤੇ ਇਸ ਨੂੰ ਲਾਸ ਏਂਜਲਸ-ਅਧਾਰਤ ਨਿਰਦੇਸ਼ਕ ਰਿਆਨ ਵੇਸਟਰਾ ਦੇ ਨਾਲ ਸਾਂਝੇਦਾਰੀ ’ਚ ਬਣਾਇਆ ਗਿਆ ਸੀ।

ਇਸ ਨੂੰ ਸਟੂਡੀਓ ਸ਼ੋਆਫ ਵਲੋਂ ਐਨੀਮੇਟ ਕੀਤਾ ਗਿਆ ਸੀ, ਜੋ ਇਕ ਮੈਲਬੌਰਨ-ਅਧਾਰਤ ਪ੍ਰੋਡਕਸ਼ਨ ਹਾਊਸ ਹੈ ਜਿਸ ਦੀ ਸਥਾਪਨਾ ਇਵਾਨ ਡਿਕਸਨ ਅਤੇ ਸੀਨ ਜ਼ਵਾਨ ਵਲੋਂ ਕੀਤੀ ਗਈ ਸੀ ਜਿਸ ਨੇ ਚਾਈਲਡਿਸ਼ ਗੈਂਬਿਨੋ, ਐਚ.ਬੀ.ਓ. ਅਤੇ ਕਾਰਟੂਨ ਨੈਟਵਰਕ ਲਈ ਕੰਮ ਤਿਆਰ ਕੀਤਾ ਹੈ।

# ਦੁਨੀਆ ’ਚ ਕਿਤੇ ਵੀ ਅੱਤਵਾਦੀ ਹਮਲਾ ਹੋਵੇ ਉਸ ਦਾ ਖਮਿਆਜਾ ਸਿੱਖਾਂ ਨੂੰ ਭੁਗਤਣਾ ਪੈਂਦਾ

ਨਿਊਯਾਰਕ : ਨਿਊਯਾਰਕ ਸ਼ਹਿਰ ਵਿਚ ਬੀਤੇ ਦਿਨੀਂ ਇੱਕ ਕਾਰ ਹਾਦਸੇ ਵਿਚ ਇਕ ਸਿੱਖ ਬਜ਼ੁਰਗ ਜਖ਼ਮੀ ਹੋ ਗਿਆ ਸੀ। ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਤੇ ਹੁਣ ਉਹਨਾਂ ਨੇ ਦਮ ਤੋੜ ਦਿੱਤਾ ਹੈ। ਦਰਅਸਲ ਸਿੱਖ ਬਜ਼ੁਰਗ ਜਸਮੇਰ ਸਿੰਘ (66) ਨੂੰ ਗੰਭੀਰ ਹਾਲਤ ਵਿਚ ਕੁਈਨਜ਼ ਦੇ ਜਮਾਇਕਾ ਹਸਪਤਾਲ ਦੇ ਮੈਡੀਕਲ ਸੈਂਟਰ ਵਿਚ ਲਿਜਾਇਆ ਗਿਆ, ਜਿੱਥੇ 19 ਅਕਤੂਬਰ ਨੂੰ ਹਮਲੇ ਤੋਂ ਇੱਕ ਦਿਨ ਬਾਅਦ ਉਨ੍ਹਾਂ ਦੀ ਦਿਮਾਗੀ ਸੱਟ ਕਾਰਨ ਮੌਤ ਹੋ ਗਈ।



ਨਿਊਯਾਰਕ-ਅਧਾਰਤ ਡੇਲੀ ਨਿਊਜ਼ ਮੁਤਾਬਕ ਗਿਲਬਰਟ ਔਗਸਟਿਨ ਨੂੰ 20 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ’ਤੇ ਹੋਰ ਛੋਟੇ ਦੋਸ਼ਾਂ ਦੇ ਨਾਲ-ਨਾਲ ਕਤਲ ਅਤੇ ਹਮਲੇ ਦੇ ਦੋਸ਼ ਲਾਏ ਗਏ ਸਨ। ਪੁਲਿਸ ਨੇ ਦੱਸਿਆ ਕਿ ਜਸਮੇਰ ਸਿੰਘ ਅਤੇ ਔਗਸਟਿਨ 19 ਅਕਤੂਬਰ ਨੂੰ ਦੁਪਹਿਰ 12 ਵਜੇ ਦੇ ਕਰੀਬ ਕੇਵ ਗਾਰਡਨ ਵਿਚ ਹਿਲਸਾਈਡ ਐਵੇਨਿਊ ਨੇੜੇ ਵੈਨ ਵਿਕ ਐਕਸਪ੍ਰੈਸਵੇਅ ’ਤੇ ਟਕਰਾ ਗਏ ਸਨ ਅਤੇ ਦੋਵਾਂ ਕਾਰਾਂ ’ਤੇ ਡੈਂਟ ਅਤੇ ਸਕ੍ਰੈਚ ਆ ਗਏ ਸਨ। ਸਰਕਾਰੀ ਵਕੀਲਾਂ ਨੇ ਗਵਾਹਾਂ ਦੇ ਹਵਾਲੇ ਨਾਲ ਕਿਹਾ ਕਿ ਉਨ੍ਹਾਂ ਨੇ ਇੱਕ ਵਿਅਕਤੀ ਨੂੰ “ਪੁਲਸ ਨਹੀਂ, ਕੋਈ ਪੁਲਸ ਨਹੀਂ” ਕਹਿੰਦੇ ਸੁਣਿਆ, ਜਦੋਂ ਸਿੰਘ ਨੇ 911 ’ਤੇ ਕਾਲ ਕੀਤੀ ਅਤੇ ਉਨ੍ਹਾਂ ਨੇ ਔਗਸਟਿਨ ਨੂੰ ਸਿੰਘ ਦੇ ਹੱਥੋਂ ਫ਼ੋਨ ਖੋਹਦੇ ਦੇਖਿਆ। ਡੇਲੀ ਨਿਊਜ਼ ਮੁਤਾਬਕ ਜਸਮੇਰ ਸਿੰਘ ਕਾਰ ਤੋਂ ਬਾਹਰ ਨਿਕਲੇ ਅਤੇ ਆਪਣਾ ਫ਼ੋਨ ਵਾਪਸ ਲੈਣ ਦੀ ਕੋਸ਼ਿਸ਼ ਵਿਚ ਔਗਸਟਿਨ ਦਾ ਪਿੱਛਾ ਕੀਤਾ। ਗਵਾਹਾਂ ਮੁਤਾਬਕ ਜਦੋਂ ਜਸਮੇਰ ਸਿੰਘ ਆਪਣਾ ਫ਼ੋਨ ਵਾਪਸ ਲੈਣ ਤੋਂ ਬਾਅਦ ਆਪਣੀ ਕਾਰ ਵੱਲ ਵਾਪਸ ਜਾ ਰਹੇ ਸੀ, ਤਾਂ ਔਗਸਟਿਨ ਨੇ ਉਨ੍ਹਾਂ ਦੇ ਸਿਰ ਅਤੇ ਚਿਹਰੇ ’ਤੇ 3 ਵਾਰ ਮੁੱਕਾ ਮਾਰਿਆ, ਜਿਸ ਨਾਲ ਜਸਮੇਰ ਸਿੰਘ ਜ਼ਮੀਨ ’ਤੇ ਡਿੱਗ ਗਏ ਅਤੇ ਉਨ੍ਹਾਂ ਦੇ ਸਿਰ ’ਤੇ ਸੱਟ ਲੱਗ ਗਈ, ਜਦੋਂ ਕਿ ਔਗਸਟਿਨ ਆਪਣੇ ਫੋਰਡ ਮਸਟੈਂਗ ਵਿਚ ਬੈਠ ਕੇ ਚਲਾ ਗਿਆ।

ਪੁਲਿਸ ਨੇ ਔਗਸਟਿਨ ਨੂੰ ਹਾਦਸੇ ਵਾਲੀ ਥਾਂ ਤੋਂ ਲਗਭਗ ਦੋ ਮੀਲ ਦੀ ਦੂਰੀ ’ਤੇ ਗ੍ਰਿਫ਼ਤਾਰ ਕੀਤਾ ਅਤੇ ਪਾਇਆ ਕਿ ਉਸ ਦੇ ਕੋਲ ਇੱਕ ਮੁਅੱਤਲ ਡਰਾਈਵਰ ਲਾਇਸੈਂਸ ਸੀ ਅਤੇ ਉਸ ਦੀ ਅਲਾਬਾਮਾ ਲਾਇਸੈਂਸ ਪਲੇਟ ਉਸ ਦੀ ਨਿਊਯਾਰਕ ਰਜਿਸਟ ?ਰੇਸ਼ਨ ਨਾਲ ਮੇਲ ਨਹੀਂ ਖਾਂਦੀ ਸੀ। 21 ਅਕਤੂਬਰ ਨੂੰ ਕੁਈਨਜ਼ ਵਿਚ ਇੱਕ ਮੁਕੱਦਮੇ ਤੋਂ ਬਾਅਦ ਔਗਸਟਿਨ ਨੂੰ ਬਿਨਾਂ ਜ਼ਮਾਨਤ ਦੇ ਹਿਰਾਸਤ ਵਿਚ ਰੱਖਿਆ ਗਿਆ। ਇਸ ਘਟਨਾ ’ਤੇ ਪ੍ਰਤੀਕਿਰਿਆ ਦਿੰਦੇ ਹੋਏ ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਐਤਵਾਰ ਨੂੰ ਕਿਹਾ ਕਿ ਉਹ ਘਟਨਾ ਤੋਂ ਬਾਅਦ ਭਾਈਚਾਰੇ ਦੀਆਂ ਜ਼ਰੂਰਤਾਂ ’ਤੇ ਚਰਚਾ ਕਰਨ ਲਈ ਇਸ ਹਫਤੇ ਸਿੱਖ ਨੇਤਾਵਾਂ ਨਾਲ ਮੁਲਾਕਾਤ ਕਰਨਗੇ। ਐਡਮਜ਼ ਨੇ ਸੋਸ਼ਲ ਮੀਡੀਆ ਪਲੇਟਫਾਰਮ X ’ਤੇ ਕਿਹਾ, ‘ਜਸਮੇਰ ਸਿੰਘ ਇਸ ਸ਼ਹਿਰ ਨੂੰ ਪਿਆਰ ਕਰਦੇ ਸਨ ਅਤੇ ਆਪਣੀ ਦੁਖਦਾਈ ਮੌਤ ਤੋਂ ਪਹਿਲਾਂ ਬਹੁਤ ਕੁੱਝ ਪਾਉਣ ਦੇ ਹੱਕਦਾਰ ਸਨ। ਅਸੀਂ ਉਸ ਨਫ਼ਰਤ ਨੂੰ ਅਸਵੀਕਾਰ ਕਰਦੇ ਹਾਂ, ਜਿਸ ਨੇ ਇਸ ਬੇਕਸੂਰ ਦੀ ਜਾਨ ਲੈ ਲਈ ਅਤੇ ਅਸੀਂ ਤੁਹਾਡੀ ਰੱਖਿਆ ਕਰਾਂਗੇ।’

# ਅਮਰੀਕਾ ਦੇ ਡੈਟਰਾਇਟ ਸ਼ਹਿਰ ’ਚ ਮਾਰੀ ਯਹੂਦੀ ਨੇਤਾ ਨੂੰ ਕੀਤਾ ਸਪੁਰਦੇ ਖਾਕ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਮਿਸ਼ੀਗਨ ਰਾਜ ਦੇ ਡੈਟਰਾਇਟ ਸ਼ਹਿਰ ਵਿਚ ਇਕ ਅਣਪਛਾਤੇ ਹਮਲਾਵਰ ਦੇ ਹਮਲੇ ਵਿਚ ਮਾਰੀ ਗਈ ਯਹੂਦੀ ਨੇਤਾ ਸਮੰਥਾ ਵੌਲ ਜੋ ਡੈਟਰਾਇਟ ਸਿਨਾਗਾਗ ਬੋਰਡ ਦੀ ਪ੍ਰਧਾਨ ਸੀ, ਦੀਆਂ ਅੰਤਿਮ ਰਸਮਾਂ ਮੌਕੇ ਭਾਰੀ ਤਦਾਦ ਵਿਚ ਲੋਕ ਇਕੱਠੇ ਹੋਏ ਜਿਥੇ ਵਿਛੜੀ ਆਗੂ ਨੂੰ ਸ਼ਰਧਾਂਜਲੀ ਦਿੱਤੀ ਗਈ। ਬੀਤੇ ਦਿਨ ਸਮੰਥਾ ਵੌਲ ਦੀ ਉਸ ਦੇ ਘਰ ਵਿਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਉਪਰ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ। ਇਸੇ ਦੌਰਾਨ ਜਾਂਚਕਾਰਾਂ ਨੇ ਕਿਹਾ ਹੈ ਲੱਗਦਾ ਹੈ ਕਿ ਇਹ ਭਿਆਨਕ ਅਪਰਾਧ ਨਸਲੀ ਹਿੰਸਾ ਤੋਂ ਪ੍ਰੇਰਤ ਨਹੀਂ ਹੈ। ਪੁਲਿਸ ਮੁਖੀ ਜੇਮਜ ਵਾਈਟ ਨੇ ਕਿਹਾ ਹੈ ਕਿ ਸ਼ੁਰੂਆਤੀ ਸੰਕੇਤ ਤੋਂ ਪਤਾ ਲੱਗਦਾ ਹੈ ਕਿ ਇਹ ਹੱਤਿਆ ਨਫਰਤੀ ਅਪਰਾਧ ਨਹੀਂ ਹੈ। ਉਨਾਂ ਕਿਹਾ ਕਿ ਜਾਂਚਕਾਰ ਐਫ ਬੀ ਆਈ ਨਾਲ ਮਿਲ ਕੇ ਕੰਮ ਕਰ ਰਹੇ ਹਨ ਤੇ ਇਸ ਸਬੰਧੀ ਹੋਰ ਜਾਣਕਾਰੀ ਛੇਤੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ 40 ਸਾਲਾ ਸਮੰਥਾ ਵੌਲ ਇਸਾਕ ਐਗਰੀ ਡਾਊਨਟਾਊਨ ਡੈਟਰਾਇਟ ਸਿਨਾਗਾਗ ਦੀ ਪ੍ਰਧਾਨ ਹੋਣ ਦਾ ਨਾਲ ਨਾਲ ਸਥਾਨਕ , ਰਾਜ ਤੇ ਰਾਸ਼ਟਰੀ ਪੱਧਰ ’ਤੇ ਰਾਜਨੀਤੀ ਵਿਚ ਸਰਗਰਮ ਸੀ।




American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਜੂਨ '84 ਦਾ ਹਮਲਾ ਦੁਨੀਆ ਦੇ ਇਤਿਹਾਸ 'ਚ ਕਾਲਾ ਧੱਬਾ : ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ: ਜੂਨ 1984 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਗ੍ਰਿਫ਼ਤਾਰ ਕਰ ਕੇ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਰੱਖੇ ਗਏ ਸਿੱਖਾਂ ਦੇ ਕੇਸਾਂ ਦੀ ਪੈਰਵਾਈ ਕਰਨ ਵਾਲੇ ਵਕੀਲਾਂ ਅਤੇ ਹੋਰਨਾਂ ਸਹਿਯੋਗੀ ਸ਼ਖ਼ਸੀਅਤਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਇਨ੍ਹਾਂ ਸਨਮਾਨਿਤ ਸ਼ਖ਼ਸੀਅਤਾਂ ਵਿਚ ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਐਡਵੋਕੇਟ ਲਖਵੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਸਤਬੀਰ ਸਿੰਘ ਧਾਮੀ ਅਤੇ ਦਲੀਪ ਸਿੰਘ ਜਗਦੇਵ ਕਲਾਂ ਸ਼ਾਮਲ ਹਨ। ਇਸ ਤੋਂ ਇਲਾਵਾ ਮੌਜੂਦਾ ਸਮੇਂ ਜੇਲ੍ਹਾਂ 'ਚ ਨਜ਼ਰਬੰਦ ਬੇਕਸੂਰ ਸਿੱਖ ਨੌਜੁਆਨਾਂ ਦੇ ਕੇਸਾਂ ਦੀ ਪੈਰਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੂੰ ਵੀ ਸਨਮਾਨਿਤ ਕੀਤਾ ਗਿਆ। ਸਨਮਾਨਿਤ ਸ਼ਖ਼ਸੀਅਤਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ, ਲੋਈ, ਸ੍ਰੀ ਸਾਹਿਬ ਤੇ ਨਾਲ ਸਨਮਾਨਿਤ ਕੀਤਾ ਗਿਆ।



ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਨੂੰ ਸਰਕਾਰਾਂ ਵੱਲੋਂ ਸਮੇਂ-ਸਮੇਂ ਨਿਸ਼ਾਨੇ 'ਤੇ ਲਿਆ ਜਾਂਦਾ ਰਿਹਾ ਹੈ ਅਤੇ ਇਸ ਦੌਰਾਨ ਸਿੱਖਾਂ ਨਾਲ ਧੱਕੇਸ਼ਾਹੀ ਦੀ ਪੀੜਾ ਕੌਮ ਕਦੇ ਨਹੀਂ ਭੁੱਲ ਸਕਦੀ। ਜੂਨ 1984 ਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਸਰਕਾਰੀ ਹਮਲਾ ਦੁਨੀਆ ਦੇ ਇਤਿਹਾਸ 'ਚ ਕਾਲਾ ਧੱਬਾ ਹੈ। ਉਨ੍ਹਾਂ ਕਿਹਾ ਕਿ ਇਸ ਹਮਲੇ ਦੌਰਾਨ ਜਿੱਥੇ ਪਾਵਨ ਗੁਰ-ਅਸਥਾਨਾਂ ਦਾ ਵੱਡਾ ਨੁਕਸਾਨ ਕੀਤਾ ਗਿਆ ਅਤੇ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ, ਉਥੇ ਹੀ ਵੱਡੀ ਗਿਣਤੀ 'ਚ ਸਿੱਖ ਜੇਲ੍ਹਾਂ ਅੰਦਰ ਵੀ ਬੰਦ ਰੱਖੇ ਗਏ। ਇਸ ਸਮੇਂ ਜੋਧਪੁਰ ਜੇਲ੍ਹ ਵਿਚ ਵੀ 379 ਸਿੱਖਾਂ ਨੂੰ ਆਪਣੇ ਜੀਵਨ ਦਾ ਅਹਿਮ ਹਿੱਸਾ ਬਤੀਤ ਕਰਨਾ ਪਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿੱਖ ਬੰਦੀਆਂ ਦੇ ਮਾਮਲਿਆਂ ਦੀ ਪੈਰਵਾਈ ਲਈ ਸ਼੍ਰੋਮਣੀ ਕਮੇਟੀ ਦਾ ਸਹਿਯੋਗ ਕਰਦਿਆਂ ਜਿਨ੍ਹਾਂ ਸ਼ਖ਼ਸੀਅਤਾਂ ਨੇ ਅਹਿਮ ਰੋਲ ਨਿਭਾਇਆ ਹੈ, ਉਨ੍ਹਾਂ ਦਾ ਸਿੱਖ ਕੌਮ ਅੰਦਰ ਵੱਡਾ ਸਤਿਕਾਰ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਮੌਜੂਦਾ ਸਮੇਂ ਵੀ ਸਰਕਾਰੀ ਧੱਕੇਸ਼ਾਹੀ ਦਾ ਸ਼ਿਕਾਰ ਹੋਏ ਸਿੱਖਾਂ ਦੇ ਕੇਸਾਂ 'ਤੇ ਕਾਰਜ ਕਰ ਰਹੀ ਹੈ ਅਤੇ ਭਵਿੱਖ ਅੰਦਰ ਵੀ ਆਪਣਾ ਫ਼ਰਜ਼ ਨਿਭਾਉਂਦੀ ਰਹੇਗੀ। ਇਸ ਮੌਕੇ ਸ਼ ?ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਜੋਧਪੁਰ ਜੇਲ੍ਹ ਵਿਚ ਬਿਤਾਏ ਸਮੇਂ ਨੂੰ ਯਾਦ ਕਰਦਿਆਂ ਸਰਕਾਰਾਂ ਦੇ ਜਬਰ ਦੀ ਕਰੜੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਅੱਜ ਸਨਮਾਨਿਤ ਕੀਤੀਆਂ ਗਈਆਂ ਸ਼ਖ਼ਸੀਅਤਾਂ ਨੇ ਸ਼੍ਰੋਮਣੀ ਕਮੇਟੀ ਦਾ ਸਹਿਯੋਗ ਕੀਤਾ, ਜਿਸ ਸਦਕਾ ਉਨ੍ਹਾਂ ਦੀ ਰਿਹਾਈ ਸੰਭਵ ਹੋ ਸਕੀ।

ਇਸ ਦੌਰਾਨ ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ ਨੇ ਜੋਧਪੁਰ ਬੰਦੀਆਂ ਦੇ ਕੇਸਾਂ ਦੀ ਪੈਰਵਾਈ ਕਰਦਿਆਂ ਆਈਆਂ ਮੁਸ਼ਕਲਾਂ ਦਾ ਖ਼ੁਲਾਸਾ ਕੀਤਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੇ ਸਨਮਾਨ ਦੇ ਉਪਰਾਲੇ ਲਈ ਧੰਨਵਾਦ ਕੀਤਾ। ਐਡਵੋਕੇਟ ਹੁੰਦਲ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਜੋਧਪੁਰ ਮਾਮਲੇ ਸਬੰਧੀ ਖੋਜ ਕਾਰਜ ਅਤੇ ਸਬੰਧਤਾਂ ਦੀਆਂ ਯਾਦਾਂ ਨੂੰ ਕਿਤਾਬੀ ਰੂਪ ਵਿਚ ਸੰਭਾਲਣ ਦੀ ਵੀ ਮੰਗ ਕੀਤੀ, ਜਿਸ 'ਤੇ ਐਡਵੋਕੇਟ ਧਾਮੀ ਨੇ ਹਾਂਪੱਖੀ ਹੁੰਗਾਰਾ ਭਰਿਆ। ਇਸ ਮੌਕੇ ਸ਼ ?ਰੋਮਣੀ ਕਮੇਟੀ ਦੇ ਅੰਤਿ ?ਰੰਗ ਕਮੇਟੀ ਮੈਂਬਰ ਪਰਮਜੀਤ ਸਿੰਘ ਖਾਲਸਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਬੀਬੀ ਜੋਗਿੰਦਰ ਕੌਰ, ਹਰਪਾਲ ਸਿੰਘ ਜੱਲਾ, ਸ਼ ?ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਸਰਨਾ ਦਿੱਲੀ, ਸਿੱਖ ਵਿਦਵਾਨ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ, ਐਡਵੋਕੇਟ ਜਸਬੀਰ ਸਿੰਘ ਘੁੰਮਣ, ਸਕੱਤਰ ਪ੍ਰਤਾਪ ਸਿੰਘ, ਇੰਜੀ. ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਤੇਜਿੰਦਰ ਸਿੰਘ ਪੱਡਾ, ਪ੍ਰੀਤਪਾਲ ਸਿੰਘ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਜਸਵਿੰਦਰ ਸਿੰਘ ਜੱਸੀ, ਸ਼ਾਹਬਾਜ਼ ਸਿੰਘ, ਗੁਰਨਾਮ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਮਨਜੀਤ ਸਿੰਘ ਤਲਵੰਡੀ, ਸੁਖਬੀਰ ਸਿੰਘ, ਨਿਸ਼ਾਨ ਸਿੰਘ, ਇਕਬਾਲ ਸਿੰਘ ਮੁਖੀ ਆਦਿ ਹਾਜ਼ਰ ਸਨ।

## ਦੀਵਾਲੀ ਤਿਓਹਾਰ ਹਨੇਰਿਆਂ ਨੂੰ ਦੂਰ ਕਰਨ ਤੇ ਚਾਰ ਚੁਫੇਰੇ ਰੋਸ਼ਨੀ ਫੈਲਾਉਣ ਦਾ ਪ੍ਰਤੀਕ ਮੇਅਰ ਏਰਿਕ ਐਡਮਜ



ਮੇਅਰ ਏਰਿਕ ਐਡਮਜ ਕਲਾਕਾਰਾਂ ਨਾਲ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਦੀਵਾਲੀ ਜਸ਼ਨਾਂ ਸਬੰਧੀ ਪੀਪਲਜ ਹਾਊਸ ਵਿਚ ਹੋਏ ਇਕ ਸਮਾਗਮ ਵਿਚ ਹਿੰਸਾ ਲੈਂਦਿਆਂ ਨਿਊਯਾਰਕ ਸਿਟੀ ਮੇਅਰ ਏਰਿਕ ਐਡਮਜ ਨੇ ਕਿਹਾ ਹੈ ਕਿ ਦਿਵਾਲੀ ਬਦੀ ਉਪਰ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ। ਦਿਵਾਲੀ ਹਨੇਰਿਆਂ ਨੂੰ ਦੂਰ ਕਰਨ ਤੇ ਚਾਰ ਚੁਫੇਰੇ ਰੋਸ਼ਨੀ ਫੈਲਾਉਣ ਵਾਲਾ ਦਿਵਸ ਹੈ। ਸੋਸ਼ਲ ਮੀਡੀਆ 'ਤੇ ਪਾਈ ਇਕ ਪੋਸਟ ਵਿਚ ਏਰਿਕ ਐਡਮਜ ਨੇ ਹਿੰਦੂ ਭਾਈਚਾਰੇ ਨਾਲ ਦਿਵਾਲੀ ਮਨਾਉਣ ਦਾ ਜਿਕਰ ਕਰਦਿਆਂ ਕਿਹਾ ਹੈ ਕਿ "ਦਿਵਾਲੀ ਦਾ ਦਿਵਸ ਕੇਵਲ ਇਕ ਛੁੱਟੀ ਹੀ ਨਹੀਂ ਹੈ ਬਲਕਿ ਇਹ ਦਿਨ ਸਾਨੂੰ ਯਾਦ ਕਰਵਾਉਂਦਾ ਹੈ ਕਿ ਹਨੇਰਿਆਂ ਨੂੰ ਦੂਰ ਕਰਕੇ ਚਾਰੇ ਪਾਸੇ ਰੋਸ਼ਨੀ ਦਾ ਪਸਾਰ ਕੀਤਾ ਜਾਵੇ। ਪੀਪਲਜ ਹਾਊਸ ਵਿਚ ਹਿੰਦੂ ਭਾਈਚਾਰੇ ਦਾ ਸਵਾਗਤ ਕਰਨ ਤੇ ਉਨਾਂ ਨਾਲ ਇਕਜੁੱਟਤਾ ਪ੍ਰਗਟਾਉਣ ਉਪਰ ਮੈਨੂੰ ਮਾਣ ਹੈ।" ਇਸ ਤੋਂ ਪਹਿਲਾਂ ਜੂਨ ਵਿਚ ਮੇਅਰ ਨੇ ਦਿਵਾਲੀ ਦੇ ਅਵਸਰ 'ਤੇ ਨਿਊਯਾਰਕ ਦੇ ਸਕੂਲਾਂ ਵਿਚ ਛੁੱਟੀ ਕਰਨ ਦਾ ਐਲਾਨ ਕੀਤਾ ਸੀ।

## ਹਾਲੀਵੁੱਡ ਦੀਆਂ ਮਸ਼ਹੂਰ ਹਸਤੀਆਂ ਨੇ ਬਾਈਡੇਨ ਨੂੰ ਇਜ਼ਰਾਈਲੀ-ਫਲਸਤੀਨੀ ਹਿੰਸਾ ਨੂੰ ਰੋਕਣ 'ਚ ਮਦਦ ਕਰਨ ਲਈ ਕਿਹਾ

ਲਾਸ ਏਂਜਲਸ : ਹਾਲੀਵੁੱਡ ਦੀਆਂ ਮਸ਼ਹੂਰ ਹਸਤੀਆਂ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਇਕ ਖੁੱਲ੍ਹਾ ਪੱਤਰ ਲਿਖਿਆ ਹੈ, ਜਿਸ 'ਚ ਉਨ੍ਹਾਂ ਨੂੰ ਇਜ਼ਰਾਈਲ-ਫਲਸਤੀਨੀ ਹਿੰਸਾ ਨੂੰ ਰੋਕਣ 'ਚ ਮਦਦ ਕਰਨ ਦੀ ਅਪੀਲ ਕੀਤੀ ਗਈ ਹੈ।



ਪੱਤਰ 'ਚ ਕਿਹਾ ਗਿਆ ਹੈ, "ਅਸੀਂ ਚਾਹੁੰਦੇ ਹਾਂ ਕਿ ਅਮਰੀਕਾ ਦੇ ਰਾਸ਼ਟਰਪਤੀ ਹੋਣ ਦੇ ਨਾਤੇ ਤੁਸੀਂ ਗਾਜ਼ਾ ਤੇ ਇਜ਼ਰਾਈਲ 'ਚ ਇਕ ਹੋਰ ਜਾਨ ਗੁਆਉਣ ਤੋਂ ਪਹਿਲਾਂ ਤੁਰੰਤ ਤਣਾਅ ਘੱਟ ਕਰਨ ਤੇ ਜੰਗਬੰਦੀ ਦੀ ਮੰਗ ਕਰੋ।" 95 ਮਸ਼ਹੂਰ ਹਸਤੀਆਂ ਨੇ ਇਸ ਖੁੱਲ੍ਹੇ ਪੱਤਰ 'ਤੇ ਦਸਤਖ਼ਤ ਕੀਤੇ ਸਨ। ਪੱਤਰ 'ਚ ਕਿਹਾ ਗਿਆ ਹੈ, "ਸਾਰਾ ਜੀਵਨ ਪਵਿੱਤਰ ਹੈ, ਧਰਮ ਜਾਂ ਨਸਲ ਦੀ ਪਰਵਾਹ ਕੀਤੇ ਬਿਨਾਂ। ਅਸੀਂ ਫਲਸਤੀਨੀ ਤੇ ਇਜ਼ਰਾਈਲੀ ਨਾਗਰਿਕਾਂ ਦੀ ਹੱਤਿਆ ਦੀ ਨਿੰਦਿਆ ਕਰਦੇ ਹਾਂ।" ਯੂਨੀਸੇਫ ਦੇ ਬੁਲਾਰੇ ਜੇਮਜ਼ ਐਲਡਰ ਦੇ ਹਵਾਲੇ ਨਾਲ ਪੱਤਰ 'ਚ ਕਿਹਾ ਗਿਆ ਹੈ, "ਮਨੁੱਖਤਾਵਾਦੀ ਸਹਾਇਤਾ ਨੂੰ ਉਨ੍ਹਾਂ ਤੱਕ ਪਹੁੰਚਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਹਵਾਈ ਹਮਲਿਆਂ ਤੇ ਸਾਰੇ ਸਪਲਾਈ ਰੂਟਾਂ ਨੂੰ ਕੱਟਣ ਤੋਂ ਬਾਅਦ ਗਾਜ਼ਾ 'ਚ ਬੱਚਿਆਂ ਤੇ ਪਰਿਵਾਰਾਂ ਨੇ ਭੋਜਨ, ਪਾਣੀ, ਬਿਜਲੀ, ਦਵਾਈ ਤੇ ਹਸਪਤਾਲਾਂ ਤੱਕ ਸੁਰੱਖਿਅਤ ਪਹੁੰਚ ਤੋਂ ਵਿਵਹਾਰਕ ਤੌਰ 'ਤੇ ਪਹੁੰਚ ਗੁਆ ਦਿੱਤੀ ਹੈ।" ਪੱਤਰ 'ਤੇ ਦਸਤਖ਼ਤ ਕਰਨ ਵਾਲਿਆਂ ਨੂੰ ਉਮੀਦ ਹੈ ਕਿ ਬਾਈਡੇਨ ਨੂੰ ਉਨ੍ਹਾਂ ਦਾ ਪੱਤਰ ਮਦਦ ਕਰੇਗਾ ਤੇ ਤੁਰੰਤ ਮਾਨਵਤਾਵਾਦੀ ਕਾਰਵਾਈ ਲਈ ਪ੍ਰੇਰਿਤ ਕਰੇ।

## ਬੰਧਕਾਂ ਨੂੰ ਰਿਹਾਅ ਕਰਨ ਮਗਰੋਂ ਹੀ ਹੋਵੇਗੀ ਹਮਾਸ ਨਾਲ ਗੱਲਬਾਤ : ਬਾਈਡਨ

ਵਾਸ਼ਿੰਗਟਨ : ਇਜ਼ਰਾਈਲ-ਹਮਾਸ ਵਿਚਾਲੇ ਚੱਲ ਰਹੀ ਜੰਗ 'ਚ ਹੁਣ ਤੱਕ ਕਰੀਬ 1400 ਇਜ਼ਰਾਇਲੀ ਅਤੇ ਪੰਜ ਹਜ਼ਾਰ ਦੇ ਕਰੀਬ ਫਲਸਤੀਨੀ ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ। ਹਮਾਸ ਦੇ ਅੱਤਵਾਦੀਆਂ ਨੇ ਸੈਂਕੜੇ ਇਜ਼ਰਾਇਲੀ ਨਾਗਰਿਕਾਂ ਨੂੰ ਬੰਧਕ ਬਣਾ ਲਿਆ ਹੈ। ਇਜ਼ਰਾਇਲ 'ਤੇ ਹਮਾਸ ਦੇ ਅੱਤਵਾਦੀਆਂ ਦੇ ਹਮਲੇ ਤੋਂ ਬਾਅਦ, ਇਜ਼ਰਾਈਲ ਗਾਜ਼ਾ ਪੱਟੀ 'ਤੇ ਲਗਾਤਾਰ ਹਮਲੇ ਕਰ ਰਿਹਾ ਹੈ। ਹਾਲਾਂਕਿ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਲੇ ਦੇ ਬਾਅਦ ਤੋਂ ਅਮਰੀਕੀ ਰਾਸ਼ਟਰਪਤੀ ਲਗਾਤਾਰ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਸੰਪਰਕ 'ਚ ਹਨ। ਹੁਣ ਇਸ ਸੰਘਰਸ਼ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਗਾਜ਼ਾ ਜੰਗਬੰਦੀ 'ਤੇ ਕੋਈ ਵੀ ਚਰਚਾ ਉਦੋਂ ਹੀ ਹੋਵੇਗੀ ਜਦੋਂ ਹਮਾਸ ਦੇ ਅੱਤਵਾਦੀ ਬੰਧਕ ਬਣਾਏ ਗਏ ਇਜ਼ਰਾਈਲੀ ਨਾਗਰਿਕਾਂ ਨੂੰ ਰਿਹਾਅ ਕਰਨਗੇ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਸਾਨੂੰ ਉਨ੍ਹਾਂ ਬੰਧਕਾਂ ਨੂੰ ਰਿਹਾਅ ਕਰਵਾਉਣਾ ਚਾਹੀਦਾ ਹੈ ਅਤੇ ਫਿਰ ਅਸੀਂ ਗੱਲ ਕਰ ਸਕਦੇ ਹਾਂ।' ਉਨ੍ਹਾਂ ਦਾ ਇਹ ਬਿਆਨ ਉਦੋਂ ਆਇਆ ਜਦੋਂ ਹਮਾਸ ਨੇ ਦੋ ਇਜ਼ਰਾਇਲੀ ਨਾਗਰਿਕਾਂ ਦੀ ਰਿਹਾਈ ਦੀ ਜਾਣਕਾਰੀ ਦਿੱਤੀ। ਹਮਾਸ ਨੇ ਸ਼ੁੱਕਰਵਾਰ ਨੂੰ ਜੂਡਿਥ ਅਤੇ ਉਸ ਦੀ ਬੇਟੀ ਰਾਨਾਨ ਨੂੰ ਰਿਹਾਅ ਕਰ ਦਿੱਤਾ। ਇਜ਼ਰਾਈਲ ਨੇ ਸੋਮਵਾਰ ਨੂੰ ਹਮਾਸ ਦੁਆਰਾ ਦੱਖਣੀ ਇਜ਼ਰਾਈਲ ਦੀ ਸਰਹੱਦ ਪਾਰ ਕਰਨ ਅਤੇ ਕਿਬੁਟਜ਼ ਕਸਬਿਆਂ 'ਤੇ ਗੋਲੀਬਾਰੀ ਕਰਨ ਤੋਂ ਬਾਅਦ ਅੱਤਵਾਦੀਆਂ ਦੁਆਰਾ ਬੰਧਕ ਬਣਾਏ ਗਏ ਨਾਗਰਿਕਾਂ ਦੀ ਗਿਣਤੀ ਵਧਾ ਕੇ 222 ਕਰ ਦਿੱਤੀ ਹੈ।



ਇਜ਼ਰਾਇਲੀ ਅਧਿਕਾਰੀ ਨੇ ਦੱਸਿਆ ਕਿ ਹਮਾਸ ਦੇ ਅੱਤਵਾਦੀਆਂ ਨੇ ਹੁਣ ਤੱਕ ਕਰੀਬ 1400 ਇਜ਼ਰਾਇਲੀ ਨਾਗਰਿਕਾਂ ਨੂੰ ਮਾਰ ਦਿੱਤਾ ਹੈ। ਜਵਾਬੀ ਕਾਰਵਾਈ 'ਚ ਇਜ਼ਰਾਈਲ ਨੇ ਗਾਜ਼ਾ 'ਚ ਬੰਬ ਹਮਲਾ ਕੀਤਾ, ਜਿਸ 'ਚ ਕਰੀਬ 5000 ਲੋਕ ਮਾਰੇ ਗਏ। ਇਸ ਵਿਵਾਦ ਦੇ ਵਿਚਕਾਰ ਅਮਰੀਕੀ ਰਾਸ਼ਟਰਪਤੀ ਨੇ ਇਸ ਮੁੱਦੇ 'ਤੇ ਪੋਪ ਫਰਾਂਸਿਸ ਨਾਲ ਗੱਲ ਕੀਤੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਪੋਪ ਅਤੇ ਮੈਂ ਇਕ ਹੀ ਵਿਚਾਰ 'ਤੇ ਹਾਂ। ਅਸੀਂ ਜੋ ਕਰ ਰਹੇ ਹਾਂ ਉਸ ਵਿੱਚ ਉਹ ਬਹੁਤ ਦਿਲਚਸਪੀ ਰੱਖਦੇ ਹਨ। ਇਸ ਦੌਰਾਨ ਜੋਅ ਬਾਈਡਨ ਨੇ ਇਜ਼ਰਾਈਲ ਦੇ ਸਮਰਥਨ ਵਿੱਚ ਆਪਣੀ ਗੇਮ ਪਲਾਨ ਦਾ ਵੀ ਜ਼ਿਕਰ ਕੀਤਾ। ਜਿਸ ਵਿੱਚ ਪੋਪ ਵੱਲੋਂ ਵੀ ਸਹਿਯੋਗ ਦਿੱਤਾ ਗਿਆ।

## ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੁੱਖ ਵਿਰੋਧੀ ਵਜੋਂ ਉਭਰੀ ਭਾਰਤੀ ਮੂਲ ਦੀ ਨਿੱਕੀ ਹੈਲੀ

ਵਾਸ਼ਿੰਗਟਨ : ਅਮਰੀਕਾ ਦੇ ਰਸ਼ਟਰਪਤੀ ਅਹੁਦੇ ਦੀ ਚੋਣ ਦੀ ਦੌੜ ਵਿਚ ਸ਼ਾਮਲ ਰਿਪਬਲਿਕਨ ਪਾਰਟੀ ਦੀ ਉਮੀਦਵਾਰ ਭਾਰਤੀ ਮੂਲ ਦੀ ਨਿੱਕੀ ਹੈਲੀ ਨੇ ਤੇਜ਼ੀ ਨਾਲ ਤਰੱਕੀ ਕੀਤੀ ਹੈ। ਹਾਲ ਹੀ ਵਿਚ ਹੋਈ ਦੋ ਡਿਬੇਟ ਤੋਂ ਬਾਅਦ, ਉਹ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੁੱਖ ਵਿਰੋਧੀ ਵਜੋਂ ਉਭਰੀ ਹੈ। ਟਰੰਪ ਨੂੰ ਨਿਊ ਹੈਂਪਸ਼ਾਇਰ ਅਤੇ ਸਾਊਥ ਕੈਰੋਲੀਨਾ ਦੀਆਂ ਦੋ ਸ਼ੁਰੂਆਤੀ ਨਾਮਜ਼ਦਗੀ ਦਾਅਵੇਦਾਰੀ ਵਿੱਚ ਬੜ੍ਹਤ ਹਾਸਲ ਹੈ। ਇਸ 'ਚ ਹੈਲੀ ਦੂਜੇ ਸਥਾਨ 'ਤੇ ਰਹੀ। ਉਨ੍ਹਾਂ ਨੂੰ ਫਲੋਰਿਡਾ ਦੇ ਗਵਰਨਰ ਰੌਨ ਡੀਸੈਂਟਿਸ ਤੋਂ ਵੀ ਬਹੁਤ ਅੱਗੇ ਦੱਸਿਆ ਗਿਆ ਹੈ। ਨਿਊ ਹੈਂਪਸ਼ਾਇਰ ਵਿੱਚ, ਹੈਲੀ ਨੂੰ 19 ਫ਼ੀਸਦੀ ਵੋਟ ਮਿਲੇ, ਜਦੋਂ ਕਿ ਡੀਸੈਂਟਿਸ ਨੂੰ 10 ਫ਼ੀਸਦੀ। ਟਰੰਪ 49 ਫ਼ੀਸਦੀ ਸਮਰਥਨ ਪ੍ਰਾਪਤ ਕਰਕੇ ਸਭ ਤੋਂ ਅੱਗੇ ਰਹੇ।



ਇੱਕ ਨਵੇਂ ਸਰਵੇਖਣ ਅਨੁਸਾਰ, ਹੈਲੀ ਇੱਕਲੌਤੀ ਰਿਪਬਲਿਕਨ ਉਮੀਦਵਾਰ ਹੈ, ਜੋ ਡੈਮੋਕ੍ਰੇਟਿਕ ਰਾਸ਼ਟਰਪਤੀ ਜੋਅ ਬਾਈਡੇਨ ਨਾਲ ਇੱਕ ਕਾਲਪਨਿਕ ਮੁਕਾਬਲੇ ਵਿੱਚ ਅੱਗੇ ਚੱਲ ਰਹੀ ਹੈ।

# ਸਾਰੀ ਉਮਰ ਪੰਥ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਤਿੰਨ ਮਹਾਨ ਪ੍ਰਚਾਰਕਾਂ ਦੀਆਂ ਤਸਵੀਰਾਂ ਕੇਂਦਰੀ ਅਜਾਇਬ ਘਰ 'ਚ ਸਥਾਪਤ



ਸੁਰਿੰਦਰ ਸਿੰਘ ਅਟਾਰੀਵਾਲਾ ਤੇ ਇੰਦਰ ਸਿੰਘ ਜੰਮੂ (ਯੂ.ਕੇ.) ਦੀਆਂ ਤਸਵੀਰਾਂ ਤੋਂਪਰਦਾ ਹਟਾਉਣ ਸਮੇਂ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ। ਨਾਲ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਯੂ.ਕੇ., ਐਡਵੋਕੇਟ ਜਸਬੀਰ ਸਿੰਘ ਘੁੰਮਣ ਤੇ ਹਰ।



ਭਾਈ ਸੀਤਲ ਸਿੰਘ ਸਿਤਾਰਾ (ਯੂ.ਕੇ.) ਦੀ ਤਸਵੀਰ ਤੋਂ ਪਰਦਾ ਹਟਾਉਣ ਸਮੇਂ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ : ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸ਼੍ਰੋਮਣੀ ਕਮੇਟੀ ਵਲੋਂ ਪਿਛਲੇ ਸਮੇਂ ਵਿਚ ਯੂ. ਕੇ. ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਹਿਮ ਯੋਗਦਾਨ ਪਾਉਣ ਵਾਲੀਆਂ ਤੇ ਹੁਣ ਗੁਰਪੁਰਵਾਸੀ ਤਿੰਨ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਭਾਈ ਸੀਤਲ ਸਿੰਘ ਸਿਤਾਰਾ (ਯੂ. ਕੇ.), ਸੁਰਿੰਦਰ ਸਿੰਘ ਅਟਾਰੀਵਾਲਾ ਤੇ ਇੰਦਰ ਸਿੰਘ ਜੰਮੂ (ਯੂ. ਕੇ.) ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਹੋਰਨਾਂ ਸ਼ਖ਼ਸੀਅਤਾਂ ਨੇ ਅਦਾ ਕੀਤੀ। ਇਸ ਮੌਕੇ ਐਡਵੋਕੇਟ ਧਾਮੀ ਨੇ ਦੱਸਿਆ ਕਿ ਭਾਈ ਸੀਤਲ ਸਿੰਘ ਸਿਤਾਰਾ ਨੇ ਅੱਖਾਂ ਦੀ ਰੌਸ਼ਨੀ ਨਾ ਹੋਣ ਦੇ ਬਾਵਜੂਦ ਵੀ ਗੁਰਮਤਿ ਸੰਗੀਤ ਦੀ ਵਿੱਦਿਆ ਹਾਸਲ ਕੀਤੀ ਅਤੇ ਸੈਂਕੜੇ ਸਿੱਖ ਨੌਜੁਆਨਾਂ ਅਤੇ ਬੱਚਿਆਂ ਨੂੰ ਗੁਰਬਾਣੀ ਕੀਰਤਨ ਦੀ ਸਿਖਲਾਈ ਦਿੱਤੀ। ਭਾਈ ਸੁਰਿੰਦਰ ਸਿੰਘ ਅਟਾਰੀਵਾਲਾ ਬਾਰੇ ਉਨ੍ਹਾਂ ਕਿਹਾ ਕਿ ਯੂ. ਕੇ. ਅੰਦਰ ਦਸਤਾਰਧਾਰੀ ਸਾਬਤ ਸੂਰਤ ਸਿੱਖ ਵਜੋਂ ਉਨ੍ਹਾਂ ਨੇ ਅਧਿਆਪਨ ਦਾ ਕਾਰਜ ਕਰਦਿਆਂ ਪੰਜਾਬੀ ਭਾਸ਼ਾ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ। ਉਥੋਂ ਦੇ ਸਰਕਾਰੀ ਸਕੂਲਾਂ ਅੰਦਰ ਯੂਰਪੀ ਬੋਲੀਆਂ ਦੇ ਨਾਲ-ਨਾਲ ਪੰਜਾਬੀ ਬੋਲੀ ਪੜ੍ਹਾਉਣ ਵਾਸਤੇ ਸਾਰਥਿਕ ਉਪਰਾਲੇ ਕੀਤੇ, ਜਿਸ ਦੇ ਨਤੀਜੇ ਵਜੋਂ ਨਵੀਂ ਪੀੜ੍ਹੀ ਪੰਜਾਬੀ ਭਾਸ਼ਾ ਨਾਲ ਦਿਲੋਂ ਜੁੜੀ। ਭਾਈ ਇੰਦਰ ਸਿੰਘ ਯੂ. ਕੇ. ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਭਾਈ ਇੰਦਰ ਸਿੰਘ ਲੰਡਨ ਕਾਊਂਸਲ ਦੇ ਪਹਿਲੇ ਅੰਮ੍ਰਿਤਧਾਰੀ ਮੇਅਰ ਸਨ, ਜਿਨ੍ਹਾਂ ਖ਼ਾਲਸਾ ਪੰਥ ਦੇ 300 ਸਾਲਾ ਸਾਜਣਾ ਦਿਵਸ ਮੌਕੇ ਟਾਊਨ ਹਾਲ ਵਿਖੇ ਖ਼ਾਲਸਈ ਨਿਸ਼ਾਨ ਸਾਹਿਬ ਝੁਲਾਇਆ ਸੀ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਵਿਦੇਸ਼ ਵਿਚ ਸਿੱਖੀ ਪ੍ਰਚਾਰ ਅਤੇ ਪੰਜਾਬੀ ਬੋਲੀ ਲਈ ਕੀਤੇ ਯਤਨ ਵੀ ਪ੍ਰਸ਼ੰਸਾਯੋਗ ਹਨ। ਇਸ ਮੌਕੇ ਨਾਮਵਰ ਕਥਾਵਾਚਕ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਯੂ. ਕੇ., ਐਡਵੋਕੇਟ ਜਸਬੀਰ ਸਿੰਘ ਘੁੰਮਣ, ਭਾਈ ਸੀਤਲ ਸਿੰਘ ਦੇ ਪਰਿਵਾਰਕ ਮੈਂਬਰ ਵਿਚੋਂ ਬੀਬੀ ਸੰਗੀਤਾ ਕੌਰ ਸੀਤਲ, ਮੁਖਤਾਰ ਸਿੰਘ, ਬੀਬੀ ਪ੍ਰਮਿੰਦਰ ਕੌਰ ਸੀਤਲ, ਅਮਰਦੀਪ ਸਿੰਘ ਸੀਤਲ, ਸੁਰਿੰਦਰ ਸਿੰਘ ਅਟਾਰੀਵਾਲਾ ਦੇ ਪਰਿਵਾਰ ਵਿਚੋਂ ਬੀਬੀ ਸੁਰਜੀਤ ਕੌਰ ਅਟਾਰੀਵਾਲਾ, ਬੀਬੀ ਕਮਲਜੀਤ ਕੌਰ, ਬੀਬੀ ਸ਼ਰਨਜੀਤ ਕੌਰ, ਕਬੀਰ ਸਿੰਘ, ਸਾਹਿਬ ਸਿੰਘ, ਅਮਰਜੀਤ ਸਿੰਘ, ਬੀਬੀ ਕਰਨਜੀਤ ਕੌਰ, ਮਹਾਂਬੀਰ ਸਿੰਘ, ਗਿਆਨੀ ਗੁਰਜੰਟ ਸਿੰਘ, ਸੁਰਿੰਦਰ ਸਿੰਘ ਤੇ ਇੰਦਰ ਸਿੰਘ ਜੰਮੂ ਦੇ ਪਰਿਵਾਰ ਵਿਚੋਂ ਬੀਬੀ ਨਿਰਮਲ ਕੌਰ, ਅਮਰਦੀਪ ਸਿੰਘ, ਬੀਬੀ ਹਰਜੀਤ ਕੌਰ, ਜਥੇਦਾਰ ਜਗਦੇਵ ਸਿੰਘ, ਸੁਖਵਿੰਦਰ ਸਿੰਘ, ਸੁੱਚਾ ਸਿੰਘ, ਹਰਬੀਰ ਸਿੰਘ, ਅਵਤਾਰ ਸਿੰਘ ਤੇ ਨਿਰਮਲ ਸਿੰਘ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓ. ਐੱਸ. ਡੀ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਤੇਜਿੰਦਰ ਸਿੰਘ ਪੱਡਾ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਮਨਜੀਤ ਸਿੰਘ, ਸੁਪਰਡੈਂਟ ਨਿਸ਼ਾਨ ਸਿੰਘ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ ਤੇ ਬਿਕਰਮਜੀਤ ਸਿੰਘ ਝੰਗੀ ਆਦਿ ਵੀ ਹਾਜ਼ਰ ਸਨ।


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ







Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home

# ਪੈਂਡਿੰਗ ਮੁਕੱਦਮਿਆਂ ਅਤੇ ਸੈਕਸ ਸਬੰਧਾਂ ਨੂੰ ਲੈ ਕੇ ਨਿਆਪਾਲਿਕਾ ਦੇ ਮਹੱਤਵਪੂਰਨ ਸੁਝਾਅ



ਅਸੀਂ ਲਿਖਦੇ ਰਹਿੰਦੇ ਹਾਂ ਕਿ ਲੋਕਤੰਤਰ ਦਾ ਇਕ ਮਹੱਤਵਪੂਰਨ ਥੰਮ ?ਹ ਹੋਣ ਦੇ ਨਾਤੇ ਨਿਆਪਾਲਿਕਾ ਸਮੇਂ-ਸਮੇਂ ’ਤੇ ਜਨਹਿੱਤ ਨਾਲ ਜੁੜੇ ਮਾਮਲਿਆਂ ’ਤੇ ਮਹੱਤਵਪੂਰਨ ਟਿੱਪਣੀਆਂ ਅਤੇ ਫੈਸਲੇ ਸੁਣਾਉਂਦੀ ਰਹਿੰਦੀ ਹੈ। ਇਸੇ ਸਿਲਸਿਲੇ ’ਚ ਸੁਪਰੀਮ ਕੋਰਟ ਅਤੇ ਕਲਕੱਤਾ ਹਾਈਕੋਰਟ ਦੀਆਂ 2 ਮਹੱਤਵਪੂਰਨ ਟਿੱਪਣੀਆਂ ਅਤੇ ਫੈਸਲੇ ਇੱਥੇ ਦਿੱਤੇ ਜਾ ਰਹੇ ਹਨ। ਪੈਂਡਿੰਗ ਮਾਮਲਿਆਂ ਨੂੰ ਲੈ ਕੇ ਰਾਸ਼ਟਰੀ ਨਿਆਇਕ ਡਾਟਾ ਗ੍ਰਿਡ ਦੇ ਦੇਸ਼ ਪੱਧਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ 20 ਅਕਤੂਬਰ ਨੂੰ ਸੁਪਰੀਮ ਕੋਰਟ ਦੇ ਜੱਜਾਂ ਜਸਟਿਸ ਐੱਸ. ਰਵਿੰਦਰ ਭੱਟ ਅਤੇ ਜਸਟਿਸ ਅਰਵਿੰਦ ਕੁਮਾਰ ਦੀ ਬੈਂਚ ਨੇ ਚਿਤਾਵਨੀ ਦਿੱਤੀ ਹੈ ਕਿ :

“ਕਾਨੂੰਨੀ ਪ੍ਰਕਿਰਿਆ ਦੇ ਕੱਛੂਕੁੰਮੇ ਦੀ ਰਫਤਾਰ ਨਾਲ ਅੱਗੇ ਵਧਣ ਦੀ ਸਥਿਤੀ ’ਚ ਨਿਆਂ ਮੰਗਣ ਵਾਲਿਆਂ ਦਾ ਨਿਆਇਕ ਵਿਵਸਥਾ ਤੋਂ ਭਰੋਸਾ ਉੱਠ ਸਕਦਾ ਹੈ। ਇਸ ਲਈ ਇਸ ਮੁੱਦੇ ਨਾਲ ਨਜਿੱਠਣ ਲਈ ਬਾਰ ਅਤੇ ਬੈਂਚ ਦੇ ਸਾਂਝੇ ਯਤਨਾਂ ਦੀ ਲੋੜ ਹੈ। ਕੁਝ ਮੁਕੱਦਮੇ ਤਾਂ 65 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਪੈਂਡਿੰਗ ਹਨ।”

ਇਸ ਦੇ ਨਾਲ ਹੀ ਅਦਾਲਤ ਨੇ ਪੁਰਾਣੇ ਮਾਮਲਿਆਂ ਦੀ ਤੇਜ਼ੀ ਨਾਲ ਸੁਣਵਾਈ ਅਤੇ ਨਿਬੇੜਾ ਯਕੀਨੀ ਬਣਾਉਣ ਲਈ ਕੁਝ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਹਨ।

ਇਸੇ ਤਰ੍ਹਾਂ ਔਰਤਾਂ ਵਿਰੁੱਧ ਸੈਕਸ ਅਪਰਾਧਾਂ ਨਾਲ ਜੁੜੇ ਮਾਮਲਿਆਂ ’ਚ ਕਲਕੱਤਾ ਹਾਈ ਕੋਰਟ ਦੇ ਜੱਜਾਂ ਚਿਤਰੰਜਨ ਦਾਸ ਅਤੇ ਪਾਰਥਸਾਰਥੀ ਸੇਨ ’ਤੇ ਆਧਾਰਿਤ ਬੈਂਚ ਨੇ ਇਕ ਨਾਬਾਲਿਗਾ ਨਾਲ ਜਬਰ-ਜ਼ਨਾਹ ਦੇ ਦੋਸ਼ੀ ਠਹਿਰਾਏ ਗਏ ਉਸ ਦੇ ਪ੍ਰੇਮੀ ਨੂੰ ਬਰੀ ਕਰ ਦਿੱਤਾ, ਜਿਸ ਨੂੰ ਹੇਠਲੀ ਅਦਾਲਤ ਨੇ ਪੋਕਸੋ ਕਾਨੂੰਨ ਅਧੀਨ 20 ਸਾਲ ਜੇਲ ਦੀ ਸਜ਼ਾ ਸੁਣਾਈ ਸੀ। ਨੌਜਵਾਨ ਨੇ ਇਸ ਵਿਰੁੱਧ ਕਲਕੱਤਾ ਹਾਈ ਕੋਰਟ ’ਚ ਅਪੀਲ ਕੀਤੀ ਸੀ। ਇਸ ’ਤੇ ਸੁਣਵਾਈ ਦੌਰਾਨ ਲੜਕੀ ਨੇ ਕਿਹਾ ਕਿ ਦੋਵਾਂ ਦਰਮਿਆਨ ਸਹਿਮਤੀ ਨਾਲ ਸਰੀਰਕ ਸਬੰਧ ਬਣੇ ਸਨ ਪਰ ਭਾਰਤ ’ਚ ਸਹਿਮਤੀ ਨਾਲ ਸਰੀਰਕ ਸਬੰਧ ਬਣਾਉਣ ਦੀ ਉਮਰ 18 ਸਾਲ ਹੋਣ ਕਾਰਨ ਉਨ੍ਹਾਂ ਦੇ ਮਾਮਲੇ ’ਚ ਇਹ ਅਪਰਾਧ ਮੰਨਿਆ ਗਿਆ।

ਮਾਣਯੋਗ ਜੱਜਾਂ ਨੇ ਅਜਿਹੇ ਮਾਮਲਿਆਂ ’ਚ ਪੋਕਸੋ ਦੀ ਵਰਤੋਂ ’ਤੇ ਚਿੰਤਾ ਪ੍ਰਗਟ ਕਰਦੇ ਹੋਏ 16 ਸਾਲ ਤੋਂ ਵੱਧ ਉਮਰ ਦੇ ਅੱਲ੍ਹੜਾਂ ਦਰਮਿਆਨ ਸਹਿਮਤੀ ਨਾਲ ਕਾਇਮ ਸੈਕਸ ਸਬੰਧਾਂ ਨੂੰ ਅਪਰਾਧ ਦੀ ਸ਼ ?ਰੇਣੀ ਤੋਂ ਹਟਾਉਣ ਦਾ ਸੁਝਾਅ ਦਿੰਦੇ ਹੋਏ ਲੜਕੀਆਂ ਅਤੇ ਲੜਕਿਆਂ ਤੋਂ ਇਲਾਵਾ ਸਮਾਜ ਲਈ ਕੁਝ ਸੁਝਾਅ ਵੀ ਦਿੱਤੇ ਅਤੇ ਕਿਹਾ :

“ਅੱਲ੍ਹੜ ਲੜਕੀਆਂ ਨੂੰ 2 ਮਿੰਟ ਦੇ ਆਨੰਦ ਦੇ ਚੱਕਰ ’ਚ ਪੈਣ ਦੀ ਬਜਾਏ ਆਪਣੀਆਂ ਸੈਕਸ ਇੱਛਾਵਾਂ ’ਤੇ ਕੰਟ ?ਰੋਲ ਰੱਖਣਾ ਚਾਹੀਦਾ ਹੈ ਕਿਉਂਕਿ ਮੁਸ਼ਕਲ ਨਾਲ 2 ਮਿੰਟ ਦਾ ਸੁੱਖ ਪਾ ਕੇ ਲੜਕੀਆਂ ਸਮਾਜ ਦੀਆਂ ਨਜ਼ਰਾਂ ’ਚ ਡਿੱਗ ਜਾਂਦੀਆਂ ਹਨ। ਅੱਲ੍ਹੜ ਲੜਕਿਆਂ ਨੂੰ ਵੀ ਮੁਟਿਆਰਾਂ ਤੇ ਔਰਤਾਂ ਅਤੇ ਉਨ੍ਹਾਂ ਦੀ ਇੱਜ਼ਤ ਅਤੇ ਸਰੀਰਕ ਖੁਦਮੁਖਤਾਰੀ ਦਾ ਸਨਮਾਨ ਕਰਨਾ ਚਾਹੀਦਾ ਹੈ।”

“ਇਹ ਨੌਜਵਾਨ ਲੜਕੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਸਰੀਰ ਦੀ ਅਖੰਡਤਾ ਦੇ ਅਧਿਕਾਰ, ਆਪਣੀ ਇੱਜ਼ਤ ਅਤੇ ਆਪਣੇ ਆਤਮ ਸਨਮਾਨ ਦੀ ਰੱਖਿਆ ਕਰਨ। ਆਪਣੇ ਸਮੁੱਚੇ ਵਿਕਾਸ ਦਾ ਯਤਨ ਕਰਨ ਅਤੇ ਸੈਕਸ ਵੇਗ ’ਤੇ ਕੰਟਰੋਲ ਰੱਖਣ।”


“ਲੜਕਿਆਂ ਦੇ ਮਾਮਲੇ ’ਚ ਉਨ੍ਹਾਂ ਦੇ ਮਾਤਾ-ਪਿਤਾ ਨੂੰ ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਕਿਸੇ ਔਰਤ ਦਾ ਸਨਮਾਨ, ਉਸ ਦੀ ਇੱਜ਼ਤ ਅਤੇ ਉਸ ਦੇ ਸਰੀਰ ਦੀ ਅਖੰਡਤਾ ਦੀ ਰੱਖਿਆ ਕਿਸ ਤਰ੍ਹਾਂ ਕੀਤੀ ਜਾਵੇ ਅਤੇ ਸੈਕਸ ਇੱਛਾ ਤੋਂ ਉਤੇਜਿਤ ਹੋਏ ਬਿਨਾਂ ਔਰਤ ਨਾਲ ਦੋਸਤੀ ਕਿਵੇਂ ਕੀਤੀ ਜਾ ਸਕਦੀ ਹੈ, ਭਾਵੇਂ ਹੀ ਦੂਜੇ ਪਾਸਿਓਂ ਪਹਿਲ ਕੀਤੀ ਜਾ ਰਹੀ ਹੋਵੇ।” ਉਨ੍ਹਾਂ ਨੇ ਸਕੂਲਾਂ ’ਚ ਸੈਕਸ ਸਿੱਖਿਆ, ਸਿਹਤ ਅਤੇ ਸਰੀਰਕ ਸਵੱਛਤਾ ਨੂੰ ਸਿਲੇਬਸ ਦਾ ਹਿੱਸਾ ਬਣਾਉਣ ’ਤੇ ਵੀ ਜ਼ੋਰ ?ਦੱਤਾ ਅਤੇ ਕਾਮੁਕਤਾ ਨਾਲ ਜੁੜੇ ਮੁੱਦਿਆਂ ਬਾਰੇ ਅੱਲ੍ਹੜਾਂ ਨੂੰ ਮਾਰਗਦਰਸ਼ਨ ਅਤੇ ਸਿੱਖਿਅਤ ਕਰਨ ਦੇ ਮਹੱਤਵ ’ਤੇ ਵੀ ਜ਼ੋਰ ਦਿੰਦੇ ਹੋਏ ਕਿਹਾ : “ਬੱਚਿਆਂ, ਖਾਸ ਕਰ ਕੇ ਲੜਕੀਆਂ ਨੂੰ ਬੁਰੀ ਛੋਹ, ਬੁਰੇ ਸੰਕੇਤ, ਬੁਰੀ ਸੰਗਤ ਨੂੰ ਪਛਾਣਨ ਲਈ ਮਾਤਾ-ਪਿਤਾ ਦਾ ਮਾਰਗਦਰਸ਼ਨ ਅਤੇ ਸਿੱਖਿਆ ਜ਼ਰੂਰੀ ਹੈ। ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਕਾਨੂੰਨ ਵੱਲੋਂ ਪ੍ਰਵਾਨਤ ਉਮਰ ਤੋਂ ਪਹਿਲਾਂ ਸੈਕਸ ਸਬੰਧ ਬਣਾਉਣ ਨਾਲ ਉਨ੍ਹਾਂ ’ਤੇ ਕਿਹੜੇ ਉਲਟ ਅਸਰ ਪੈ ਸਕਦੇ ਹਨ।”

“ਬੱਚਿਆਂ ਵਾਲੇ ਘਰ ’ਚ ਅਜਿਹਾ ਅਨੁਕੂਲ ਮਾਹੌਲ ਹੋਣਾ ਚਾਹੀਦਾ ਹੈ ਕਿ ਕੋਈ ਵੀ ਬੱਚਾ ਇਹ ਮੰਨ ਕੇ ਵੱਡਾ ਨਾ ਹੋਵੇ ਕਿ ਔਰਤਾਂ ਨਾਲ ਬੁਰਾ ਵਤੀਰਾ ਕਰਨਾ ਆਮ ਗੱਲ ਹੈ।”

ਅਦਾਲਤਾਂ ’ਚ ਪੈਂਡਿੰਗ ਮੁਕੱਦਮਿਆਂ ਅਤੇ ਸੈਕਸ ਅਪਰਾਧਾਂ ਦੇ ਸਬੰਧ ’ਚ ਉਕਤ ਦੋਵੇਂ ਹੀ ਟਿੱਪਣੀਆਂ ਤੋਂ ਸਪੱਸ਼ਟ ਹੈ ਕਿ ਨਿਆਪਾਲਿਕਾ ਜਨਹਿੱਤ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਕਿਸ ਤਰ੍ਹਾਂ ਜਾਗਰੂਕ ਅਤੇ ਚੌਕਸ ਹੈ। ਇਨ੍ਹਾਂ ’ਤੇ ਸਬੰਧਤ ਧਿਰਾਂ ਨੂੰ ਵਿਚਾਰ ਅਤੇ ਅਮਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

# ਵਿਦਿਆਰਥੀ ਖੁਦਕੁਸ਼ੀਆਂ ਮਹਿਜ਼ ਡਾਕਟਰੀ ਸਮੱਸਿਆ ਨਹੀਂ

**ਡਾ. ਅਰੁਣ ਮਿੱਤਰਾ**



ਇੰਜਨੀਅਰਿੰਗ ਅਤੇ ਮੈਡੀਸਨ ਵਰਗੇ ਉੱਚ ਸਿੱਖਿਆ ਕੋਰਸਾਂ ਵਿੱਚ ਦਾਖਲੇ ਲਈ ਕੋਚਿੰਗ ਪ੍ਰਾਪਤ ਕਰਨ ਦੇ ਚਾਹਵਾਨਾਂ ਲਈ ਇੱਕ ਸੁਪਨੇ ਦੀ ਮੰਜ਼ਿਲ, ਭਾਵ ਰਾਜਸਥਾਨ ਦੇ ਸ਼ਹਿਰ ਕੋਟਾ ਵਿਚ ਪੜ੍ਹਨ ਗਏ ਵਿਦਿਆਰਥੀਆਂ ਦੁਆਰਾ ਖੁਦਕੁਸ਼ੀਆਂ ਦੀਆਂ ਖਬਰਾਂ ਬਹੁਤ ਪਰੇਸ਼ਾਨ ਕਰਨ ਵਾਲੀਆਂ ਹਨ। ਇਹ ਵਿਦਿਆਰਥੀ ਅਗਲੀ ਪੀੜ੍ਹੀ ਹਨ ਜਿਨ੍ਹਾਂ ਨੇ ਸਾਡੇ ਦੇਸ਼ ਦਾ ਭਵਿੱਖ ਬਣਾਉਣਾ ਹੈ। ਇਸ ਕੋਮਲ ਉਮਰ ਵਿੱਚ ਉਨ੍ਹਾਂ ਦੀ ਜ਼ਿੰਦਗੀ ਦਾ ਅੰਤ ਉਨ੍ਹਾਂ ਮਾਪਿਆਂ, ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਪਿਆਰ ਅਤੇ ਚਾਅ ਨਾਲ ਪਾਲਿਆ ਹੈ, ਦੇ ਦਿਲ ਨੂੰ ਚੂਰ ਚੂਰ ਕਰਨ ਵਾਲੀ ਗੱਲ ਹੈ। ਇਸ ਨਾ ਪੂਰੇ ਜਾ ਸਕਣ ਵਾਲੇ ਘਾਟੇ ਨਾਲ ਉਹ ਪੂਰੀ ਤਰਾਂ ਟੁੱਟ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਮਾਪਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਵਿੱਚ ਖ਼ਤਰਨਾਕ ਮਨੋਵਿਗਿਆਨਕ ਅਤੇ ਸਰੀਰਕ ਰੋਗ ਵਿਕਸਿਤ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਹ ਘਟਨਾਵਾਂ ਸਮਾਜ ਲਈ ਸਮੁੱਚੇ ਮੁੱਦੇ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਕਾਰਨਾਂ ਅਤੇ ਉਪਚਾਰਕ ਉਪਾਵਾਂ ਦਾ ਪਤਾ ਲਗਾਉਣ ਦੀ ਚੇਤਾਵਨੀ ਵੀ ਹਨ।

ਨੈਸ਼ਨਲ ਕ੍ਰਾਈਮ ਰਿਪੋਰਟ ਬਿਊਰੋ ਦੇ ਅੰਕੜਿਆਂ ਅਨੁਸਾਰ, ਮਨੀ ਕੰਟਰੋਲ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਮੁਤਾਬਕ ਪਿਛਲੇ ਦਹਾਕੇ ਦੌਰਾਨ ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 70% ਦਾ ਵਾਧਾ ਹੋਇਆ ਹੈ। ਭਾਰਤ ਵਿੱਚ ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 10 ਸਾਲਾਂ ਵਿੱਚ ਕੁੱਲ ਆਤਮਹੱਤਿਆ ਸਬੰਧਤ ਮੌਤਾਂ ਦੇ 5.7% ਤੋਂ ਵਧ ਕੇ 8% ਹੋ ਗਈ ਹੈ; ਜੋ ਕਿ 2011 ਵਿੱਚ 7696 ਤੋਂ 2021 ਵਿੱਚ ਵਧ ਕੇ 13089 ਹੈ। ਇਹ ਇੱਕ ਦਹਾਕੇ ਵਿੱਚ ਲਗਭਗ 70% ਵਾਧਾ ਹੈ।

ਅਜੋਕੇ ਸਮੇਂ ਵਿੱਚ ਗਲਾ ਕੱਟ ਮੁਕਾਬਲਿਆਂ ਵਿੱਚ ਵਧੀਆ ਸਕੋਰ ਅਤੇ ਉੱਚ ਮੈਰਿਟ ਹਾਸਲ ਕਰਨ ਦੀ ਪਾਗਲਾਨਾ ਦੌੜ ਲੱਗੀ ਹੋਈ ਹੈ। ਐਮਸੀਕਿਊ (ਬਹੁਤੀਆਂ ਚੋਣਾਂ ਵਾਲੇ ਸਵਾਲ) ਕਿਸਮ ਦੀਆਂ ਪ੍ਰੀਖਿਆਵਾਂ, ਕਿਸੇ ਦੇ ਗਿਆਨ ਦੀ ਜਾਂਚ ਕਰਨ ਲਈ ਰੁਟੀਨ ਬਣ ਗਈਆਂ ਹਨ। ਸਿੱਖਿਆ ਦਾ ਉਦੇਸ਼ ਨੈਤਿਕ ਕਦਰਾਂ-ਕੀਮਤਾਂ ਅਤੇ ਸਮਾਜਿਕ ਸਰੋਕਾਰਾਂ ਨਾਲ ਚੰਗੇ ਨਾਗਰਿਕ ਤਿਆਰ ਕਰਨਾ ਹੈ। ਵਧ ਰਹੇ ਉਪਭੋਗਤਾਵਾਦੀ ਸੱਭਿਆਚਾਰ ਵਿੱਚ ਇਹ ਬਦਲ ਗਿਆ ਹੈ ਅਤੇ ਇੱਕ ਵਿਅਕਤੀ ਦੀ ਸਫਲਤਾ ਨੂੰ ਵੱਕਾਰੀ ਸੰਸਥਾਵਾਂ ਵਿੱਚ ਦਾਖਲੇ ਅਤੇ ਇੱਕ ਐਸੇ ਕਰੀਅਰ ਦੁਆਰਾ ਮਾਪਿਆ ਜਾਂਦਾ ਹੈ ਜੋ ਕਿ ਭਾਰੀ ਮੁਨਾਫੇ ਨੂੰ ਯਕੀਨੀ ਬਣਾਉਂਦਾ ਹੋਵੇ। ਇਸ ਧਾਰਨਾ ਨੇ ਸਮਾਜਿਕ ਗਿਆਨ ਦੇ ਅਧਿਐਨ ਦਾ ਰੁਝਾਨ ਘਟਾਇਆ ਹੈ। ਨਤੀਜੇ ਵਜੋਂ ਅਜੋਕੀ ਪੀੜ੍ਹੀ ਦੀ ਵੱਡੀ ਗਿਣਤੀ ਇਤਿਹਾਸ, ਨਾਗਰਿਕ ਸ਼ਾਸਤਰ, ਰਾਜਨੀਤੀ ਸ਼ਾਸਤਰ ਅਤੇ ਅਰਥ ਸ਼ਾਸਤਰ ਦੀ ਜਾਣਕਾਰੀ ਤੋਂ ਸੱਖਣੀ ਹੈ। ਉਨ੍ਹਾਂ ’ਤੇ ਸੋਸ਼ਲ ਮੀਡੀਆ ਤੋਂ ਪ੍ਰਾਪਤ ਜਾਣਕਾਰੀ ਦਾ ਬਹੁਤ ਜ਼ਿਆਦਾ ਪ੍ਰਭਾਵ ਹੈ ਅਤੇ ਬਹੁਤ ਸਾਰੇ ਨੌਜਵਾਨ ਇਸ ਨੂੰ ਪੂਰਨ ਸੱਚਾਈ ਮੰਨਦੇ ਹਨ। ਇਹ ਵਿਸ਼ਲੇਸ਼ਣਾਤਮਕ ਸਮਰੱਥਾਵਾਂ ਨੂੰ ਪ੍ਰਭਾਵਿਤ ਕਰਦਾ ਹੈ। ਔਨਲਾਈਨ/ਵਰਚੂਅਲ ਕੰਮ ਵਿੱਚ ਬਹੁਤ ਜ਼ਿਆਦਾ ਸ਼ਮੂਲੀਅਤ ਨੇ ਲੋਕਾਂ ਨਾਲ ਉਹਨਾਂ ਦੀ ਗੱਲਬਾਤ ਕਰਨ ਦੇ ਰੁਝਾਨ ਨੂੰ ਬਹੁਤ ਘਟਾ ਦਿੱਤਾ ਹੈ। ਇਸ ਨਾਲ ਸ਼ਖ਼ਸੀਅਤ ਦੇ ਵਿਕਾਸ ’ਤੇ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਸਮੂਹਿਕ ਚਰਚਾ ਦੇ ਰਾਹੀਂ ਫੈਸਲਾ ਲੈਣ ਵਿਚ ਕਮੀ ਆਉਂਦੀ ਹੈ। ਬਹੁਤ ਜ਼ਿਆਦਾ ਵੱਡੀਆਂ-ਵੱਡੀਆਂ ਰਕਮਾਂ ਵਸੂਲਣ ਦੇ ਬਾਵਜੂਦ ਕੋਚਿੰਗ ਕੇਂਦਰ ਦੇ ਚਮਕਦਾਰ ਇਸ਼ਤਿਹਾਰ ਪ੍ਰਭਾਵਸ਼ਾਲੀ ਪ੍ਰਭਾਵ ਛੱਡਦੇ ਹਨ।

ਇੱਕ ਸਮਾਂ ਸੀ ਜਦੋਂ ਵਿਦਿਆਰਥੀ ਸਮੂਹਾਂ ਵਿੱਚ ਕਈ ਮੁੱਦਿਆਂ ’ਤੇ ਚਰਚਾ ਕਰਦੇ ਸਨ ਅਤੇ ਇੱਕ ਸਮੂਹਿਕ ਬੁੱਧੀ ਬਣਾਉਂਦੇ ਸਨ। 40 ਸਾਲ ਪਹਿਲਾਂ ਦੇ ਮੁਕਾਬਲੇ, ਹੁਣ ਸ਼ਾਇਦ ਹੀ ਕੋਈ ਵਿਦਿਆਰਥੀ ਅੰਦੋਲਨ ਹੋਵੇ ਜਦੋਂ ਵਿਦਿਆਰਥੀ ਜਥੇਬੰਦੀਆਂ ਟਿਊਸ਼ਨ ਫੀਸਾਂ, ਬੱਸ ਤੇ ਰੇਲ ਦੇ ਕਿਰਾਏ ਅਤੇ ਵਿਦਿਆਰਥੀਆਂ ਲਈ ਸਫ਼ਰੀ ਪਾਸਾਂ ਵਿੱਚ ਵਾਧੇ ਤੇ ਆਪਣੇ ਸਕੂਲ ਜਾਂ ਕਾਲਜ ਵਿੱਚ ਬੁਨਿਆਦੀ ਢਾਂਚੇ ਦੇ ਸੁਧਾਰ ਨੂੰ ਲੈ ਕੇ ਪ੍ਰਤੀਕਿਰਿਆ ਕਰਦਾ ਹੋਵੇ। ਕੁਝ ਸਮਾਂ ਪਹਿਲਾਂ ਵਿਦਿਆਰਥੀ ਜਥੇਬੰਦੀਆਂ ਦੁਆਰਾ ਸਿੱਖਿਆ ਨੀਤੀ, ਨੌਕਰੀਆਂ ਦੇ ਮੌਕੇ, ਸਮਾਜਿਕ ਸਦਭਾਵਨਾ, ਲਿੰਗ ਸਮਾਨਤਾ ਆਦਿ ‘ਤੇ ਬਹਿਸ ਆਦਿ ਕਰਾਉਣ ਦਾ ਰੁਝਾਨ ਸੀ। ਹੁਣ ਇਹ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਸਰੀਰਕ ਗਤੀਵਿਧੀਆਂ ਦੀ ਘਾਟ ਨੇ ਸਥਿਤੀ ਨੂੰ ਹੋਰ ਵਿਗਾੜਿਆ ਹੈ। ਮੱਧ ਅਤੇ ਉੱਚ ਮੱਧ ਵਰਗ ਦੇ ਜ਼ਿਆਦਾਤਰ ਵਿਦਿਆਰਥੀ ਘਰ ਵਿੱਚ ਲਾਡ-ਪਿਆਰ ਨਾਲ ਰਿਝਾਏ ਹੁੰਦੇ ਹਨ। ਪਰ ਬਾਹਰ ਜਾਣ ਤੋਂ ਬਾਅਦ ਉਹ ਗੱਲ-ਵੱਢੂ ਮੁਕਾਬਲੇ ਦੇ ਤਣਾਅ ਨੂੰ ਸਹਿਣ ਵਿੱਚ ਅਸਮਰੱਥ ਹੁੰਦੇ ਹਨ। ਮਾਪਿਆਂ ਦਾ ਬੇਲੋੜਾ ਦਬਾਅ ਅਤੇ ਉਮੀਦਾਂ ਉਨ੍ਹਾਂ ਨੂੰ ਬਹੁਤ ਜ਼ਿਆਦਾ ਤਣਾਅ ਅਤੇ ਆਪਣੀਆਂ ਇੱਛਾਵਾਂ ਪੂਰੀਆਂ ਨਾ ਹੋਣ ਦੀ ਸਥਿਤੀ ਵਿੱਚ ਹੀਨ ਭਾਵਨਾ ਵਿੱਚ ਪਾਉਂਦੀਆਂ ਹਨ। ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਹ ਸੰਤੁਸ਼ਟ ਨਹੀਂ ਹੋ ਸਕਦੇ ਹਨ ਅਤੇ ਸਾਰੀਆਂ ਉਮੀਦਾਂ ਗੁਆ ਚੁੱਕੇ ਹਨ, ਤਾਂ ਉਹ ਆਪਣੀ ਜ਼ਿੰਦਗੀ ਨੂੰ ਖਤਮ ਕਰਨ ਲਈ ਅਜਿਹੇ ਸਖ਼ਤ ਕਦਮਾਂ ਦਾ ਸਹਾਰਾ ਲੈਂਦੇ ਹਨ।

ਜਿੱਥੇ ਅਧਿਆਪਕਾਂ, ਵਿਦਿਆਰਥੀਆਂ, ਪਰਿਵਾਰਾਂ, ਮਾਪਿਆਂ ਦੀ ਨਿਰੰਤਰ ਕਾਊਂਸਲਿੰਗ ਦੀ ਲੋੜ ਹੈ, ਉੱਥੇ ਸਿੱਖਿਆ ਪ੍ਰਣਾਲੀ ਵੱਲ ਵੀ ਧਿਆਨ ਦੇਣ ਦੀ ਅਸਲ ਲੋੜ ਹੈ। ‘ਦਿ ਵਾਇਰ’ ਨਾਲ ਗੱਲ ਕਰਦੇ ਹੋਏ ਦਿੱਲੀ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਦੀ ਸਹਾਇਕ ਪ੍ਰੋਫੈਸਰ ਇਤੀਸ਼ਾ ਨਾਗਰ ਦੱਸਦੇ ਹਨ: “ਕਿਸੇ ਵਿਦਿਆਰਥੀ ਨੂੰ ਸਿਰਫ਼ ਕਾਊਂਸਲਿੰਗ ਦੇਣ ਨਾਲ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਸਮਾਜ ਇੱਕ ‘ਸਫਲ’ ਵਿਦਿਆਰਥੀ ਨੂੰ ਅਜਿਹੇ ਵਿਅਕਤੀ ਵਜੋਂ ਪਰਿਭਾਸ਼ਤ ਕਰਦਾ ਹੈ ਜੋ ਲੱਖਾਂ ਹੋਰ ਵਿਦਿਆਰਥੀਆਂ ਨੂੰ ਹਰਾ ਕੇ ਆਈਆਈਟੀ ਜਾਂ ਅਜਿਹੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਨੂੰ ਪਾਸ ਕਰਦਾ ਹੈ। ਸਾਨੂੰ ਇੱਕ ਅਜਿਹੇ ਸਮਾਜ ਦੀ ਜ਼ਰੂਰਤ ਹੈ ਜਿੱਥੇ ਇੱਕ ਬੱਚੇ ਦੀ ਯੋਗਤਾ ਪ੍ਰਤਿਭਾ ਜਾਂ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਜਾਂ ਸ਼ੌਕ ਨਾਲ ਜੁੜੀ ਹੋਵੇ, ਨਾ ਕਿ ਅੰਕਾਂ ਨਾਲ। ਉਨ੍ਹਾਂ ਦੇ ਅਨੁਸਾਰ ਵਿਦਿਆਰਥੀਆਂ ਨੂੰ ਸਲਾਹ ਪ੍ਰਦਾਨ ਕਰਨ ਦੇ ਨਾਲ ਸਮਾਜਿਕ ਕਾਰਕਾਂ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ। ਅਲਬਰਟ ਆਇਨਸਟਾਈਨ ਨੇ 1949 ਵਿੱਚ ਕਿਹਾ ਸੀ: “ਵਿਅਕਤੀਆਂ ਦੀ ਇਸ ਅਪਾਹਜਤਾ ਨੂੰ ਪੂੰਜੀਵਾਦ ਦੀ ਸਭ ਤੋਂ ਭੈੜੀ ਬੁਰਾਈ ਮੰਨਿਆ ਜਾਂਦਾ ਹੈ। ਸਾਡਾ ਸਾਰਾ ਵਿਦਿਅਕ ਸਿਸਟਮ ਇਸ ਬੁਰਾਈ ਦਾ ਸ਼ਿਕਾਰ ਹੈ। ਵਿਦਿਆਰਥੀ ਵਿੱਚ ਇੱਕ ਅਤਿਕਥਨੀ ਪ੍ਰਤੀਯੋਗੀ ਰਵੱਈਆ ਪੈਦਾ ਕੀਤਾ ਜਾਂਦਾ ਹੈ, ਜਿਸ ਨੂੰ ਆਪਣੇ ਭਵਿੱਖ ਦੇ ਕਰੀਅਰ ਦੀ ਤਿਆਰੀ ਵਜੋਂ ਪ੍ਰਾਪਤੀ ਸਫਲਤਾ ਦੀ ਪੂਜਾ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ”। “ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਬੁੱਧੀਮਾਨ ਹੋਣ, ਤਾਂ ਉਨ੍ਹਾਂ ਨੂੰ ਪਰੀ ਕਹਾਣੀਆਂ ਸੁਣਾਓ। ਜੇ ਤੁਸੀਂ ਚਾਹੁੰਦੇ ਹੋ ਕਿ ਉਹ ਵਧੇਰੇ ਬੁੱਧੀਮਾਨ ਹੋਣ, ਤਾਂ ਉਨ੍ਹਾਂ ਨੂੰ ਕਹੋ ਕਿ ਹੋਰ ਪਰੀ ਕਹਾਣੀਆਂ ਪੜ੍ਹੋ। “ਇੱਕ ਮਨੁੱਖ ਸਮੁੱਚੇ ਬ੍ਰਹਿਮੰਡ ਦਾ ਇੱਕ ਹਿੱਸਾ ਹੈ, ਤੇ ਸਮੇਂ ਅਤੇ ਸਥਾਨ ਵਿੱਚ ਸੀਮਿਤ ਹੈ। ਉਹ ਆਪਣੇ ਆਪ ਨੂੰ, ਆਪਣੇ ਵਿਚਾਰਾਂ ਅਤੇ ਭਾਵਨਾ ਨੂੰ ਬਾਕੀਆਂ ਤੋਂ ਵੱਖਰਾ ਮਹਿਸੂਸ ਕਰਦਾ ਹੈ, ਜੋ ਕਿ ਉਸਦੀ ਚੇਤਨਾ ਦਾ ਇਕ ਕਿਸਮ ਦਾ ਭਰਮ ਹੈ। ਇਹ ਭੁਲੇਖਾ ਸਾਡੇ ਲਈ ਇੱਕ ਕਿਸਮ ਦੀ ਕੈਦ ਹੈ, ਜੋ ਸਾਨੂੰ ਆਪਣੀਆਂ ਨਿੱਜੀ ਇੱਛਾਵਾਂ ਅਤੇ ਸਾਡੇ ਨਜ਼ਦੀਕੀ ਕੁਝ ਵਿਅਕਤੀਆਂ ਦੇ ਪਿਆਰ ਤੱਕ ਸੀਮਤ ਕਰਦਾ ਹੈ। ਸਾਡਾ ਕੰਮ ਸਾਰੇ ਜੀਵਿਤ ਪ੍ਰਾਣੀਆਂ ਅਤੇ ਸਾਰੀ ਕੁਦਰਤ ਨੂੰ ਇਸਦੀ ਸੁੰਦਰਤਾ ਵਿੱਚ ਗਲੇ ਲਗਾਉਣ ਲਈ, ਦਇਆ ਦੇ ਆਪਣੇ ਦਾਇਰੇ ਨੂੰ ਵਿਸ਼ਾਲ ਕਰਕੇ ਆਪਣੇ ਆਪ ਨੂੰ ਇਸ ਜੇਲ੍ਹ ਤੋਂ ਮੁਕਤ ਕਰਨਾ ਚਾਹੀਦਾ ਹੈ। ਸਫਲਤਾ ਦਾ ਆਦਮੀ ਨਾ ਬਣਨ ਦੀ ਕੋਸ਼ਿਸ਼ ਕਰੋ। ਸਗੋਂ ਮੁੱਲਵਾਨ ਇਨਸਾਨ ਬਣੋ।

ਅਸੀਂ ਪਰੀ ਕਹਾਣੀਆਂ ਦੇ ਦੌਰ ਨੂੰ ਭੁੱਲ ਗਏ ਹਾਂ ਜਦੋਂ ਸਾਡੀ ਦਾਦੀ/ਨਾਨੀ ਸਾਨੂੰ ਬਿਸਤਰੇ ’ਤੇ ਜਾ ਕੇ ਸੌਣ ਤੋਂ ਪਹਿਲਾਂ ਕਹਾਣੀਆਂ ਸੁਣਾਉਂਦੀ ਸੀ ਜਾਂ ਆਪਣੇ ਪੁਰਾਣੇ ਅਨੁਭਵ ਦੀਆਂ ਘਟਨਾਵਾਂ ਨੂੰ ਬਿਆਨ ਕਰਨ ਲਈ ਕੁਝ ਬੱਚਿਆਂ ਨੂੰ ਇਕੱਠਾ ਕਰਦੀ ਸੀ। ਅਸਲ ਵਿੱਚ ਇਸ ਨਾਲ ਇਕ ਵਿਸ਼ਾਲ ਦ੍ਰਿਸ਼ਟੀ ਵਾਲਾ ਵਿਅਕਤੀ ਤਿਆਰ ਹੋ ਰਿਹਾ ਹੁੰਦਾ ਸੀ।

ਤਕਨੀਕੀ ਕ੍ਰਾਂਤੀ ਜਾਰੀ ਰਹੇਗੀ। ਪਰ ਸਾਨੂੰ ਨੈਤਿਕ ਕਦਰਾਂ-ਕੀਮਤਾਂ ਅਤੇ ਦਇਆ ਅਤੇ ਹਮਦਰਦੀ ਨਾਲ ਭਰਪੂਰ ਨੌਜਵਾਨ ਨੂੰ ਵਿਕਸਤ ਕਰਨ ਲਈ ਸੁਧਾਰਾਤਮਕ ਢੰਗ ਬਣਾਉਣੇ ਪੈਣਗੇ। ਇਹ 1968 ਵਿੱਚ ਕੋਠਾਰੀ ਕਮਿਸ਼ਨ ਦੁਆਰਾ ਕਲਪਿਤ ਬਰਾਬਰੀ ਦੇ ਨਾਲ ਸਿੱਖਿਆ ਨੂੰ ਤਰਕਸੰਗਤ ਬਣਾਉਣ ਦੁਆਰਾ ਸੰਭਵ ਹੈ। ਕਮਿਸ਼ਨ ਨੇ ਸਾਂਝੇ ਸਕੂਲ ਅਤੇ ਨੇੜਲੇ ਸਕੂਲ ਪ੍ਰਣਾਲੀ ਦੀ ਸਿਫ਼ਾਰਸ਼ ਕੀਤੀ ਸੀ। ਇਸਦਾ ਮਤਲਬ ਵੱਖ-ਵੱਖ ਜਮਾਤਾਂ ਅਤੇ ਸਮਾਜਿਕ ਆਰਥਿਕ ਸਮੂਹਾਂ ਦੇ ਵਿਦਿਆਰਥੀਆਂ ਨੂੰ ਮੇਲ ਮਿਲਾਪ ਵਿਚ ਰਹਿਣਾ ਸਿਖਾਉਣਾ ਹੈ।

ਹਾਲਾਂਕਿ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨਾਲ ਸਾਰਾ ਸੰਕਲਪ ਕੂੜੇਦਾਨ ਵਿੱਚ ਸੁੱਟ ਦਿੱਤਾ ਗਿਆ ਹੈ। ਸਿੱਖਿਆ ਕੁਲੀਨਾਂ ਦੇ ਕਬਜ਼ੇ ਹੇਠ ਚਲੀ ਗਈ ਹੈ। ਇਹ ਇੱਕ ਵਿਸ਼ਵਵਿਆਪੀ ਵਰਤਾਰਾ ਬਣ ਗਿਆ ਹੈ। ਵਿਸਕਾਨਸਨਿ ਯੂਨੀਵਰਸਿਟੀ, ਅਮਰੀਕਾ ਦੇ ਪਾਠਕ੍ਰਮ ਅਤੇ ਨਿਰਦੇਸ਼ ਅਤੇ ਵਿਦਿਅਕ ਨੀਤੀ ਦੇ ਪ੍ਰੋਫੈਸਰ ਮਾਈਕਲ ਐਪਲ ਦੇ ਮੁਤਾਬਕ ਨਵਉਦਾਰਵਾਦੀ ਆਰਥਿਕ ਨੀਤੀ ਦੇ ਤਹਿਤ, ਸਿੱਖਿਆ ਸਿਰਫ ਉਹਨਾਂ ਲਈ ਹੈ ਜਨਿ ?ਹਾਂ ਕੋਲ ਸਾਧਨ ਹਨ ਜਦੋਂ ਕਿ ਵੱਡੀ ਗਿਣਤੀ ਹਾਸ਼ੀਏ ’ਤੇ ਹੈ।

ਇਹ ਮਹੱਤਵਪੂਰਨ ਹੈ ਕਿ ਬਾਜ਼ਾਰ ਦੀਆਂ ਸ਼ਕਤੀਆਂ ਦੇ ਦਬਾਅ ਦੀ ਬਜਾਏ ਭਵਿੱਖ ਦੀਆਂ ਸਿੱਖਿਆ ਯੋਜਨਾਵਾਂ ਦਾ ਫੈਸਲਾ ਕਰਦੇ ਸਮੇਂ ਵਿਦਿਆਰਥੀਆਂ ਦੀ ਯੋਗਤਾ ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਸ ਕੰਮ ਵਿੱਚ ਮਨੋਵਿਗਿਆਨਕ ਸਲਾਹਕਾਰ ਲਾਭਦਾਇਕ ਕੰਮ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਸਿਹਤ ਬਾਰੇ ਲਗਾਤਾਰ ਸਲਾਹ ਦਿੱਤੀ ਜਾਣੀ ਚਾਹੀਦੀ ਹੈ ਅਤੇ ਮਨੋਰੰਜਨ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਮਦਦ ਮਿਲੇਗੀ।

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

ਸਾਡੇ ਲੋਕ SADE LOK

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ.ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-90

**ਚਿਹਰਾ ਅਤੇ ਮੂੰਹ**

**ਚਿਹਰੇ ਅਤੇ ਮੂੰਹ ਦੀਆਂ ਹੜੀਆਂ ਦੀ ਬਣਤਰ**

ਚਿਹਰੇ ਦੀ ਬਣਤਰ ਵਿੱਚ ਐਮਬਰੀਓਨਿਕ ਤਿੰਨੋਂ ਪਰਦੇ ਜੋ ਸੂਰੂ ਵਿੱਚ ਅਸਾਂ ਜਾਣੇ ਸਨ ਜੋ ਓਵਮ ਤੇ ਸਪਰਮ ਦਾ ਮਿਲਾਪ ਹੋਣ ਤੇ ਬਣੇ ਸਨ ਉਹ ਤਿੰਨੋਂ ਹੀ ਫ਼ੀਟਸ ਦਾ ਚਿਹਰਾ ਘੜਨ ਵਿੱਚ ਮਦਦਗਾਰ ਹੁੰਦੇ ਹਨ। ਵੱਖ ਵੱਖ ਹੱਡੀਆਂ ਦੀ ਬਣਤਰ ਵਿੱਚ ਯੋਗਦਾਨ ਪਾਉਂਦੇ ਹਨ।

ਚਿਹਰੇ ਦੀ ਬਣਤਰ ਵਿੱਚ ਭਾਗ ਲੈਣ ਵਾਲੀਆਂ ਹੱਡੀਆਂ ਦੀ ਜਾਣਕਾਰੀ ਲਈ ਹੇਠਾਂ ਦੋ ਤਸਵੀਰਾਂ ਵਿਖਾਈਆਂ ਜਾ ਰਹੀਆਂ ਹਨ ਤਾਂਕਿ ਅਸਾਨੀ ਨਾਲ ਸਮਝ ਆ ਜਾਵੇ ਕਿ ਕਿਹੜੀ ਹੱਡੀ ਚਿਹਰੇ ਵਿੱਚ ਕਿਸ ਥਾਂ ਲੱਗੀ ਹੈ ।

ਚਿਹਰੇ ਦੀਆ ਹੱਡੀਆਂ ਕੁਝ ਤਾਂ ਜੋੜਿਆਂ ਵਿੱਚ ਹਨ ਤੇ ਕੁਝ ਇਕ ਇਕ ਹਨ।

ਬੇਸਲ ਕੋਨਕਾ ਜਿਹੜੀ ਨੱਕ ਦੇ ਪਿਛਲੇ ਪਾਸੇ ਦੀ ਹੱਡੀ ਹੈ ਬਾਹਰੋ ਦਿਖਾਈ ਨਹੀਂ ਦਿੰਦੀ।

ਨੇਜਾਲ ਹੱਡੀ ਨੱਕ ਦੇ ਸਾਹਮਣੇ ਪਾਸੇ ਦੀ ਹੱਡੀ।

ਮੈਗਜੀਲਾ ਯਾਨੀ ਉਪਰਲੇ ਜਬਾੜ੍ਹੇ ਦੀ ਹੱਡੀ ਜਿਸ ਨਾਲ ਉਪਰ ਵਾਲੇ ਦੰਦ ਜੁੜੇ ਹੁੰਦੇ ਹਨ ।

ਪੈਲਾਟਾਈਨ ਮੂੰਹ ਦੀ ਛੱਤ ਬਣਾਉਣ ਵਾਲੀ ਹੱਡੀ

ਲੈਕਰੀਮਲ ਬੋਨ ਯਾਨੀ ਜਿਸ ਵਿੱਚ ਅੱਥਰੂ ਪੈਦਾ ਕਰਨ ਵਾਲੀਆਂ ਗਿਲਟੀਆਂ ਹੁੰਦੀਆਂ ਹਨ ਜਿਥੇ ਨੱਕਤੇ ਅੱਖਾਂ ਦਾ ਜੋੜ ਹੁੰਦਾ ਹੈ।

ਜਾਈਗੋਮੈਟਕ ਹੱਡੀ ਗੱਲ੍ਹਾਂ ਦਾ ਜੋ ਸਭ ਤੋਂ ਉੱਚਾ ਥਾਂ ਹੁੰਦਾ ਹੈ ਅੱਖਾਂ ਤੋਂ ਹੇਠਾਂ ਉਸ ਨੂੰ ਜਾਈਗੋਮੈਟਿਕਪਰੋਸੈਸ ਯਾਨੀ ਜਾਈਗੋਮੈਟਿਕ ਟਿੱਬਾ ਕਹਿੰਦੇ ਹਨ ਇਹ ਜਾਈਗੋਮੈਟਿਕ ਟਿੱਬਾ ਦੋਹੀਂ ਪਾਸੀ ਹੁੰਦਾ ਹੈ। ਜਿਹੜਾ ਇਕ ਤਰ੍ਹਾਂ ਅੱਖ ਦੇ ਆਨੇ ਯਾਨੀ eye ball ਦਾ ਖੋਲ ਬਨਾਉਣ ਲਈ ਹੇਠਲੇ ਪਾਸੇ ਤੋ ਮਦਦ ਕਰਦਾ ਹੈ।

ਮੈਂਡੀਬਲ ਹੱਡੀ ਯਾਨੀ ਹੇਠਲੇ ਜਬਾੜ੍ਹੇ ਦੀ ਹੱਡੀ ਜਿਸ ਨਾਲ ਹੇਠਲੇ ਦੰਦਾ ਦਾ ਪੀੜ੍ਹ ਜੁੜਿਆ ਹੋਇਆ ਹੁੰਦਾ ਹੈ।

ਵੋਮਰ ਹੱਡੀ ਨੱਕ ਦੀ ਹੱਡੀ ਦਾ ਉਹ ਹਿੱਸਾ ਜਿਹੜਾ ਮੈਗਜੀਲਾ ਹੱਡੀ ਨਾਲ ਜੁੜਦਾ ਹੈ।

ਇਹ ਸਾਰੀਆਂ ਰਲ ਕੇ ਚਿਹਰੇ ਦੇ ਦੋਵੇ ਪਾਸੇ ਬਣਾਉਂਦੀਆਂ ਹਨ।

ਚਿਹਰੇ ਦੀਆਂ ਹੱਡੀਆਂ ਦੀ ਬਣਤਰ ਪ੍ਰੈਗਨੈਂਸੀ ਦੇ ਛੇਵੇ ਸਤਵੇ ਹਫ਼ਤੇ ਸੂਰੂ ਹੋ ਜਾਂਦੀ ਹੈ ਤੇ ਇਹਨਾਂ ਦਾ ਆਪਸ ਵਿੱਚ ਪੂਰੀ ਤਰ੍ਹਾਂ ਸਖ਼ਤ ਹੱਡੀ ਦੇ ਤਰ੍ਹਾਂ ਜੁੜਨਾ ਤਕਰੀਬਨ ਪੰਝੀ ਸਾਲ ਦੀ ਉਮਰ ਤੱਕ ਪੂਰਾ ਹੁੰਦਾ ਹੈ।

ਚਿਹਰੇ ਦੀ ਬਣਤਰ ਪ੍ਰੈਗਨੈਂਸੀ ਦੇ ਅਠਾਈ ਦਿਨ ਤੋਂ ਅਠਤਾਲੀ ਦਿਨਾਂ ਯਾਨੀ ਇਕ ਮਾਸਿਕ ਧਰਮ ਦੇ ਪੀਰੀਅਡ ਦੇ ਸਮੇਂ ਵਿੱਚ ਸ਼ੁਰੂ ਹੋ ਜਾਂਦੀ ਹੈ। ਜਿਸਨੂੰ ਅਸੀਂ ਉਪਰ ਛੇਵੇਂ ਤੋਂ ਸਤਵੇਂ ਹਫਤੇ ਵਿੱਚ ਹੋਣਾ ਲਿਖਿਆ ਹੈ। ਯਾਨੀ ਛੇ ਹਫ਼ਤਿਆਂ ਵਿੱਚ ਪੂਰੀ ਹੋ ਜਾਂਦੀ ਹੈ ਭਾਵ ਪਤਾ ਲਗਦਾ ਹੈ ਕਿ ਆਹ ਬੱਚੇ ਦਾ ਮੂੰਹ ਹੈ ਪਰ ਇਹਦਾ ਪੱਕਿਆ ਹੋਣਾ ਤੇ ਹੱਡੀਆਂ ਦਾ ਪੂਰੀ ਤਾਂ ਜੁੜ ਕੇ ਦੋਹਾਂ ਹੀ ਜਬਾੜਿਆਂ ਵਾਲਾ ਚਿਹਰਾ ਬਣਨਾ ਚਾਰ ਤੋਂ ਅੱਠ ਹਫ਼ਤਿਆਂ ਵਿੱਚ ਅਲੱਗ ਅਲੱਗ ਬਿੰਦੂਆਂ ਤੋਂ ਸ਼ੁਰੂ ਹੋ ਜਾਂਦਾ ਹੈ ਪਰ ਇਸ ਦਾ ਪੂਰੀ ਤਰ੍ਹਾਂ ਸਖ਼ਤ ਹੱਡੀਆਂ ਦਾ ਜਬਾੜ੍ਹਾ ਬਣਨਾ ਪੰਝੀ ਸਾਲ ਦੀ ਉਮਰ ਤੱਕ ਹੀ ਪੂਰਾ ਹੁੰਦਾ ਹੈ।

ਮਾਂ ਦੇ ਪੇਟ ਵਿੱਚ ਫ਼ੀਟਸ ਤਿਨ ਮਹੀਨਿਆਂ ਯਾਨੀ ਬਾਰਾਂ ਹਫ਼ਤਿਆਂ ਵਿੱਚ ਇਕ ਪੂਰੀ ਦੀ ਪੂਰੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਚਿਹਰਾ ਆਪਣੀ ਇਕ ਅਲੱਗ ਪਛਾਣ ਬਣਾ ਲੈਂਦਾ ਹੈ ਪਰ ਪ੍ਰੈਗਨੈਂਸੀ ਦੇ ਪੂਰੇ ਸਮੇਂ ਤੱਕ ਮਾਂ ਦੇ ਪੇਟ ਵਿੱਚ ਬੱਚੇ ਦਾ ਚਿਹਰਾ ਕਈ ਤਰ੍ਹਾਂ ਦੀਆਂ ਤਬਦੀਲੀਆਂ ਵਿਚੋਂ ਲੰਘਦਾ ਹੈ। ਬਲਕਿ ਜਨਮ ਤੋਂ ਬਾਅਦ ਵੀ ਬੱਚੇ ਦਾ ਪੂਰੀ ਤਰ੍ਹਾਂ ਜਵਾਨ ਹੋਣ ਤੱਕ ਵੀ ਚਿਹਰਾ ਕਈ ਤਰ੍ਹਾਂ ਦੀਆਂ ਤਬਦੀਲੀਆਂ ਵਿਚੋਂ ਲੰਘਦਾ ਹੈ। ਬਲਕਿ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਦਾ ਚਿਹਰਾ ਆਪਣੀ ਮੁਢਲੀ ਬਣਤਰ ਤੋਂ ਬਾਅਦ ਵਾਰ ਵਾਰ ਤਬਦੀਲ ਹੁੰਦਾ ਰਹਿੰਦਾ ਹੈ ਤੇ ਇਹ ਤਬਦੀਲੀ ਆਦਮੀ ਤੇ ਔਰਤ ਦੇ ਦੋਹਾਂ ਦੇ ਚਿਹਰਿਆਂ ਵਿੱਚ ਹੁੰਦੀ ਰਹਿੰਦੀ ਹੈ ਬੇਸ਼ੱਕ ਚਿਹਰੇ ਦੀਆਂ ਹੱਡੀਆਂ ਦਾ ਢਾਂਚਾ ਪੰਝੀ ਸਾਲ ਦੀ ਉਮਰ ਤੱਕ ਇਕ ਪੱਕੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਪਰ ਚਮੜੀ ਮਾਸਪੇਸੀਆਂ ਤੇ ਉਹਨਾਂ ਵਿਚਲੀ ਫੈਟ ਦੀ ਤਹਿ ਕਰਕੇ ਅਤੇ ਖ਼ਾਸ ਕਰਕੇ ਹਾਰਮੋਨਲ ਤਬਦੀਲੀਆਂ ਕਰਕੇ ਵੱਖ-ਵੱਖ ਸਮੇਂ ਤੇ ਚਿਹਰੇ ਵਿੱਚ ਵੱਖ-ਵੱਖ ਤਬਦੀਲੀਆਂ ਆਉਂਦੀਆਂ ਹੀ ਰਹਿੰਦੀਆਂ ਹਨ ਜੋ ਹੱਡੀਆਂ ਤੋਂ ਇਲਾਵਾ ਮਾਸ ਪੇਸ਼ੀਆਂ ਜਾਂ ਚਿਹਰੇ ਵਿਚਲੀ ਚਰਬੀ ਦੇ ਵਧਣ ਘਟਣ ਕਰਕੇ ਆਉਂਦੀਆਂ ਹਨ।

ਹੇਠਲੀਆਂ ਤਸਵੀਰਾ ਖੋਪੜੀ ਅਤੇ ਚਿਹਰੇ ਦੀਆਂ ਸਾਰੀਆ ਹੱਡੀਆਂ ਦੀ ਸਾਂਝੀ ਨਿਸ਼ਾਨ ਦੇਹੀ ਕਰ ਰਹੀਆਂ ਹਨ।

**ਮੂੰਹ ਦੀ ਬਣਤਰ**

ਮੂੰਹ ਦੀ ਬਣਤਰ ਤੋਂ ਪਹਿਲਾਂ ਇਸਦੀ ਬਾਹਰੀ ਨਿਸ਼ਾਨਦੇਹੀ ਜਾਣਨੀ ਜ਼ਰੂਰੀ ਹੈ। ਮੂੰਹ ਨੂੰ ਬਕਲ ਕੈਵਟੀ ਜਾਂ ਓਰਲ ਕੈਵਿਟੀ ਵੀ ਕਹਿੰਦੇ ਹਾਂ ਜਿਸਦਾ ਬਾਹਰੀ ਦਰਵਾਜ਼ਾ ਦੋ ਬੁੱਲ੍ਹਾਂ ਨਾਲ ਢਕਿਆ ਹੁੰਦਾ ਹੈ।

ਦੋਹਾਂ ਬੁਲ੍ਹਾਂ ਦੇ ਅੰਦਰ ਵਾਰ ਤੇ ਪਾਸਿਆਂ ਤੋਂ ਦੋਹ ਗੱਲਾਂ ਦੇ ਵਿਚਕਾਰ ਅਤੇ ਪਿਛਲੇ ਪਾਸੇ ਜੀਭ ਦੇ ਗਲੇ ਨਾਲ ਮਿਲਣ ਵਾਲੇ ਸਥਾਨ ਜਿਸਨੂੰ ਗਲਾਸੋਫਰਿੰਜੀਅਲ ਜੰਕਸ਼ਨ ਕਹਿੰਦੇ ਹਨ। ਉਥੋਂ ਤੱਕ ਮੂੰਹ ਦਾ ਯਾਨੀ ਬਕਲ ਕੈਵਿਟੀ ਦਾ ਏਰੀਆ ਹੈ।

ਇਹ ਗੁੰਬਦ ਵਰਗੀ ਮੂੰਹ ਦੀ ਅੰਦਰੂਨੀ ਸ਼ਕਲ ਨੂੰ ਓਰਲ ਕੈਵਿਟੀ ਕਹਿੰਦੇ ਹਨ। ਇਸ ਕੈਵਿਟੀ ਨੂੰ ਅਸੀਂ ਮੂੰਹ ਖੋਹਲ ਕੇ ਦੋ ਭਾਗਾਂ ਵਿੱਚ ਵੰਡ ਕੇ ਸਮਝ ਸਕਦੇ ਹਾਂ।

ਵੈਸਟੀਬਿਊਲ ਯਾਨੀ ਬਾਹਰੀ ਬਾਉਂਡਰੀ ਦੇ ਅੰਦਰਲਾ ਯਾਨੀ ਬੁਲਾਂ ਤੇ ਗੱਲ੍ਹਾਂ ਦੇ ਅੰਦਰ ਵਾਰ ਤੇ ਦੰਦਾਂ ਦੇ ਦੋਹਾਂ ਪੀਹੜਾਂ ਦੇ ਬਾਹਰ ਬਾਹਰ ਵਾਲੇ ਹਿੱਸੇ ਨੂੰ ਵੇਸਟੀਬਿਊਲ ਕਹਿੰਦੇ ਹਨ। ਯਾਨੀ ਜਿਵੇਂ ਸਾਡੇ ਘਰਾਂ ਅੱਗੇ ਬਰਾਂਡਾ ਹੁੰਦਾ ਹੈ ਠੀਕ ਅੰਦਰ ਦੀ ਮੂੰਹ ਦੀ ਅਸਲ ਗੁਲਾਈ ਦੇ ਬਾਹਰ ਵਾਰ ਇਹ ਬਰਾਂਡੇ ਵਰਗਾ ਹਿੱਸਾ ਹੈ ਜਿਹੜਾ ਬਾਹਰਲੇ ਦਰਵਾਜ਼ੇ ਯਾਨੀ ਬੁੱਲ੍ਹਾਂ ਦਾ ਦਰਵਾਜ਼ਾ ਖੁੱਲ੍ਹਦਿਆਂ ਸਾਹਮਣੇ ਦਿਖਾਈ ਦਿੰਦਾ ਹੈ ਤੇ ਬਰਾਂਡੇ ਵਿੱਚ ਬੈਠਿਆ ਜਿਵੇ ਘਰ ਦਾ ਬੰਦ ਦਰਵਾਜ਼ਾ ਦਿਖਾਈ ਦਿੰਦਾ ਹੈ ਉਹ ਸਾਡੇ ਦੰਦਾਂ ਦੇ ਪੀਹੜ ਹਨ। ਸੋ ਮੁੱਕਦੀ ਗੱਲ ਦੰਦਾ ਦੇ ਬਾਹਰ ਵਾਰ ਤੇ ਗੱਲਾਂ ਦੇ ਅੰਦਰ ਦੀ ਜਗਹ ਨੂੰ ਵੈਸਟੀਬਿਉਲ ਯਾਨੀ ਮੂੰਹ ਦਾ ਬਰਾਂਡਾ ਕਹਿੰਦੇ ਹਨ

ਅਸਲ ਮੂੰਹ ਦੀ ਗੁੰਬਦ ਗੁਲਾਈ ਵਾਲਾ ਹਿੱਸਾ। ਯਾਨੀ ਸਾਹਮਣੇ ਅਤੇ ਸਾਈਡਾਂ ਤੋਂ ਅੰਦਰ ਅੰਦਰਵਾਲਾ ਹਿੱਸਾ ਜਿਹੜਾ ਉਪਰਲੇ ਪਾਸੇ ਮੂੰਹ ਦੀ ਛੱਤ ਯਾਨੀ ਸਾਹਮਣੇ ਯਾਨੀ ਸਖ਼ਤ ਹੱਡੀ।

(ਚੱਲਦਾ)





CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals


ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption



BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਅਮਰੀਕਾ ਦੇ ਲੁਈਸਿਆਨਾ ਦੇ ਅੰਤਰਰਾਜੀ ਇੰਟਰਸਟੇਟ ਰੂਟ 55 ’ਤੇ ਭਾਰੀ ਧੁੰਦ ਕਾਰਨ 158 ਵਾਹਨਾਂ ਦੇ ਆਪਸ ਵਿੱਚ ਟਕਰਾਉਣ ਕਾਰਨ 7 ਲੋਕਾਂ ਦੀ ਮੌਤ







ਨਿਊਯਾਰਕ, (ਸਾਡੇ ਲੋਕ/ਰਾਜ ਗੋਗਨਾ) : ਅਮਰੀਕਾ ਦੇ ਸੂਬੇ ਲੁਈਸਿਆਨਾ ਦੇ ਅੰਤਰਰਾਜੀ ਮਾਰਗ ’ਤੇ ਪਈ ਸੰਘਣੀ ਧੁੰਦ ਦੇ ਕਾਰਨ 158 ਵਾਹਨਾਂ ਦਾ ਆਪਸ ਵਿੱਚ ਟਕਰਾਉਣ ਦੇ ਕਾਰਨ ਸੋਮਵਾਰ ਨੂੰ ਘੱਟੋ-ਘੱਟ 7 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਜਿਸ ਦੇ ਵਿੱਚ 25 ਤੋਂ ਵੱਧ ਲੋਕ ਜ਼ਖਮੀ ਹੋ ਗਏ ਹਨ। ਲੂਸੀਆਨਾ ਸਟੇਟ ਪੁਲਿਸ ਦੇ ਅਨੁਸਾਰ, ਨਿਊ ਓਰਲੀਨਜ਼ ਦੇ ਨੇੜੇ, ਲੁਈਸਿਆਨਾ ਦੇ ਸੇਂਟ ਜੌਨ ਬੈਪਟਿਸਟ ਪੈਰਿਸ਼ ਵਿੱਚ ਇੰਟਰਸਟੇਟ ਰੂਟ 55 ’ਤੇ ਮੀਲ-ਲੰਬਾ ਹਾਦਸਾ, ਸੋਮਵਾਰ ਦੀ ਸਵੇਰ ਦੇ ‘ਸੁਪਰ ਫੋਗ’ (ਜ਼ਿਆਦਾ ਧੁੰਦ) ਦੇ ਦੌਰਾਨ ਵਾਪਰਿਆ, ਇਸ ਭਿਆਨਕ ਹਾਦਸੇ, ਦੇ ਕਾਰਨ ਕਈ ਵਾਹਨਾਂ ਨੂੰ ਅੱਗ ਵੀ ਲੱਗ ਗਈ, ਜਿਸ ਵਿੱਚ ਖਤਰਨਾਕ ਤਰਲ ਪਦਾਰਥ ਲੈ ਕੇ ਜਾ ਰਹੇ ਇੱਕ ਟੈਂਕਰ ਟਰੱਕ ਵੀ ਸਾਮਿਲ ਹੈ। ਇਸ ਮੌਕੇ ਪੁਲਿਸ ਨੇ 9-55, 9-10 ਅਤੇ 9-310 ਦੇ ਰੂਟਾਂ ਨੂੰ ਬੰਦ ਕਰ ਦਿੱਤਾ ਗਿਆ। ਕਿਉਂਕਿ ਚਾਲਕ ਦਲ ਨੇ ਤਬਾਹ ਹੋਏ ਵਾਹਨਾਂ ਨੂੰ ਸਾਫ਼ ਕਰਨਾ ਜਾਰੀ ਰੱਖਿਆ ਅਤੇ ਯੂ.ਐਸ ਆਵਾਜਾਈ ਦੇ ਕਰਮਚਾਰੀਆਂ ਨੇ ਨੁਕਸਾਨ ਲਈ ਅੰਤਰਰਾਜੀ ਰੂਟ ਦਾ ਮੁਆਇਨਾ ਕੀਤਾ। ਰਾਜ ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ, ‘ਇੱਕ ਵਾਰ ਟੈਂਕਰ ਨੂੰ ਹਟਾਏ ਜਾਣ ਤੋਂ ਬਾਅਦ, ਪਹਿਲੇ ਜਵਾਬ ਦੇਣ ਵਾਲੇ ਉਸ ਨਜ਼ਦੀਕੀ ਖੇਤਰ ਵਿੱਚ ਵਾਹਨਾਂ ਦਾ ਬਿਹਤਰ ਮੁਲਾਂਕਣ ਕਰਨ ਦੇ ਯੋਗ ਹੋਣਗੇ। ਇਹ ਸੰਭਵ ਹੈ ਕਿ ਵਾਧੂ ਮੌਤਾਂ ਦਾ ਪਤਾ ਲਗਾਇਆ ਜਾ ਸਕਦਾ ਹੈ’ ਰਾਜ ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ।ਨੈਸ਼ਨਲ ਵੈਦਰ ਸਰਵਿਸ ਨੇ ਸੋਮਵਾਰ ਸਵੇਰੇ ਬੈਟਨ ਰੂਜ ਤੋਂ ਨਿਊ ਓਰਲੀਨਜ਼ ਤੱਕ ਦੱਖਣ-ਪੂਰਬੀ ਲੁਈਸਿਆਨਾ ਦੇ ਜ਼ਿਆਦਾਤਰ ਹਿੱਸੇ ਲਈ ਸੰਘਣੀ ਧੁੰਦ ਦੀ ਸਲਾਹ ਵੀ ਜਾਰੀ ਕੀਤੀ ਸੀ, ਜਿਸ ਨਾਲ ‘ਦ੍ਰਿਸ਼ਟੀ ਨੂੰ 1/4 ਮੀਲ ਤੱਕ ਘਟਾਇਆ ਜਾ ਸਕਦਾ ਹੈ’ ਅਤੇ ‘ਖਤਰਨਾਕ ਡਰਾਈਵਿੰਗ ਸਥਿਤੀਆਂ’ ਦਾ ਕਾਰਨ ਬਣ ਸਕਦਾ ਹੈ। ਸੁਪਰ ਧੁੰਦ ਭਾਰੀ ਸੰਘਣੀ ਧੁੰਦ ਦੇ ਸੁਮੇਲ ਅਤੇ ਇਸ ਖੇਤਰ ਵਿੱਚ ਅੱਗ ਲੱਗਣ ਦੇ ਕਾਰਨ ਨਿਕਲਣ ਵਾਲੇ ਧੂੰਏਂ ਕਾਰਨ ਹੋਈ ਸੀ। ‘ਜੰਗਲੀ ਅੱਗ ਦੇ ਧੂੰਏਂ ਅਤੇ ਸੰਘਣੀ ਧੁੰਦ ਦਾ ਸੁਮੇਲ ਖ਼ਤਰਨਾਕ ਹੈ’ ਲੁਈਸਿਆਨਾ ਦੇ ਗਵਰਨਰ ਜੌਹਨ ਬੇਲ ਐਡਵਰਡਸ ਨੇ ਸੋਮਵਾਰ ਨੂੰ ਇੱਕ ਬਿਆਨ ਵਿੱਚ ਕਿਹਾ, ਰਾਜਪਾਲ ਨੇ ਅੱਗੇ ਕਿਹਾ, ਸੜਕ ’ਤੇ ਸਾਵਧਾਨੀ ਵਰਤਣ ਤੋਂ ਇਲਾਵਾ, ਤੁਸੀਂ ਉਨ੍ਹਾਂ ਦੀ ਮਦਦ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ, ਆਪਣੇ ਸਥਾਨਕ ਖ਼ੂਨਦਾਨ ਕੇਂਦਰ ’ਤੇ ਖ਼ੂਨ ਦਾਨ ਕਰਨਾ। ਇਹ ਉਨ੍ਹਾਂ ਦੀ ਜਾਨ ਨੂੰ ਬਚਾਉਣ ਵਿੱਚ ਮਦਦ ਕਰੇਗਾ ਜੋ ਅੱਜ ਜ਼ਖਮੀਆਂ ਦੀ ਦੇਖਭਾਲ ਲਈ ਪਹੁੰਚੇ। ਪੁਲਿਸ ਦੇ ਅਨੁਸਾਰ, ਜਾਂਚਕਰਤਾ ਅਜੇ ਵੀ ਕਰੈਸ਼ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਕੰਮ ਕਰ ਰਹੇ ਹਨ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਾਦਸੇ ਵਿੱਚ ਘੱਟੋ-ਘੱਟ 158 ਵਾਹਨ ਸ਼ਾਮਲ ਸਨ ਅਤੇ 7 ਮੌਤਾਂ ਦੀ ਪੁਸ਼ਟੀ ਹੋਈ ਹੈ ਅਤੇ 25 ਤੋਂ ਵੱਧ ਲੋਕਾਂ ਨੂੰ ਜ਼ਖ਼ਮੀ ਹਾਲਤ ਵਿੱਚ ਇਲਾਕੇ ਦੇ ਹਸਪਤਾਲਾਂ ’ਚ ਹਨ।

# ਦੋ ਭਾਰਤੀ ਮੂਲ ਦੇ ਵਿਗਿਆਨੀਆਂ ਅਸ਼ੋਕ ਗਾਡਗਿਲ ਅਤੇ ਸੁਬਰਾ ਸੁਰੇਸ਼ ਨੂੰ ਮਿਲਿਆ ਰਾਸ਼ਟਰਪਤੀ ਮੈਡਲ, ਸਭ ਤੋਂ ਵੱਡਾ ਵਿਗਿਆਨਕ ਸਨਮਾਨ

## ਵ੍ਹਾਈਟ ਹਾਊਸ ਵਿੱਚ ਰਾਸ਼ਟਰਪਤੀ ਬਿਡੇਨ ਨੇ ਕੀਤਾ ਸਨਮਾਨਿਤ





ਵਾਸ਼ਿੰਗਟਨ, (ਸਾਡੇ ਲੋਕ/ਰਾਜ ਗੋਗਨਾ) : ਦੋ ਭਾਰਤੀ-ਅਮਰੀਕੀ ਵਿਗਿਆਨੀਆਂ ਦਾ ਅਮਰੀਕਾ ਦੇ ਵ੍ਹਾਈਟ ਹਾਊਸ ਵਿਖੇ ਰਾਸ਼ਟਰਪਤੀ ਜੋਅ ਬਿਡੇਨ ਵੱਲੋਂ ਨੈਸ਼ਨਲ ਟੈਕਨਾਲੋਜੀ ਅਤੇ ਇਨੋਵੇਸ਼ਨ ਮੈਡਲ ਦੇ ਨਾਲ ਸਨਮਾਨਿਤ ਕੀਤਾ ਗਿਆ। ਇਹ ਨੈਸ਼ਨਲ ਮੈਡਲ ਆਫ਼ ਸਾਇੰਸ ਦੇਸ਼ ਦਾ ਸਰਵਉੱਚ ਵਿਗਿਆਨਕ ਸਨਮਾਨ ਹੈ ਅਤੇ ਇਹ ਮੈਡਲ ਵ੍ਹਾਈਟ ਹਾਊਸ ਵਿਖੇ ਦਿੱਤਾ ਗਿਆ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਨੇ ਵ੍ਹਾਈਟ ਹਾਊਸ ਵਿੱਚ ਇਹ ਦੋ ਭਾਰਤੀ-ਅਮਰੀਕੀ ਵਿਗਿਆਨੀ ਜਿੰਨਾਂ ਦੇ ਨਾਂ ਅਸ਼ੋਕ ਗਾਡਗਿਲ ਅਤੇ ਸੁਬਰਾ ਸੁਰੇਸ਼ ਨੂੰ ਨੈਸ਼ਨਲ ਮੈਡਲ ਆਫ਼ ਟੈਕਨਾਲੋਜੀ ਅਤੇ ਇਨੋਵੇਸ਼ਨ ਅਤੇ ਨੈਸ਼ਨਲ ਮੈਡਲ ਆਫ਼ ਸਾਇੰਸ ਨਾਲ ਸਨਮਾਨਿਤ ਕੀਤਾ ਹੈ। ਦੱਸਣਯੋਗ ਹੈ ਕਿ ਭਾਰਤੀ ਮੂਲ ਦੇ ਖਾਸ ਤੌਰ ’ਤੇ ਇਨ੍ਹਾਂ ਵਿਗਿਆਨੀਆਂ ਨੇ ਕਈ ਖੋਜਾਂ ਕੀਤੀਆਂ ਹਨ, ਜਿਸ ਵਿੱਚ ਜੀਵਨ ਬਚਾਉਣ ਵਾਲੇ ਡਾਕਟਰੀ ਇਲਾਜ ਨੂੰ ਸਮਰੱਥ ਬਣਾਉਣਾ, ਓਪੀਡੀ ਮਹਾਂਮਾਰੀ ਨਾਲ ਲੜਨ ਵਿੱਚ ਮਦਦ ਕਰਨਾ ਅਤੇ ਭੋਜਨ ਸੁਰੱਖਿਆ ’ਚ ਸੁਧਾਰ ਕਰਨਾ ਸ਼ਾਮਲ ਹੈ। ਇਹ ਸਰਵਉੱਚ ਸਨਮਾਨ ਅਮਰੀਕਾ ਵਿੱਚ ਸੰਨ 1959 ਵਿੱਚ ਸ਼ੁਰੂ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਨੈਸ਼ਨਲ ਮੈਡਲ ਆਫ਼ ਸਾਇੰਸ ਦੇਸ਼ ਦਾ ਸਭ ਤੋਂ ਉੱਚਾ ਵਿਗਿਆਨਕ ਸਨਮਾਨ ਹੈ, ਜਿਸਦੀ ਸਥਾਪਨਾ ਯੂਐਸ ਕਾਂਗਰਸ ਦੁਆਰਾ ਕੀਤੀ ਗਈ ਸੀ ਅਤੇ ਯੂਐਸ ਨੈਸ਼ਨਲ ਸਾਇੰਸ ਫਾਊਂਡੇਸ਼ਨ ਦੁਆਰਾ ਪ੍ਰਬੰਧਿਤ ਕੀਤੀ ਗਈ ਸੀ। ਇਹ ਸੰਯੁਕਤ ਰਾਜ ਦੇ ਰਾਸ਼ਟਰਪਤੀ ਦੁਆਰਾ ਜੀਵਨ ਵਿਗਿਆਨ, ਕੰਪਿਊਟਰ ਵਿਗਿਆਨ, ਵਿਦਿਅਕ ਵਿਗਿਆਨ, ਇੰਜੀਨੀਅਰਿੰਗ, ਭੂ-ਵਿਗਿਆਨ, ਗਣਿਤ, ਭੌਤਿਕ ਵਿਗਿਆਨ, ਅਤੇ ਸਮਾਜਿਕ, ਲਾਗੂ ਅਤੇ ਆਰਥਿਕ ਵਿਗਿਆਨ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਵਿਸ਼ੇਸ਼ ਮਾਨਤਾ ਦੇ ਯੋਗ ਵਿਸ਼ੇਸ਼ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖ਼ਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ


# ਵੱਡੇ ਭਰਾ ਦਾ ਅਸਰ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)

ਦੋਵੇਂ ਕੰਪਨੀ ਕਮਾਂਡਰ ਕੈਪਟਨ ਰਮੇਸ਼ ਕਪੂਰ ਅਤੇ ਲਫਟੈਨ ਹੁਕਮ ਸਿੰਘ ਮਾਰੇ ਗਏ। ਕਰਨਲ ਕੇ.ਐਸ. ਬਖਸ਼ੀ ਹਮਲੇ ਵਿਚ ਅਗਵਾਈ ਕਰ ਰਹੇ ਸਨ। ਉਹਨਾਂ ਦਾ ਇੰਟੈਲੀਜੈਂਸ ਅਫ਼ਸਰ ਸੈਕਿੰਡ ਲਫਟੈਨਓਮ ਪ੍ਰਕਾਸ਼ ਗਾਡਜੋ ਕਰਨਲ ਬਖਸ਼ੀ ਨਾਲ ਸੀ, ਵੀ ਮਾਰਿਆ ਗਿਆ। ਕੁਲ ਤਿੰਨ ਅਫ਼ਸਰ, ਦੋ ਜੇ.ਸੀ.ਓ ਅਤੇ 38 ਜਵਾਨ ਮਾਰੇ ਗਏ। ਤਕਰੀਬਨ ਇੰਨੇ ਕੁ ਹੀ ਜ਼ਖ਼ਮੀ ਹੋ ਗਏ। ਸਾਡੀ ਰੈਜੀਮੈਂਟ ਮਹਾਰ ਸ਼ੁੱਧ ਰੈਜੀਮੈਂਟ ਸੀ। ਇਸ ਵਿਚ ਬਹੁਤ ਸਾਰੇ ਰਿਸ਼ਤੇਦਾਰ ਇਕੱਠੇ ਹੀ ਕਿਸੇ ਰੈਜੀਮੈਂਟ ਦਾ ਹਿੱਸਾ ਹੁੰਦੇ ਹਨ। ਜਿਵੇਂ ਮਾਮਾ-ਭਾਣਜਾ, ਸਾਲਾ ਭਣੋਈਆ, ਦੋ ਭਰਾਇਕੋ ਰੈਜੀਮੈਂਟ ਵਿਚ ਹੁੰਦੇ ਹਨ।

ਦੂਜਾ ਓਪਰੇਸ਼ਨ ਜਿਸ ਵਿਚ ਮੇਜਰ ਕੁਲਵਿੰਦਰ ਸਿੰਘ (ਬਾਅਦ ਵਿਚ ਬ੍ਰਿਗੇਡੀਅਰ) ਅਤੇ ਮੈਂ ਹਿੱਸਾ ਲਿਆ। ਇਹ ਵਾਕਿਆ ਪਿੰਡ ਭੂਰਾ ਕੂਆਂ ਦਾ ਹੈ। ਭੂਰਾ ਕੂਆਂ ਕਰੀਮਪੁਰ ਅਤੇ ਖੇਮਕਰਨ ਭਾਰਤ ਦੇ ਇਲਾਕੇ ਹਨ। ਸਾਡੀ ਰੈਜੀਮੈਂਟ ਇਸ ਇਲਾਕੇ ਵਿਚ ਆਉਣ ਤੋਂ ਪਹਿਲਾਂ ਹੀ ਇਹ ਇਲਾਕੇ ਪਾਕਿਸਤਾਨ ਫੌਜ ਨੇ ਦਬ ਲਏ ਸਨ। ਅਫ਼ਸਰਾਂ ਨੇ ਸ਼ਾਇਦ ਸੋਚਿਆ ਹੋਵੇਗਾ ਕਿ ਇਸ ਇਲਾਕੇ ਵਿਚ ਕਿਸੇ ਵੱਡੇ ਟੈਂਕ ਅਟੈਕ ਦੀ ਸੰਭਾਵਨਾ ਨਹੀਂ ਸਮਝੀ, ਕਿਉਂਕਿ ਇਹਨਾਂ ਪਿੰਡਾਂ ਤੋਂ ਅੱਗੇ ਪਾਕਿਸਤਾਨ ਵੱਲ ਦਰਿਆ ਦਾ ਢਾਹਾ ਸੀ। ਇਸ ਕਰਕੇ ਗੋਰਖਿਆਂ ਦੀ ਸਿਰਫ਼ ਇੱਕ ਕੰਪਨੀ ਹੀ ਤੈਨਾਤ ਸੀ। ਦੁਸ਼ਮਣ ਦੀਆਂ ਫੌਜਾਂ ਵੱਡੀ ਗਿਣਤੀ ਵਿਚ ਇਸ ਇਲਾਕੇ ਵਿਚ ਟੈਂਕਾਂ ਨਾਲ ਲੜਾਈ ਦੇ ਸ਼ੁਰੂ ਵਿਚ ਹੀ ਆਈਆਂ ਅਤੇ ਗੋਰਖਿਆਂ ਦੀ ਇੱਕ ਕੰਪਨੀ ਦ੍ਰਿੜ ਦਿੱਤੀ। ਇਹ ਸਾਰਾ ਇਲਾਕਾ ਪਾਕਿਸਤਾਨੀ ਫੌਜ ਨੇ ਲੈ ਲਿਆ। ਭੂਰਾ ਕੂਆਂ ਵਿਚ ਪਤਾ ਨਹੀਂ ਸੀ ਕਿ ਪਾਕਿਸਤਾਨ ਦੀ ਫੌਜ ਹੈ ਜਾਂ ਨਹੀਂ।

ਬ੍ਰਿਗੇਡ ਹੈੱਡਕੁਆਰਟਰ ਪਿੰਡ ਚੀਮਾ ਵਿਚ ਤੈਨਾਤ ਸਨ। ਕਰਨਲ ਬਖਸ਼ੀ ਨੇ ਮੈਨੂੰ ਮੇਰਾ ਕੰਮ ਸਮਝਾਇਆ। ਉਸ ਤੋਂ ਬਾਅਦ ਮੈਨੂੰ ਬ੍ਰਿਗੇਡੀਅਰ ਦਵਿੰਦਰ ਸਿੰਘ ਸਿੱਧੂ ਜੋ ਬ੍ਰਿਗੇਡ ਕਮਾਂਡਰ ਸਨ, ਪਾਸ ਲੈ ਗਏ। ਉਹਨਾਂ ਨੇ ਮੇਰੇ ਨਾਲ ਗੱਲ ਕੀਤੀ ਅਤੇ ਤਸੱਲੀ ਜ਼ਾਹਿਰ ਕੀਤੀ। ਇਸ ਲਈ ਮੈਨੂੰ ਇਕ ਹੌਲਦਾਰ ਤੇ ਤਿੰਨ ਸਿਪਾਹੀ ਦੇ ਕੇ ਰੈਕੀ ਕਰਨ ਲਈ ਇਸ ਇਲਾਕੇ ਵਿਚ ਭੇਜਿਆ ਗਿਆ। ਕਰਨਲ ਬਖਸ਼ੀ ਜੋ ਸਾਡੀ ਬਟਾਲੀਅਨ ਦੇ ਕਮਾਂਡਰ ਸਨ, ਮੈਨੂੰ ਅੱਧਾ ਕਿਲੋਮੀਟਰ ਤੱਕ ਛੱਡਣ ਗਏ। ਜਦੋਂ ਉਹ ਵਾਪਸ ਮੁੜਣ ਵਾਲੇ ਹੀ ਸਨ ਤਾਂ ਮੈਂ ਕਿਹਾ, "ਸਰ ਮੇਰਾ ਸ਼ਨਾਖਤੀ ਕਾਰਡ ਤੁਸੀਂ ਲੈ ਲਓ।" ਉਹ ਕਹਿਣ ਲੱਗੇ ਕਿਉਂ ? ਮੈਂ ਕਿਹਾ, "ਸਰ ਜਿਸ ਸੈਕਿੰਡ ਲੈਫਟਨ ਨੂੰ ਕਰਨਲ ਸਾਹਿਬ ਅੱਧਾ ਕਿਲੋਮੀਟਰ ਛੱਡਣ ਜਾ ਰਹੇ ਹੋਣ, ਇੰਝ ਲੱਗਦਾ ਹੈ ਜਿਵੇਂ ਇਹ ਮਿਸ਼ਨ ਵੱਡੀ ਜ਼ਿੰਮੇਵਾਰੀ ਵਾਲਾ ਅਤੇ ਖ਼ਤਰੇ ਭਰਿਆ ਹੋਵੇਗਾ।" ਉਹਨਾਂ ਨੇ ਕਿਹਾ ਐਸੀ ਗੱਲ ਨਹੀਂ ਹੈ। ਇਹ ਸ਼ਨਾਖ਼ਤੀ ਕਾਰਡ ਜੇਬ ਵਿਚ ਰੱਖੋ। ਦੂਜਾ ਸਵਾਲ ਜੋ ਮੈਂ ਕਰਨਲ ਸਾਹਿਬ ਤੋਂ ਪੁੱਛਿਆ ਕਿ ਜੇਕਰ ਕੋਈ ਸਿਪਾਹੀ ਡਰ ਕੇ ਭੱਜਣ ਦੀ ਕੋਸ਼ਿਸ਼ ਕਰੇ ਤਾਂ ਕੀ ਮੈਂ ਉਸ ਨੂੰ ਗੋਲੀ ਮਾਰ ਸਕਦਾ ਹਾਂ। ਮੈਂ ਕਿਹਾ ਕਿ ਐਸਾ ਨਾ ਹੋਵੇ ਕਿ ਮੈਂ ਦੇਸ਼ ਭਗਤੀ ਦੇ ਜਜ਼ਬੇ ਵਿਚ ਭਗੌੜੇ ਸਿਪਾਹੀ ਦੇ ਗੋਲੀ ਮਾਰਦਿਆਂ ਤੇ ਤੁਸੀਂ ਮੇਰਾ ਕੋਰਟ ਮਾਰਸ਼ਲ ਕਰਵਾ ਦਿਓ ਤੇ ਮੈਨੂੰ ਕੈਦ ਕਰਵਾ ਦਿਓ। ਮੈਨੂੰ ਇਸ ਦਾ ਸਪਸ਼ਟ ਉੱਤਰ ਚਾਹੀਦਾ ਹੈ। ਕਰਨਲ ਬਖਸ਼ੀ ਨੇ ਕਿਹਾ, "ਇਹੋ ਜਿਹੇ ਕੇਸ ਵਿਚ ਮੈਂ ਤੇਰੇ ਨਾਲ ਖੜ੍ਹਾ ਹੋਵਾਂਗਾ।" ਬ੍ਰਿਗੇਡੀਅਰ ਦਵਿੰਦਰ ਸਿੰਘ ਸਿੱਧੂ ਨੇ ਭੂਰਾ ਕੂਆਂ ਜਾਣ ਤੋਂ ਪਹਿਲਾਂ ਮੈਨੂੰ ਸਮਝਾਇਆ ਸੀ ਕਿ, ਕੀ ਕਰਨਾ ਹੈ। ਉਹਨਾਂ ਨੇ ਕਿਹਾ ਸੀ ਕਿ ਜਦ ਤੁਸੀਂ ਭੂਰਾ ਕੂਆਂ ਪਿੰਡ ਤੇ ਕਬਜ਼ਾ ਕਰ ਲਓ ਤਾਂ ਸਾਨੂੰ ਸਿਗਨਲ ਰਾਹੀਂ ਤਿੰਨ ਵਾਰ 'ਬੜੌਦਾ, ਬੜੌਦਾ, ਬੜੌਦਾ' ਸੰਦੇਸ਼ ਭੇਜਣਾ ਹੈ। ਇਸ ਨਾਲ ਅਸੀਂ ਸਮਝ ਜਾਵਾਂਗੇ ਕਿ ਤੁਸੀਂ ਠੀਕ ਠਾਕ ਪਹੁੰਚ ਗਏ ਹੋ। ਬਾਅਦ ਵਿਚ ਤੁਹਾਡੀ ਸਾਰੀ ਕੰਪਨੀ ਭੇਜ ਦਿੱਤੀ ਜਾਵੇਗੀ। ਸਾਡੀ ਕੰਪਨੀ ਦੇ ਕਮਾਂਡਰ ਮੇਜਰ ਕੁਲਵਿੰਦਰ ਸਿੰਘ ਜਿਹਨਾਂ ਨੇ ਬਾਕੀ ਦੇ 100 ਕੁ ਬੰਦੇ ਲੈ ਕੇ ਸਾਨੂੰ ਜੁਆਇਨ ਕਰਨਾ ਸੀ।




ਅੱਗੇ-ਅੱਗੇ ਦੋ ਸਿਪਾਹੀ ਰਹਿੰਦੇ ਸਨ ਜਿਹਨਾਂ ਨੂੰ ਸਕਾਊਟ ਕਹਿੰਦੇ ਹਨ। ਅੱਗੇ ਇੱਕ ਅਰਲਾਹਖੋਟ ਲੱਗਾ ਹੋਇਆ ਸੀ। ਅਰਲਾਹਖੋਟ ਇਕ ਲੱਕੜੀ ਦਾ ਅੰਗਰੇਜ਼ੀ ਦੇ ਅੱਖਰ 'ਵਾਈ' ਦੇ ਆਕਾਰ ਵਰਗਾ ਹੁੰਦਾ ਹੈ ਜੋ ਪਸ਼ੂਆਂ ਨੂੰ ਰੋਕਣ ਲਈ ਬਣਾਇਆ ਜਾਂਦਾ ਹੈ। ਬੰਦੇ ਉਸ ਵਿਚੋਂ ਲੰਘ ਸਕਦੇ ਹਨ ਪਰ ਪਸ਼ੂ ਨਹੀਂ। ਮਹਾਂਰਾਸ਼ਟਰ ਵਿਚ ਅਰਲਾਹਖੋਟ ਨਹੀਂ ਲਗਾਇਆ ਜਾਂਦਾ। ਜਿਸ ਕਰਕੇ ਸਾਡੇ ਜਵਾਨਾਂ ਨੂੰ ਅਰਲਾਹਖੋਟ ਬਾਰੇ ਪਤਾ ਨਹੀਂ ਸੀ। ਅਰਲਾਹਖੋਟ ਮੋਟੀ ਲੱਕੜੀ ਦਾ ਹੁੰਦਾ ਹੈ, ਅਤੇ ਇਸ ਦਾ ਛਿਲਕਾ ਉਤਰਨ ਕਰਕੇ ਖਾਕੀ ਦਿੱਸਦਾ ਹੈ। ਪਾਕਿਸਤਾਨ ਦੀ ਵਰਦੀ ਵੀ ਖਾਕੀ ਸੀ। ਉਹਨਾਂ ਨੂੰ ਇੰਝ ਲੱਗਾ ਕਿ ਦੋ ਪਾਕਿਸਤਾਨੀ ਸਿਪਾਹੀ ਆਪਸ ਵਿਚ ਗੱਲ ਕਰ ਰਹੇ ਹਨ। ਮੈਂ ਲੇਟ ਲੇਟ ਕੇ ਹੌਲੀ-ਹੌਲੀ ਸਿਪਾਹੀ ਵੱਲ ਵਧਿਆ ਕਿ ਉਹ ਮੈਨੂੰ ਦੁਸ਼ਮਣ ਦਿਖਾਵੇ। ਮੈਂ ਦੇਖਿਆਕਿ ਉਹ ਲੱਕੜੀ ਦਾ ਅਰਲਾਹਖੋਟ ਸੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸ੍ਰੀ ਅਕਾਲ ਤਖਤ ਸਾਹਿਬ**

28 ਅਪ੍ਰੈਲ, 1985 ਨੂੰ ਪੰਜ ਸਿੰਘ ਸਾਹਿਬਾਨ ਦੀਆਂ ਇਕੱਤਰਤਾ ਸਿੱਖ ਰਹਿਤ ਮਰਯਾਦਾ ਵਿਚ ਕੁਝ ਸੋਧਾਂ ਦਾ ਮਤਾ ਪਾਸ ਕੀਤਾ ਗਿਆ,

"ਸਿੱਖ ਰਹਿਤ ਮਰਯਾਦਾ ਦੇ ਪੰਨਾ 9 ਅਤੇ ਪੰਨਾ 26 ਉਪਰ ਨਿਤਨੇਮ ਦੀਆਂ ਬਾਣੀਆਂ ਵਿਚ ਇਸ ਤਰ੍ਹਾਂ ਸੋਧ ਕਰ ਦਿੱਤੀ ਜਾਵੇ : ਜਾਪੁ, 10 ਸਵੱਯੇ (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ ਤੇ ਅਨੰਦੁ।"

ਪਰ ਨਾ ਤਾਂ ਇਹ ਫੈਸਲਾ ਅਮਲ ਵਿਚ ਹੀ ਆਇਆ ਅਤੇ ਨਾ ਹੀ ਸਿੰਘ ਸਾਹਿਬਾਨ ਵਲੋਂ ਇਸ ਬਾਰੇ ਕੋਈ ਅਗਲੀ ਕਾਰਵਾਈ ਹੀ ਕੀਤੀ ਗਈ।

ਉਪਰੰਤ ਇਕ ਵਾਰ ਫਿਰ 29 ਮਾਰਚ, 1988 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਦੀ ਇਕੱਤ੍ਰਤਾ ਦਰਸ਼ਨੀ ਡਿਉਢੀ ਵਿਚ ਹੋਈ। ਇਸ ਵਿਚ ਤਿੰਨ ਮਤੇ ਪ੍ਰਵਾਨ ਕੀਤੇ ਗਏ ਅਤੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਜਾਰੀ ਕੀਤੀ ਕਿ ਉਹ ਇਸ ਨੂੰ ਲਾਗੂ ਕਰੇ। ਇਸ ਦਾ ਵੇਰਵਾ ਸਰਦਾਰ ਕੁਲਵੰਤ ਸਿੰਘ, ਸਾਬਕਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਪੁਸਤਕ 'ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ' ਦੇ ਪੰਨਾ 155-56 'ਤੇ ਦਿੱਤਾ ਹੈ :

1. ਪੁਰਾਤਨ ਪੰਜ ਗ੍ਰੰਥੀ ਵਿਚ ਜੋ ਭਾਈ ਮਨੀ ਸਿੰਘ ਜੀ ਵਾਲੀ ਸੰਪੂਰਨ ਰਹਿਰਾਸ ਸਾਹਿਬ ਹੈ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੜ੍ਹੀ ਜਾਵੇ।
2. ਰਹਿਰਾਸ ਸਾਹਿਬ ਜੀ ਦੇ ਭੋਗ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਲਿਆ ਜਾਵੇ।
3. ਮੂਲ ਮੰਤਰ ਸਾਹਿਬ ਜੀ ਦਾ ਮੰਗਲ "ਨਾਨਕ ਹੋਸੀ ਭੀ ਸਚੁ" ਤੱਕ ਉਚਾਰਨ ਕੀਤਾ ਜਾਵੇ।

ਇਸ ਤਰ੍ਹਾਂ ਹਕੀਕੀ ਤੌਰ 'ਤੇ ਦੋ ਵਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਿੰਘ ਸਾਹਿਬਾਨ ਵਲੋਂ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਨੂੰ ਪ੍ਰਵਾਨਗੀ ਕਹੀ ਜਾ ਸਕਦੀ ਹੈ।

ਪਰ ਇਹ ਤਬਦੀਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤਰਤਾ ਮਿਤੀ 30.5.1988 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਈ, ਜਿਸ ਵਿਚ ਫੈਸਲਾ ਕੀਤਾ ਗਿਆ ਕਿ,


"ਸ੍ਰੀ ਹਰਿਮੰਦਰ ਸਾਹਿਬ ਅੰਦਰ ਪਹਿਲੀ ਮਰਿਆਦਾ ਹੀ ਲਾਗੂ ਰਹੇਗੀ। ਉਸ ਵਿਚ ਕੋਈ ਤਬਦੀਲੀ ਕਰਨ ਤੋਂ ਪਹਿਲਾਂ ਸਿੰਘ ਸਭਾਵਾਂ, ਸਿੱਖ ਸੰਪਰਦਾਵਾਂ, ਬੁੱਧੀਜੀਵੀਆਂ, ਸਿੱਖ ਸੰਸਥਾਵਾਂ ਦੀ ਰਾਏ ਲਈ ਜਾਵੇਗੀ। ਉਪਰੰਤ ਸ਼੍ਰੋਮਣੀ ਕਮੇਟੀ ਦਾ ਜਨਰਲ ਹਾਊਸ ਪ੍ਰਵਾਨਗੀ ਦੇਵੇਗਾ।"

(ਹੁਕਮਨਾਮੇ ਆਦੇਸ਼ ਸੰਦੇਸ਼, ਰੂਪ ਸਿੰਘ, ਪੰਨਾ ੧੨੭)

ਇਸ ਦਾ ਕਾਰਨ ਸਪਸ਼ਟ ਸੀ ਕਿ ਸਿੱਖ ਰਹਿਤ ਮਰਯਾਦਾ ਕੋਈ ਆਮ ਮਤਾ ਜਾਂ ਦਸਤਾਵੇਜ਼ ਨਹੀਂ ਹੈ। ਇਹ ਸਮੁੱਚੇ ਗੁਰੂ ਪੰਥ ਦੀ ਦੀਰਘ ਅਤੇ ਸਾਂਝੀ ਸੋਚ ਦਾ ਪ੍ਰਗਟਾਵਾ ਹੈ। ਇਸ ਵਿਚ ਕੋਈ ਵੀ ਤਬਦੀਲੀ ਜਾਂ ਸੋਧ ਸਾਧਾਰਣ ਅਤੇ ਸਰਸਰੀ ਢੰਗ ਨਾਲ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਨਿਤਨੇਮ ਪਹਿਲੇ ਦੀ ਤਰ੍ਹਾਂ ਹੀ ਜਾਰੀ ਰਿਹਾ।

**ਸੰਧਿਆ ਸਮੇਂ ਦਾ ਨਿਤਨੇਮ**

ਸੋ ਦਰੁ ਰਹਿਰਾਸ-ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ (ਸੋ ਦਰੁ' ਤੋਂ ਲੈ ਕੇ 'ਸਰਨਿ ਪਰੇ ਕੀਰਾਖਹੁ ਸਰਮਾ' ਤੱਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ, ਸ੍ਵੈਯਾ) ('ਪਾਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ'), ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ




ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ।'

(ਸਿੱਖ ਰਹਿਤ ਮਰਯਾਦਾ, ਅਕਤੂਬਰ, ੧੦੧੫)

**ਤਬਦੀਲੀ**

1936 ਵਿਚ ਪ੍ਰਵਾਨ ਕੀਤੀ ਗਈ ਸੋ ਦਰੁ ਰਹਿਰਾਸ ਦੀ ਮੱਦ ਵਿਚ ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ' ਦਾ ਵਾਧਾ ਕੀਤਾ ਗਿਆ।

**ਵਿਆਖਿਆ**

ਇਸ ਮੱਦੇ ਵਿਚ ਵਾਧਾ 1945 ਵਿਚ ਮਤਾ ਪਾਸ ਕਰ ਕੇ ਕੀਤਾ ਗਿਆ। ਮੂਲ ਰੂਪ ਵਿਚ ਸੋ ਦਰੁ ਰਹਿਰਾਸ ਸਾਹਿਬ ਦਾ ਪਾਠ ਬੇਨਤੀ ਚੌਪਈ ਪਾਤਸ਼ਾਹ 10 'ਹਮਰੀ ਕਰਉ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤੱਕ ਸੀ। ਉਪਰੰਤ ਮਤੇ ਰਾਹੀਂ ਇਸ ਵਿਚ ਸਵਯਾ ਪਾਇ ਗਹੇ ਜਬ ਤੇ ਤੁਮਰੇ....' ਅਤੇ 'ਸਗਲ ਦੁਆਰ ਕੋ ਛਾਡਿ ਕੇ ਵਾਲਾ ਦੋਹਰਾ ਸ਼ਾਮਲ ਕੀਤਾ ਗਿਆ।

ਇਹ ਤਬਦੀਲੀਆਂ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 1 ਰਾਹੀਂ ਕੀਤੀਆਂ ਗਈਆਂ। ਇਹ ਮਤਾ ਇਸ ਤਰ੍ਹਾਂ ਸੀ :

1. ਨਾਮ ਬਾਣੀ ਦਾ ਅਭਿਆਸ ਹੇਠ ਸੋਦਰੁ ਰਹਿਰਾਸ ਦੇ ਹੈਡਿੰਗ ਹੇਠ ਲਫਜ਼ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ ਦੇ ਲਫ਼ਜ਼ 'ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਵਿਚਾਲੇ ਸਵਯਾ ਪਾਇ ਗਹੇ ਜਬ ਤੇ ਤੁਮਰੇ ਤੇ ਦੋਹਰਾ ਸਗਲ ਦੁਆਰਾ ਕੋ ਛਾਡਿ ਕੇ ਵਧਾਏ ਜਾਣ ਅਤੇ ਲਫਜ਼ 'ਆਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਤੁਕ ਪਾਉੜੀ ਦੇ ਅੱਗੇ ਲਫ਼ਜ਼ ਮੁੰਦਾਵਣੀ ਤੇ 'ਸਲੋਕ ਮਹਲਾ ੫ ਤੇਰਾ ਕੀਤਾ ਜਾਤੋ ਨਾਹੀ ਵਧਾਏ ਜਾਣ।

ਸਿੱਖ ਰਹਿਤ ਮਰਯਾਦਾ ਵਿਚ ਸੋ ਦਰੁ ਰਹਰਾਸਿ ਵਿਚ ਬੇਨਤੀ ਚੌਪਈ ਪਾਤਸ਼ਾਹੀ 10 ਦਾ ਪਾਠ॥ ਕਬਯੋ ਬਾਚ ਬੇਨਤੀ॥ ਚੌਪਈ॥ ਹਮਰੀ ਕਰੋ ਹਾਥ ਦੈ ਰੱਛਾ॥ ਪੂਰਨ ਹੋਇ ਚਿੱਤ ਕੀ ਇੱਛਾ॥ ਤਵ ਚਰਨਨ ਮਨ ਰਹੈ ਹਮਾਰਾ॥ ਅਪਨਾ ਜਾਨ ਕਰੋ ਪ੍ਰਤਿਪਾਰਾ॥ 377॥ ਤੋਂ ਲੈ ਕੇ ਖੜਗਕੇਤ ਮੈਂ ਸ਼ਰਨਿ ਤਿਹਾਰੀ॥ ਆਪੁ ਹਾਥ ਦੈ ਲੇਹੁ ਉਬਾਰੀ॥ ਸਰਬ ਠੌਰ ਮੋ ਹੋਹੁ ਸਹਾਈ॥ ਦੁਸ਼ਟ ਤੋਖ ਤੇ ਲੇਹੁ ਬਚਾਈ॥ 410॥ ਤੱਕ ਹੈ। ਇਸ ਬਾਣੀ ਦਾ ਨਾਮ ਬੇਨਤੀ ਹੈ ਜੋ ਕਿ ਚੌਪਈ ਛੰਦ ਵਿਚ ਉਚਾਰੀ ਗਈ ਹੈ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 'ਚਰਿਤ੍ਰੋ ਪਾਖਿਆਨ' ਗ੍ਰੰਥ ਦੇ ਆਰੰਭਵਿਚ ਅਕਾਲ ਪੁਰਖ ਨੂੰ ਬੇਨਤੀ ਕੀਤੀ ਹੈ,

ਮੇਰ ਕਿਯੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਸੋ॥
ਭੂਲ ਛਿਮੋ ਹਮਰੀ ਪ੍ਰਭੁ ਆਪੁਨ ਭੂਲਨਹਾਰ ਕਹੂੰ ਮੋਸੋ॥

(ਚਲਦਾ)

# ਦੇਵੀ ਲਕਸ਼ਮੀ ਦੀ ਮੂਰਤੀ ਨੂੰ 6 ਕਿਲੋ ਸੋਨਾ ਅਤੇ ਰੁਪਏ ਨਾਲ ਸਜਾਇਆ



**ਵਿਸ਼ਾਖਾਪਟਨਮ : ਦੇਵੀ ਲਕਸ਼ਮੀ ਦੀ ਮੂਰਤੀ ਨੂੰ 6 ਕਿਲੋ ਸੋਨਾ ਅਤੇ ਰੁਪਏ ਨਾਲ ਸਜਾਇਆ ਗਿਆ ਹੈ। ਵਿਸ਼ਾਖਾਪਟਨਮ ਵਿੱਚ ਨਵਰਾਤਰੀ ਤਿਉਹਾਰ ਦੇ ਜਸ਼ਨਾਂ ਦੌਰਾਨ ਪ੍ਰਸਿੱਧ ਸ਼੍ਰੀ ਕਨਯਕਾ ਪਰਮੇਸ਼ਵਰੀ ਮੰਦਿਰ ਵਿੱਚ 2 ਕਰੋੜ ਨਕਦ ਅਤੇ 6 ਕਿਲੋ ਚਾਂਦੀ।**

# ਮਥੁਰਾ 'ਚ ਹਰ ਸਾਲ ਵਾਂਗ ਰਾਵਣ ਦੇ ਭਗਤਾਂ ਨੇ ਕੀਤੀ 'ਰਾਵਣ ਆਰਤੀ'

ਮਥੁਰਾ (ਉੱਤਰ ਪ੍ਰਦੇਸ਼): ਮਥੁਰਾ 'ਚ ਸਾਰਸਵਤ ਵੰਸ਼ ਦੇ ਲੋਕਾਂ ਨੇ ਮੰਗਲਵਾਰ ਨੂੰ ਦੁਸਹਿਰੇ ਮੌਕੇ ਇਸ ਵਾਰੀ ਵੀ ਰਾਵਣ ਦਹਿਨ ਦਾ ਵਿਰੋਧ ਕਰਦਿਆਂ ਰਾਵਣ ਦੀ ਆਰਤੀ ਕੀਤੀ।

ਲੰਕੇਸ਼ ਭਗਤ ਮੰਡਲ ਦੇ ਪ੍ਰਧਾਨ ਓਮਵੀਰ ਸਾਰਸਵਤ ਨੇ ਕਿਹਾ ਕਿ ਦੁਸਹਿਰੇ ਮੌਕੇ ਇਸ ਵਾਰੀ ਵੀ ਭਗਵਾਨ ਸ਼ਿਵ ਦੇ ਪਰਮ ਭਗਤ ਅਤੇ ਭਗਵਾਨ ਸ੍ਰੀਰਾਮ ਦੇ ਆਚਾਰੀਆ ਤ੍ਰਿਕਾਲਦਰਸ਼ੀ ਪ੍ਰਕੰਡ ਵਿਦਵਾਨ 'ਮਹਾਰਾਜ ਰਾਵਣ' ਦੇ ਪੁਤਲੇ ਦੇ ਦਹਿਨ ਦਾ ਵਿਰੋਧ ਕਰਦਿਆਂ ਯਮੁਨਾ ਪਾਰ ਪੁਲ ਹੇਠਾਂ ਸਥਿਤ ਰਾਵਣ ਦੇ ਮੰਦਰ ਸਾਹਮਣੇ ਉਸ ਦੀ ਮਹਾਆਰਤੀ ਕੀਤੀ ਗਈ। ਫਿਰ 'ਲੰਕੇਸ਼ ਦੇ ਸਰੂਪ' ਵਲੋਂ ਭਗਵਾਨ ਸ਼ਿਵ ਦੀ ਵਿਸ਼ੇਸ਼ ਆਰਾਧਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਭਗਵਾਨ ਸ੍ਰੀਰਾਮ ਨੇ ਆਚਾਰੀਆ ਸਰੂਪ 'ਚ ਰਾਵਣ ਵਲੋਂ ਪੂਜਾ ਕਰਵਾਉਣ ਦਾ ਫੈਸਲਾ ਕੀਤਾ ਸੀ। ਇਸ ਲਈ ਜਾਮਵੰਤ ਨੂੰ ਲੰਕਾ 'ਚ



ਰਾਵਣ ਕੋਲ ਸੱਦਾ ਭੇਜਿਆ ਗਿਆ ਸੀ। ਰਾਵਣ ਮਾਤਾ ਸੀਤਾ ਨੂੰ ਨਾਲ ਲੈ ਕੇ ਸਮੁੰਦਰ ਤੱਟ 'ਤੇ ਆਇਆ ਸੀ, ਜਿੱਥੇ ਭਗਵਾਨ ਰਾਮ ਨੇ ਮਾਤਾ ਸੀਤਾ ਨਾਲ ਸ਼ਿਵਲਿੰਗ ਦੀ ਸਥਾਪਨਾ ਕਰ ਕੇ ਵਿਸ਼ੇਸ਼ ਪੂਜਾ ਕਰਵਾਈ ਸੀ ਅਤੇ ਲੰਕੇਸ਼ ਨੂੰ ਅਪਣਾ ਆਚਾਰੀਆ ਬਣਾਇਆ ਸੀ। ਲੰਕੇਸ਼ ਵਲੋਂ ਕਰਵਾਈ ਗਈ ਪੂਜਾ ਵਾਲੀ ਥਾਂ ਨੂੰ ਰਾਮੇਸ਼ਵਰਮ ਨਾਂ ਨਾਲ ਜਾਣਿਆ ਜਾਂਦਾ ਹੈ।

ਸਾਰਸਵਤ ਨੇ ਕਿਹਾ ਕਿ ਰਾਵਣ ਦਾ ਪੁਤਲਾ ਸਾੜਨਾ ਇਕ ਕੁਪ੍ਰਥਾ ਹੈ ਕਿਉਂਕਿ ਸਨਾਤਨ ਧਰਮ ਅਤੇ ਹਿੰਦੂ ਸਭਿਆਚਾਰ 'ਚ ਇਕ ਵਿਅਕਤੀ ਦਾ ਇਕ ਵਾਰੀ ਹੀ ਸਸਕਾਰ ਕੀਤਾ ਜਾਂਦਾ ਹੈ ਵਾਰ-ਵਾਰ ਨਹੀਂ। ਇਸ ਮੌਕੇ 'ਤੇ ਲੰਕੇਸ਼ ਭਗਤ ਮੰਡਲ ਦੇ ਕਈ ਅਹੁਦੇਦਾਰ ਅਤੇ ਮੈਂਬਰ ਮੌਜੂਦ ਰਹੇ।

# ਗਾਜ਼ਾ ਯੁੱਧ 'ਤੇ ਗੁਟੇਰੇਸ ਦੇ ਭਾਸ਼ਣ ਤੋਂ ਬਾਅਦ ਇਜ਼ਰਾਈਲ ਨੇ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੂੰ ਵੀਜ਼ਾ ਦੇਣ ਤੋਂ ਕੀਤਾ ਇਨਕਾਰ



ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਦੀ ਟਿੱਪਣੀ ਤੋਂ ਬਾਅਦ ਇਜ਼ਰਾਈਲ ਨੇ ਸੰਯੁਕਤ ਰਾਸ਼ਟਰ ਦੇ ਪ੍ਰਤੀਨਿਧਾਂ ਨੂੰ ਵੀਜ਼ਾ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਜੋ ਇਜ਼ਰਾਈਲ 'ਤੇ ਹਮਾਸ ਦੇ ਅੱਤਵਾਦੀ ਹਮਲਿਆਂ ਨੂੰ ਜਾਇਜ਼ ਠਹਿਰਾਉਣ ਲਈ ਜਾਪਦਾ ਸੀ।

ਇਜ਼ਰਾਈਲ ਦਾ ਕਹਿਣਾ ਹੈ ਕਿ ਸੰਯੁਕਤ ਰਾਸ਼ਟਰ ਨੂੰ ਸਬਕ ਸਿਖਾਉਣ ਦਾ ਸਮਾਂ ਆ ਗਿਆ ਹੈ, ਸੰਯੁਕਤ ਰਾਸ਼ਟਰ ਅਤੇ ਇਸਦੇ ਪ੍ਰਚਾਰਕਾਂ ਲਈ ਵੱਡਾ ਝਟਕਾ ਹੈ।


ਸੰਯੁਕਤ ਰਾਸ਼ਟਰ ਮੁਖੀ ਦੀ ਇਜ਼ਰਾਈਲ ਦੀ ਅਸਿੱਧੀ ਆਲੋਚਨਾ ਦਾ ਵਿਰੋਧ ਕਰਦੇ ਹੋਏ, ਇਜ਼ਰਾਈਲ ਦੇ ਸੰਯੁਕਤ ਰਾਸ਼ਟਰ ਦੇ ਰਾਜਦੂਤ ਨੇ ਕਿਹਾ ਕਿ ਉਨ੍ਹਾਂ ਨੂੰ ਸਬਕ ਸਿਖਾਉਣ ਦਾ ਸਮਾਂ ਆ ਗਿਆ ਹੈ।

ਇਜ਼ਰਾਈਲ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦੇਵੇਗਾ, ਸੰਯੁਕਤ ਰਾਸ਼ਟਰ ਵਿਚ ਇਸ ਦੇ ਰਾਜਦੂਤ ਨੇ ਕਿਹਾ ਹੈ, ਕਿਉਂਕਿ ਅੰਤਰਰਾਸ਼ਟਰੀ ਸੰਗਠਨ ਨਾਲ ਦੇਸ਼ ਦਾ ਵਿਵਾਦ ਡੂੰਘਾ ਹੁੰਦਾ ਜਾ ਰਿਹਾ ਹੈ।

ਇਜ਼ਰਾਈਲੀ ਮੀਡੀਆ ਦੇ ਅਨੁਸਾਰ, ਗਿਲਾਡ ਏਰਡਨ ਨੇ ਬੁੱਧਵਾਰ ਨੂੰ ਇਹ ਬਿਆਨ ਦਿੱਤਾ, ਕਿਉਂਕਿ ਸੁਰੱਖਿਆ ਪ੍ਰੀਸ਼ਦ ਵਿੱਚ ਸੰਯੁਕਤ ਰਾਸ਼ਟਰ ਦੇ ਮੁਖੀ ਦੇ ਭਾਸ਼ਣ ਦਾ ਨਤੀਜਾ ਪਿਛਲੇ ਦਿਨ ਜਾਰੀ ਹੈ।

ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਗਾਜ਼ਾ ਪੱਟੀ ਦੇ ਉੱਤਰ ਤੋਂ ਦੱਖਣ ਵੱਲ ਨਾਗਰਿਕਾਂ ਨੂੰ ਕੱਢਣ ਦੇ ਆਦੇਸ਼ ਦੇਣ ਲਈ ਅਸਿੱਧੇ ਤੌਰ 'ਤੇ ਇਜ਼ਰਾਈਲ ਦੀ ਆਲੋਚਨਾ ਕੀਤੀ। ਉਸਨੇ ਇਹ ਵੀ ਕਿਹਾ ਕਿ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਾਸ ਦਾ ਹਮਲਾ 'ਖਲਾਅ ਵਿੱਚ' ਨਹੀਂ ਹੋਇਆ ਕਿਉਂਕਿ ਫਲਸਤੀਨੀਆਂ ਨੂੰ '56 ਸਾਲਾਂ ਤੋਂ ਦਮਨਕਾਰੀ ਕਬਜ਼ੇ ਦੇ ਅਧੀਨ' ਕੀਤਾ ਗਿਆ ਹੈ।

ਬਹੁਤ ਸਾਰੇ ਦੇਸ਼ਾਂ ਨੇ ਗੁਟੇਰੇਸ ਦੀ 'ਬਹੁਤ ਹੀ ਸੰਤੁਲਿਤ ਪਹੁੰਚ' ਦਾ ਸੁਆਗਤ ਕੀਤਾ, ਨਿਊਯਾਰਕ ਤੋਂ ਅਲ ਜਜ਼ੀਰਾ ਦੇ ਗੈਬਰੀਅਲ ਐਲੀਜ਼ੋਂਡੋ ਨੇ ਰਿਪੋਰਟ ਕੀਤੀ। ਹਾਲਾਂਕਿ, ਇਜ਼ਰਾਈਲ 'ਗੁੱਸੇ' ਵਿੱਚ ਸੀ ਅਤੇ ਇਸਦੇ ਅਧਿਕਾਰੀਆਂ ਨੇ ਸੰਯੁਕਤ ਰਾਸ਼ਟਰ ਦੇ ਮੁਖੀ ਨੂੰ ਅਸਤੀਫਾ ਦੇਣ ਲਈ ਕਿਹਾ ਸੀ।




ਮੈਨੂੰ ਇਹ ਜਾਣ ਕੇ ਗਹਿਰਾ ਦੁੱਖ ਲੱਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੂੰ ਭੇਂਟ ਕੀਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਮਾਡਲ ਨੂੰ ਸਰਕਾਰ ਬੋਲੀ ਵਿੱਚ ਵੇਚਣ ਜਾ ਰਹੀ ਹੈ। ਇਹ ਮਾਡਲ ਅਕਾਲ ਪੁਰਖ ਅਤੇ ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਅਤੇ ਅਸ਼ੀਰਵਾਦ ਦੇ ਪਵਿੱਤਰ ਚਿੰਨ੍ਹ ਵਜੋਂ ਭੇਂਟ ਕੀਤਾ ਗਿਆ ਸੀ ਅਤੇ ਇਸ ਨੂੰ ਨੀਲਾਮ ਕਰਨਾ ਇਸ ਦਾ ਘੋਰ ਨਿਰਾਦਰ ਹੋਏਗਾ ਤੇ ਇਸ ਨਾਲ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੇਗੀ। ਮੇਰੀ ਪ੍ਰਧਾਨ ਮੰਤਰੀ ਸਾਹਿਬ ਨੂੰ ਸਨਿਮਰ ਬੇਨਤੀ ਕਿ ਇਸ ਨੀਲਾਮੀ ਨੂੰ ਤੁਰੰਤ ਰੋਕਿਆ ਜਾਵੇ। ਜੇਕਰ ਸਰਕਾਰ ਆਪਣੇ ਆਪ ਨੂੰ ਇਸ ਪਾਵਨ ਅਤੇ ਅਣਮੁੱਲੀ ਬਖ਼ਸ਼ਿਸ਼ ਨੂੰ ਸੰਭਾਲਣ ਤੋਂ ਅਸਮਰੱਥ ਮਹਿਸੂਸ ਕਰਦੀ ਹੈ ਤਾਂ ਮੇਰੀ ਬੇਨਤੀ ਹੈ ਕਿ ਇਸ ਪਵਿੱਤਰ ਚਿੰਨ੍ਹ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਾਪਿਸ ਸੌਂਪਣ ਦੀ ਕਿਰਪਾਲਤਾ ਕੀਤੀ ਜਾਵੇ।

# ਭਾਰਤ ਸਰਕਾਰ ਨੇ ਕੈਨੇਡੀਅਨਾਂ ਲਈ ਮੁੜ ਸ਼ੁਰੂ ਕੀਤੀ ਵੀਜ਼ਾ ਸੇਵਾ

ਨਵੀਂ ਦਿੱਲੀ : ਭਾਰਤ ਸਰਕਾਰ ਨੇ ਇੱਕ ਵਾਰ ਫਿਰ ਕੈਨੇਡੀਅਨਾਂ ਲਈ ਵੀਜ਼ਾ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ। ਹਾਲਾਂਕਿ, ਵੀਜ਼ਾ ਇਸ ਸਮੇਂ ਸਿਰਫ ਚਾਰ ਸ਼੍ਰੇਣੀਆਂ ਵਿੱਚ ਉਪਲਬਧ ਹੋਵੇਗਾ, ਜਿਸ ਵਿੱਚ ਐਂਟਰੀ, ਵਪਾਰਕ, ਮੈਡੀਕਲ ਅਤੇ ਕਾਨਫਰੰਸ ਵੀਜ਼ਾ ਸ਼ਾਮਲ ਹਨ। ਤੁਹਾਨੂੰ ਦੱਸ ਦੇਈਏ ਕਿ ਭਾਰਤ ਅਤੇ ਕੈਨੇਡਾ ਦੇ ਕੂਟਨੀਤਕ ਸਬੰਧਾਂ ਵਿੱਚ ਤਣਾਅ ਦੇ ਵਿਚਕਾਰ, ਭਾਰਤ ਨੇ ਕੈਨੇਡੀਅਨਾਂ ਲਈ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਸੀ।

**26 ਅਕਤੂਬਰ ਤੋਂ ਲਾਗੂ ਹੋਵੇਗਾ**

ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਬੁੱਧਵਾਰ ਨੂੰ ਇੱਕ ਨੋਟੀਫਿਕੇਸ਼ਨ ਵਿੱਚ ਲਿਖਿਆ, 'ਸੁਰੱਖਿਆ ਸਥਿਤੀ ਦੀ ਸਮੀਖਿਆ



ਕਰਨ ਤੋਂ ਬਾਅਦ, ਇਸ ਸਬੰਧ ਵਿੱਚ ਕੁਝ ਹਾਲੀਆ ਕੈਨੇਡੀਅਨ ਉਪਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ।' ਤੁਹਾਨੂੰ ਦੱਸ ਦੇਈਏ ਕਿ ਵੀਜ਼ਾ ਸੇਵਾਵਾਂ ਦੀ ਮੁੜ ਸ਼ੁਰੂਆਤ ਵੀਰਵਾਰ ਯਾਨੀ 26 ਅਕਤੂਬਰ ਤੋਂ ਪ੍ਰਭਾਵੀ ਹੋਵੇਗੀ।

**ਜੈਸ਼ੰਕਰ ਨੇ ਇਹ ਮੰਗ ਕੀਤੀ ਸੀ**

ਇਸ ਤੋਂ ਪਹਿਲਾਂ ਐਤਵਾਰ ਨੂੰ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਸੀ ਕਿ ਜੇਕਰ ਭਾਰਤੀ ਡਿਪਲੋਮੈਟਾਂ ਨੂੰ ਵੀਏਨਾ ਕਨਵੈਨਸ਼ਨ ਅਨੁਸਾਰ ਕੈਨੇਡਾ ਵਿੱਚ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਤਾਂ ਉਹ 'ਵੀਜ਼ਾ ਜਾਰੀ ਕਰਨਾ ਮੁੜ ਸ਼ੁਰੂ ਕਰਨਾ' ਚਾਹੁਣਗੇ। ਉਨ੍ਹਾਂ ਕਿਹਾ ਕਿ ਭਾਰਤ ਨੇ ਕੈਨੇਡਾ ਨੂੰ ਵੀਜ਼ਾ ਜਾਰੀ ਕਰਨਾ ਬੰਦ ਕਰ ਦਿੱਤਾ ਹੈ ਕਿਉਂਕਿ ਸਾਡੇ ਡਿਪਲੋਮੈਟਾਂ ਲਈ ਵੀਜ਼ਾ ਜਾਰੀ ਕਰਨ ਲਈ ਕੰਮ 'ਤੇ ਜਾਣਾ ਹੁਣ ਸੁਰੱਖਿਅਤ ਨਹੀਂ ਹੈ।




ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ




# Fresno California

## ਵਿਚ ਖੁੱਲ੍ਹ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।



ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।



**209-481-7750**
**510-472-0608**
**PH. : 209-624-3919**

ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ

Anthony Nwosu
Attorney at Law

# ਸੰਤਾਂ, ਸ਼ਰਧਾਲੂਆਂ ਨੇ ਵਿਜੇਦਸ਼ਮੀ ’ਤੇ ਮੁੱਖ ਮੰਤਰੀ ਯੋਗੀ ਤੋਂ ਲਿਆ ਆਸ਼ੀਰਵਾਦ







ਗੋਰਖਪੁਰ (ਉੱਤਰ ਪ੍ਰਦੇਸ਼) : ਗੋਰਕਸ਼ਪੀਠਧੀਸ਼ਵਰ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਮੰਗਲਵਾਰ ਨੂੰ ਗੋਰਖਪੁਰ ਦੇ ਗੋਰਖਨਾਥ ਮੰਦਰ ਵਿੱਚ ਵਿਜੇਦਸ਼ਮੀ ’ਤੇ ਸੰਤਾਂ ਅਤੇ ਰਿਸ਼ੀ-ਮੁਨੀਆਂ ਦੇ ਮੱਥੇ ’ਤੇ ਤਿਲਕ ਲਗਾਇਆ ਅਤੇ ਉਨ੍ਹਾਂ ਨੂੰ ਆਪਣਾ ਆਸ਼ੀਰਵਾਦ ਦਿੱਤਾ।

ਮੁੱਖ ਮੰਤਰੀ ਦਫ਼ਤਰ ਦੇ ਇੱਕ ਅਧਿਕਾਰਤ ਬਿਆਨ ਦੇ ਅਨੁਸਾਰ,‘ਵਿਜੇਦਸ਼ਮੀ ਦੇ ਸ਼ੁਭ ਮੌਕੇ ’ਤੇ ਮੰਗਲਵਾਰ ਨੂੰ ਗੋਰਖਪੁਰ ਦੇ ਗੋਰਖਨਾਥ ਮੰਦਰ ਵਿੱਚ ਇੱਕ ਰਵਾਇਤੀ ਤਿਲਕਤਸਵ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਸੀ।’

ਇਸ ਵਿਚ ਕਿਹਾ ਗਿਆ ਹੈ, “ਇਸ ਸਮਾਗਮ ਦੌਰਾਨ ਗੋਰਕਸ਼ਪੀਠਧੀਸ਼ਵਰ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਸੰਤਾਂ ਅਤੇ ਸਾਧੂਆਂ ਦੇ ਮੱਥੇ ’ਤੇ ਤਿਲਕ ਲਗਾਇਆ ਅਤੇ ਉਨ੍ਹਾਂ ਨੂੰ ਆਪਣਾ ਆਸ਼ੀਰਵਾਦ ਦਿੱਤਾ। ਇਸ ਤੋਂ ਬਾਅਦ ਘਰੇਲੂ ਸ਼ਰਧਾਲੂਆਂ ਨੇ ਵੀ ਗੋਰਕਸ਼ਪੀਠਧੀਸ਼ਵਰ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਲਿਆ। ਗੋਰਕਸ਼ਪੀਠਧੀਸ਼ਵਰ ਨੇ ਫਿਰ ਵਿਜਯਾਦਸ਼ਮੀ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਸਾਰਿਆਂ ਨੂੰ ਆਪਣਾ ਆਸ਼ੀਰਵਾਦ ਦਿੱਤਾ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਤਿਲਕਉਤਸਵ ਵਿੱਚ ਭਾਗ ਲੈਣ ਵਾਲੇ ਸਾਰੇ ਲੋਕਾਂ ਨੂੰ ਮੰਦਰ ਦੇ ਸ਼ਕਤੀਪੀਠ ਦੀ ਵੇਦੀ ਉੱਤੇ ‘ਪ੍ਰਸਾਦ’ ਅਤੇ ਜੌਂ ਦੇ ਦਾਣੇ ਵੀ ਦਿੱਤੇ ਗਏ। ਤਿਲਕ ਉਤਸਵ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮੰਦਰ ਨਾਲ ਜੁੜੇ ਵਿਅਕਤੀਆਂ, ਜਿਨ੍ਹਾਂ ਵਿੱਚ ਯੋਗੀਆਂ, ਸੰਤਾਂ, ਪੁਜਾਰੀਆਂ ਅਤੇ ਹੋਰਾਂ ਨੇ ਮੰਗਲ ਪਾਠ ਦੌਰਾਨ ਮੁੱਖ ਮੰਤਰੀ ਨੂੰ ਤਿਲਕ ਲਗਾਇਆ।

ਇਸ ਵਿਚ ਕਿਹਾ ਗਿਆ ਹੈ ਕਿ ਨਾਥਪੰਥ ਦੀ ਵਿਸ਼ੇਸ਼ ਪਰੰਪਰਾ ਦੇ ਅਨੁਸਾਰ, ਉਨ੍ਹਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਬਿਆਨ ਦੇ ਅਨੁਸਾਰ, ਘਰੇਲੂ ਸ਼ਰਧਾਲੂਆਂ ਨੇ ਪੀਠਾਧੀਸ਼ਵਰ ਨੂੰ ਸ਼ਰਧਾਂਜਲੀ ਦੇਣ ਲਈ, ਉਸ ਦਾ ਆਸ਼ੀਰਵਾਦ ਲੈਣ ਲਈ ਵਾਰੀ-ਵਾਰੀ ਲੈ ਲਈ। ਇਸ ਵਿੱਚ ਕਿਹਾ ਗਿਆ ਹੈ ਕਿ



ਤਿਲਕਉਤਸਵ ਵਿੱਚ, ਕਈ ਸੰਸਦ ਮੈਂਬਰਾਂ, ਵਿਧਾਇਕਾਂ, ਜਨਤਕ ਨੁਮਾਇੰਦਿਆਂ, ਵੱਡੀ ਗਿਣਤੀ ਵਿੱਚ ਸੰਤਾਂ ਅਤੇ ਘਰੇਲੂ ਸ਼ਰਧਾਲੂਆਂ ਸਮੇਤ ਬਹੁਤ ਸਾਰੇ ਲੋਕ ਮੁੱਖ ਮੰਤਰੀ ਤੋਂ ਆਸ਼ੀਰਵਾਦ ਲੈਣ ਵਾਲਿਆਂ ਵਿੱਚ ਸ਼ਾਮਲ ਸਨ।

ਇਸ ਤੋਂ ਪਹਿਲਾਂ ਦਿਨ ਵਿੱਚ, ਯੋਗੀ ਆਦਿਤਿਆਨਾਥ ਨੇ ਗੋਰਖਪੁਰ ਵਿੱਚ ਵਿਜੇਦਸ਼ਮੀ ਦੇ ਮੌਕੇ ’ਤੇ ਗੋਰਖਨਾਥ ਮੰਦਰ ਵਿੱਚ ਸ਼੍ਰੀਨਾਥ ਜੀ (ਗੁਰੂ ਗੋਰਕਸ਼ਨਾਥ, ਭਗਵਾਨ ਸ਼ਿਵ ਦੇ ਅਵਤਾਰ) ਦੀ ਵਿਸ਼ੇਸ਼ ਪੂਜਾ ਕੀਤੀ।



# ਨਿਊਯਾਰਕ ਅਮਰੀਕਾ 2023 ਫੇਰੀ



ਸਿੱਖ ਪੰਥ ਦੇ ਉਘੇ ਆਗੂ ਦੁਨੀਆ ਭਰ ਵਿੱਚ
ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ
ਇਤਿਹਾਸਕਾਰ ਕਥਾਵਾਚਕ ਅਤੇ ਦਿੱਲੀ ਦੇ ਪਾਵਨ ਅਸਥਾਨ
ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਹੈਡ ਗ੍ਰੰਥੀ

## ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ

ਹੈਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ

## 19 ਅਕਤੂਬਰ ਤੋਂ 26 ਅਕਤੂਬਰ ਤੱਕ

8 ਦਿਨਾਂ ਲਈ ਅਮਰੀਕਾ ਆ ਰਹੇ ਹਨ। ਜੋ ਕਿ ਹੇਠ ਲਿਖੇ ਅਨੁਸਾਰ ਵੱਖ-ਵੱਖ ਗੁਰੂਘਰਾਂ ਵਿਖੇ ਸੰਗਤਾਂ ਦੇ ਦਰਸ਼ਨ ਕਰਨਗੇ

**ਕਥਾ ਐਤਵਾਰ 22 ਅਕਤੂਬਰ**

12.00 - 12.30 PM
ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ

12.45 - 1.20 PM
ਗੁਰਦੁਆਰਾ ਸੰਤ ਸਾਗਰ-ਬੇਲਰੋਸ ਐਵੀਨਿਊ

1.50 - 2.15 PM
ਗੁਰਦੁਆਰਾ ਕਰਮਜੋਤ ਸਿੱਖ ਸੈਂਟਰ
ਵੈਨਵਿਕ ਐਕਸਪਵਾਈ

2.25 -3.00 PM
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ
ਸਿੱਖ ਸੈਂਟਰ

7.00 -7.30 PM
ਗੁਰਦੁਆਰਾ ਸ਼ਹੀਦਾਂ ਹਿੱਕਸਵਿਲ

**ਸੋਮਵਾਰ 23 ਅਕਤੂਬਰ**

6.00 - 8.00 PM
ਗੁਰਦੁਆਰਾ ਗੁਰੂ ਨਾਨਕ ਦਰਬਾਰ
1610 West St, Southington, CT 06489 Contact : 860 621 3015

**ਸਿੰਘ ਸਾਹਿਬ ਨਾਲ ਸੰਪਰਕ ਕਰਨ ਲਈ**

+1 917 957 1313 (USA) WhatsApp: + 91-9313 75 1313

# ਮਹਿਲਾ ਸਹਾਇਕ ਪ੍ਰੋਫੈਸਰ ਵੱਲੋਂ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ

ਰੂਪਨਗਰ : ਇੱਥੇ ਸ਼ਹਿਰ ਦੀ ਵਸਨੀਕ 35 ਸਾਲਾ ਮਹਿਲਾ ਨੇ ਸਰਹਿੰਦ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕਾ ਦੀ ਸ਼ਨਾਖਤ ਬਲਵਿੰਦਰ ਕੌਰ ਵਜੋਂ ਹੋਈ ਹੈ। ਉਹ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਗੰਭੀਰਪੁਰ ਪਿੰਡ ਵਿੱਚ ਸਥਿਤ ਰਿਹਾਇਸ਼ ਨੇੜੇ ਦੋ ਮਹੀਨੇ ਤੋਂ ਧਰਨਾ ਦੇ ਰਹੇ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਫਰੰਟ ਜਥੇਬੰਦੀ ਦੇ 483 ਮੈਂਬਰਾਂ ਵਿੱਚ ਸ਼ਾਮਲ ਸੀ। ਪੀੜਤ ਬਲਵਿੰਦਰ ਕੌਰ ਦਾ ਖ਼ੁਦਕੁਸ਼ੀ ਪੱਤਰ ਵੀ ਬਰਾਮਦ ਹੋਇਆ ਹੈ, ਜਿਸ ਵਿੱਚ ਉਸ ਨੇ ਦੋਸ਼ ਲਗਾਇਆ ਹੈ ਕਿ ਸਿੱਖਿਆ ਮੰਤਰੀ ਉਸ ਦੀ ਮੌਤ ਲਈ ਜ਼ਿੰਮੇਵਾਰ ਹੈ। ਉਹ 3 ਦਸੰਬਰ 2021 ਨੂੰ ਸਹਾਇਕ ਪ੍ਰੋਫੈਸਰ ਵਜੋਂ ਨਿਯੁਕਤ ਹੋਣ ਤੋਂ ਬਾਅਦ ਲਗਾਤਾਰ ਔਕੜਾਂ ਦਾ ਸਾਹਮਣਾ ਕਰ ਰਹੀ ਸੀ।

ਜਾਣਕਾਰੀ ਅਨੁਸਾਰ ਅਕਤੂਬਰ 2021 ਵਿੱਚ 1158 ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਦਸੰਬਰ ਵਿੱਚ ਇਨ੍ਹਾਂ ਵਿੱਚੋਂ 607 ਨੂੰ ਨਿਯੁਕਤੀ ਪੱਤਰ ਮਿਲ ਗਏ ਸਨ ਜਨਿ?ਹਾਂ ਵਿੱਚੋਂ 124 ਨੇ ਆਪਣੀ ਡਿਊਟੀ ਜੁਆਇਨ ਕਰ ਲਈ ਸੀ। ਬਾਕੀ 483 ਨੂੰ ਹੈੱਡਕੁਆਰਟਰ ਵਿੱਚ ਜੁਆਇਨ ਕਰਵਾਉਣ ਦੇ ਬਾਵਜੂਦ ਕੰਮ ਨਹੀਂ ਸੀ ਦਿੱਤਾ ਗਿਆ ਕਿਉਂਕਿ ਭਰਤੀ ਵਿਰੁੱਧ ਅਦਾਲਤ ਵਿੱਚ ਵੱਡੀ ਗਿਣਤੀ ਪਟੀਸ਼ਨਾਂ ਦਾਇਰ ਹੋ ਗਈਆਂ ਸਨ। ਉੱਧਰ, ਪੁਲਿਸ ਨੇ ਮ੍ਰਿਤਕਾ ਦੇ ਭਰਾ ਹਰਦੇਵ ਸਿੰਘ ਦੇ ਬਿਆਨਾਂ 'ਤੇ ਉਸ ਦੇ ਪਤੀ ਸੁਪ੍ਰੀਤ ਸਿੰਘ ਅਤੇ ਉਸ ਦੇ ਪਿਤਾ ਬਾਗ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਐੱਸਐੱਚਓ ਸਿਟੀ ਪਵਨ ਕੁਮਾਰ ਨੇ ਦੱਸਿਆ ਕਿ ਹਰਦੇਵ ਸਿੰਘ ਨੇ ਦੋਸ਼ ਲਗਾਇਆ ਹੈ ਕਿ ਉਸ ਦੀ ਭੈਣ ਵੱਲੋਂ ਪੰਜ ਸਾਲ ਪਹਿਲਾਂ ਲੜਕੀ ਨੂੰ ਜਨਮ ਦਿੱਤੇ ਜਾਣ ਦੇ ਬਾਅਦ ਤੋਂ ਉਸ ਦਾ ਪਤੀ ਉਸ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਸੁਪ੍ਰੀਤ ਸਿੰਘ ਕਾਰਨ ਉਸ ਦੀ ਭੈਣ ਨੂੰ ਦੋ ਵਾਰ ਗਰਭਪਾਤ ਵੀ ਕਰਵਾਉਣਾ ਪਿਆ



ਸੀ। ਐੱਸਐੱਸਪੀ ਰੂਪਨਗਰ ਵਿਵੇਕਸ਼ੀਲ ਸੋਨੀ ਨੇ ਦੱਸਿਆ ਕਿ ਸੁਪ੍ਰੀਤ ਸਿੰਘ ਵੱਲੋਂ ਪੁਲੀਸ ਨੂੰ ਸੌਂਪੇ ਗਏ ਖ਼ੁਦਕੁਸ਼ੀ ਪੱਤਰ ਵਿੱਚ ਮ੍ਰਿਤਕਾ ਨੇ ਮੰਤਰੀ ਦਾ ਨਾਂ ਲਿਖਿਆ ਹੈ। ਇਸ ਸਬੰਧੀ ਜਾਂਚ ਵੀ ਕੀਤੀ ਜਾ ਰਹੀ ਹੈ।

## ਮਹਿਲਾ ਪ੍ਰੋਫੈਸਰ ਵਲੋਂ ਖ਼ੁਦਕੁਸ਼ੀ ਕਰਨਾ ਮੰਦਭਾਗਾ : ਸੁਖਬੀਰ



ਚੰਡੀਗੜ੍ਹ : ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਵਿਭਾਗ ਦੇ ਮੰਤਰੀ ਹਰਜੋਤ ਸਿੰਘ ਬੈਂਸ ਦੇ ਆਪਣੇ ਹਲਕੇ ਰੂਪਨਗਰ ਦੇ ਪਿੰਡ ਗੰਭੀਰਪੁਰ ਵਿਖੇ ਸਹਾਇਕ ਪ੍ਰੋਫੈਸਰਾਂ ਵਲੋਂ ਲਗਾਏ ਜਾ ਰਹੇ ਰੋਸ ਧਰਨੇ 'ਚ ਸ਼ਾਮਲ ਇਕ ਮਹਿਲਾ ਪ੍ਰੋ. ਬਲਵਿੰਦਰ ਕੌਰ ਵਲੋਂ ਖ਼ੁਦਕੁਸ਼ੀ ਨੋਟ ਮਿਲਣ 'ਤੇ ਸੁਖਬੀਰ ਸਿੰਘ ਬਾਦਲ ਨੇ ਟਵੀਟ ਰਾਹੀਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਅਤੇ ਦੁਖਦ ਘਟਨਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਇਸ ਖ਼ੁਦਕੁਸ਼ੀ ਨੋਟ 'ਚ ਸਿੱਖਿਆ ਮੰਤਰੀ ਬੈਂਸ ਦਾ ਨਾਂਅ ਲਿਖਿਆ ਹੋਇਆ ਹੈ ਜਿਸ ਕਾਰਨ ਸਿੱਖਿਆ ਮੰਤਰੀ ਖਿਲਾਫ਼ ਮਾਮਲਾ ਦਰਜ ਹੋਣਾ ਚਾਹੀਦਾ ਹੈ।

## ਮ੍ਰਿਤਕਾ ਨਾਲ ਕੋਈ ਸਿੱਧਾ ਸੰਪਰਕ ਨਹੀਂ: ਹਰਜੋਤ ਬੈਂਸ



ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਪੰਜਾਬ ਸਰਕਾਰ ਇਸ ਮੁੱਦੇ ਨੂੰ ਹੱਲ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਵੱਲੋਂ ਪ੍ਰਦਰਸ਼ਨਕਾਰੀਆਂ ਨਾਲ ਕਈ ਮੀਟਿੰਗਾਂ ਵੀ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਮ੍ਰਿਤਕਾ ਨਾਲ ਉਨ੍ਹਾਂ ਦਾ ਕੋਈ ਸਿੱਧਾ ਸੰਪਰਕ ਨਹੀਂ, ਇਸ ਕਰ ਕੇ ਮ੍ਰਿਤਕਾ ਵੱਲੋਂ ਚੁੱਕੇ ਗਏ ਕਦਮ ਬਾਰੇ ਕੋਈ ਟਿੱਪਣੀ ਕਰਨਾ ਠੀਕ ਨਹੀਂ ਹੈ।

## ਸਿੱਖਿਆ ਮੰਤਰੀ ਖ਼ਿਲਾਫ਼ ਦਰਜ ਹੋਵੇ ਕੇਸ: ਮਜੀਠੀਆ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ 1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨ ਫਰੰਟ ਦੀ ਮੈਂਬਰ ਵੱਲੋਂ ਖੁਦਕੁਸ਼ੀ ਕੀਤੇ ਜਾਣ ਦੇ ਮਾਮਲੇ ਵਿੱਚ ਸਿੱਖਿਆ ਮੰਤਰੀ ਹਰਜੋਤ ਬੈਂਸ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਮਜੀਠੀਆ ਨੇ ਮੰਗ ਕੀਤੀ ਕਿ ਸਿੱਖਿਆ ਮੰਤਰੀ ਹਰਜੋਤ ਬੈਂਸ ਖ਼ਿਲਾਫ਼ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਖ਼ੁਦਕੁਸ਼ੀ ਪੱਤਰ ਵਿੱਚ ਸਿੱਖਿਆ ਮੰਤਰੀ ਦਾ ਨਾਂ ਸਪਸ਼ਟ ਤੌਰ 'ਤੇ ਲਿਖਿਆ ਹੈ। ਸ੍ਰੀ ਮਜੀਠੀਆ ਨੇ ਕਿਹਾ ਕਿ ਇਹ ਉਮੀਦਵਾਰ ਸਹਾਇਕ ਪ੍ਰੋਫੈਸਰਾਂ ਦੀ ਨਿਯੁਕਤੀ ਪ੍ਰਕਿਰਿਆ ਰੱਦ ਕਰਨ ਕਰ ਕੇ ਪਿਛਲੇ ਦੋ ਸਾਲਾਂ ਤੋਂ ਤਣਾਅ ਵਿੱਚ ਸੀ। ਮਜੀਠੀਆ ਨੇ ਦਾਅਵਾ ਕੀਤਾ ਕਿ ਸਰਕਾਰ ਨਾ ਤਾਂ ਅਦਾਲਤ 'ਚ ਉਨ੍ਹਾਂ ਦੀ ਸਹੀ ਢੰਗ ਨਾਲ ਨੁਮਾਇੰਦਗੀ ਕਰ ਰਹੀ ਹੈ ਤੇ ਨਾ ਹੀ ਮਸਲੇ ਨੂੰ ਹੱਲ ਕਰਵਾਉਣ ਵਾਸਤੇ ਕੰਮ ਕਰ ਰਹੀ ਹੈ।

## ਸਿੱਖਿਆ ਮੰਤਰੀ ਵਿਰੁੱਧ ਖ਼ੁਦਕੁਸ਼ੀ ਨੋਟ ਲਿਖ ਕੇ ਸਹਾਇਕ ਪ੍ਰੋਫੈਸਰ ਘਰੋਂ ਲਾਪਤਾ

ਰੂਪਨਗਰ : ਨਿਯੁਕਤੀ ਪੱਤਰ ਮਿਲਣ ਬਾਅਦ ਕਾਲਜਾਂ 'ਚ ਤਾਇਨਾਤੀ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਘਰ ਬਾਹਰ ਸੰਘਰਸ਼ ਕਰ ਰਹੇ ਨਿਯੁਕਤ ਸਹਾਇਕ ਪ੍ਰੋਫੈਸਰਾਂ 'ਚੋਂ ਇਕ ਸਹਾਇਕ ਪ੍ਰੋਫੈਸਰ ਬਲਵਿੰਦਰ ਕੌਰ ਆਪਣੀ ਮੌਤ ਦਾ ਜ਼ਿੰਮੇਵਾਰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਲਿਖ ਕੇ ਘਰੋਂ ਲਾਪਤਾ ਹੋ ਗਈ ਹੈ, ਜੋ ਰੂਪਨਗਰ ਦੇ ਦਸਮੇਸ਼ ਨਗਰ 'ਚ ਆਪਣੇ ਘਰੋਂ ਰਾਤੀਂ 12:09 ਵਜੇ ਸਕੂਟਰੀ 'ਤੇ ਨਿਕਲੀ ਤੇ 12:16 ਵਜੇ ਰਾਮ-ਲੀਲ੍ਹਾ ਮੈਦਾਨ ਕੋਲ ਕੈਮਰੇ 'ਚ ਜਾਂਦੀ ਦਿਖੀ ਅਤੇ 1 ਵਜੇ ਸ਼ਹਿਰ 'ਚੋਂ ਲੰਘਦੀ ਸਰਹਿੰਦ ਨਹਿਰ ਦੇ ਪੁਲ 'ਤੇ ਸਕੂਟਰੀ ਖੜ੍ਹੀ ਕਰ ਕੇ ਲਾਪਤਾ ਹੋ ਗਈ। ਸਕੂਟਰੀ ਵਿਚੋਂ ਮੋਬਾਈਲ ਅਤੇ ਹੋਰ ਸਾਮਾਨ ਮਿਲਿਆ ਹੈ। ਡੀ.ਐਸ.ਪੀ. ਤਰਲੋਚਨ ਸਿੰਘ ਨੇ ਦੱਸਿਆ ਕਿ ਖ਼ੁਦਕੁਸ਼ੀ ਨੋਟ ਅਜੇ ਬਰਾਮਦ ਕਰਨਾ ਹੈ ਪਰ ਮੋਬਾਈਲ 'ਚੋਂ ਮਿਲੇ ਇੱਕ ਆਵਾਜ਼ ਮੈਸੇਜ 'ਚ ਬਲਵਿੰਦਰ ਕੌਰ ਨੇ ਆਪਣੇ ਪਤੀ ਸੁਪ੍ਰੀਤ ਸਿੰਘ ਨੂੰ ਬੋਲਿਆ ਹੈ ਕਿ 'ਖ਼ਾਲਸਾ ਜੀ, ਮੈਂ ਤੁਹਾਡੇ ਕਲੇਸ਼ ਤੋਂ ਦੁਖੀ ਹੋ ਕਿ ਉੱਥੇ ਚੱਲੀ ਹਾਂ ਜਿੱਥੇ ਜਾ ਕੇ ਕੋਈ ਮੁੜਦਾ ਨਹੀਂ'। ਉਨ੍ਹਾਂ ਕਿਹਾ ਕਿ ਸੁਪ੍ਰੀਤ ਸਿੰਘ ਨੇ ਇਹ ਮੈਸੇਜ ਆਪਣੇ ਮੋਬਾਈਲ 'ਚੋਂ ਡਿਲੀਟ ਕਰ ਦਿੱਤਾ ਸੀ। ਇਸ ਦੀ ਸ਼ਿਕਾਇਤ ਬਲਵਿੰਦਰ ਕੌਰ ਦੇ ਭਰਾ ਨੇ ਦਿੱਤੀ ਹੈ, ਜਿਸ ਦੇ ਆਧਾਰ 'ਤੇ ਪਤੀ ਸੁਪ੍ਰੀਤ ਸਿੰਘ ਅਤੇ ਸਹੁਰਾ ਭਾਗ ਸਿੰਘ 'ਤੇ ਆਤਮ ਹੱਤਿਆ ਲਈ ਮਜਬੂਰ ਕਰਨਾ, ਔਰਤਾਂ 'ਤੇ ਜ਼ੁਲਮ ਆਦਿ ਦੇ ਦੋਸ਼ਾਂ ਹੇਠ 306,498 ਏ, 34 ਆਈਪੀਸੀ ਤਹਿਤ ਪਰਚਾ ਦਰਜ ਕੀਤਾ ਗਿਆ ਹੈ ਪਰ ਉਨ੍ਹਾਂ ਸਿੱਖਿਆ ਮੰਤਰੀ ਵਿਰੁੱਧ ਲਿਖੇ ਖ਼ੁਦਕੁਸ਼ੀ ਨੋਟ ਬਾਰੇ ਕਿਹਾ ਕਿ ਇਹ ਬਰਾਮਦ ਕਰਕੇ ਜਾਂਚ ਲਈ ਭੇਜਿਆ ਜਾਵੇਗਾ, ਉਪਰੰਤ ਅਗਲੀ ਕਾਰਵਾਈ ਹੋਵੇਗੀ। ਪਰ ਪੁਲਿਸ ਦੀ ਇਸ ਕਹਾਣੀ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਬਲਵਿੰਦਰ ਕੌਰ ਬਾਰੇ ਇਹ ਸਪਸ਼ਟ ਹੀ ਨਹੀਂ ਕਿ ਉਸ ਨੇ ਆਤਮ ਹੱਤਿਆ ਕਰ ਲਈ ਹੈ ਜਾਂ ਉਹ ਕਿਸੇ ਹੋਰ ਪਾਸੇ ਚਲੀ ਗਈ ਹੈ ਤਾਂ ਆਤਮ ਹੱਤਿਆ ਲਈ ਮਜਬੂਰ ਕਰਨ ਅਤੇ ਔਰਤਾਂ 'ਤੇ ਜ਼ੁਲਮ ਜਿਹੇ ਸੰਗੀਨ ਦੋਸ਼ਾਂ ਹੇਠ ਪਤੀ ਤੇ ਸਹੁਰੇ ਨੂੰ ਥਾਣੇ ਕਿਉਂ ਬੰਦ ਕੀਤਾ ਗਿਆ ਹੈ? ਦੂਜਾ ਜਦੋਂ ਖ਼ੁਦਕੁਸ਼ੀ ਨੋਟ ਵਾਇਰਲ ਹੋ ਕੇ ਸਾਰੀ ਦੁਨੀਆ 'ਚ ਘੁੰਮ ਰਿਹਾ ਹੈ, ਪਰ ਪੁਲਿਸ ਅਜੇ ਬਰਾਮਦ ਕਰਨ ਦੇ ਦਾਅਵੇ ਕਰ ਰਹੀ ਹੈ। ਪੁਲਿਸ ਕਹਿ ਰਹੀ ਹੈ ਕਿ ਅਜੇ ਤਾਂ ਉਹ ਲਾਪਤਾ ਲੜਕੀ ਦੀ ਭਾਲ 'ਚ ਜੁਟੇ ਹੋਏ ਹਨ। ਬਲਵਿੰਦਰ ਕੌਰ ਕੋਲ ਇਕ 5 ਸਾਲ ਦੀ ਬੱਚੀ ਹੈ ਜੋ ਮਾਂ ਨੂੰ ਉਡੀਕ ਰਹੀ ਹੈ।

ਖ਼ੁਦਕੁਸ਼ੀ ਨੋਟ 'ਚ ਲਿਖਿਆ ਹੈ ਕਿ:

'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਮੁੱਖ ਮੰਗ: 1158 'ਤੇ ਬੈਠੇ ਸਹਾਇਕ ਪ੍ਰੋਫੈਸਰ ਤੇ ਲਾਇਬ੍ਰੇਰੀਅਨ ਨੂੰ ਸਰਕਾਰੀ ਨੌਕਰੀ ਦੇ ਕੇ ਕਾਲਜਾਂ ਵਿਚ ਭੇਜਣ ਸੰਬੰਧੀ। ਮੈਂ ਇਹ ਚਾਹੁੰਦੀ ਹਾਂ ਕਿ ਮੇਰੇ ਜਾਣ ਪਿੱਛੋਂ ਸਿਲੈੱਕਟ ਹੋਏ ਸਹਾਇਕ ਪ੍ਰੋਫੈਸਰ ਤੇ ਲਾਇਬ੍ਰੇਰੀਅਨ ਨੂੰ ਕਾਲਜਾਂ ਵਿਚ ਭੇਜਿਆ ਜਾਵੇ। ਮੇਰਾ ਆਤਮ ਹੱਤਿਆ ਕਰਨ ਦਾ ਮੁੱਖ ਮਕਸਦ ਹੀ ਇਹ ਹੈ ਕਿ ਮੈਨੂੰ ਪੰਜਾਬ ਸਰਕਾਰ ਦੇ ਐਮ.ਐਲ.ਏ. ਹਰਜੋਤ ਬੈਂਸ ਨੇ ਮਜਬੂਰ ਕਰ ਦਿੱਤਾ ਹੈ। ਕਿਉਂਕਿ ਮੈਂ 3 ਦਸੰਬਰ 2021 ਨੂੰ ਨਿਯੁਕਤੀ ਪੱਤਰ ਪ੍ਰਾਪਤ ਕਰ ਲਿਆ ਸੀ ਪਰ ਇਸ ਤੋਂ ਬਾਅਦ ਜੋ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਉਹ ਇਹ ਕਿ ਮੈਂ ਦੋ ਵਾਰ ਮਾਂ ਬਣਨ ਦੇ ਕਿਨਾਰੇ ਸੀ। ਪਰ ਮੇਰੀ ਮਾਨਸਿਕ ਦਸ਼ਾ ਨੇ ਦੋ ਵਾਰ ਮੇਰੇ ਬੱਚਿਆਂ ਦੀ ਜਾਨ ਲੈ ਲਈ ਅਤੇ ਮੈਂ ਵੀ ਦੋ ਵਾਰ ਜਾਨ ਗਵਾਉਣ ਦੇ ਕਿਨਾਰੇ ਸੀ। ਹੁਣ ਵੀ ਮੈਂ ਡਿਪਰੈਸ਼ਨ ਦੀ ਸ਼ਿਕਾਰ ਹੋ ਗਈ ਸੀ। ਪਰ ਦਵਾਈਆਂ ਠੀਕ ਸੀ। ਮੇਰੀ ਆਤਮ ਹੱਤਿਆ ਦੀ ਸਾਰੀ ਜ਼ਿੰਮੇਵਾਰੀ ਮੰਤਰੀ ਹਰਜੋਤ ਬੈਂਸ ਦੀ ਹੈ। ਹਰਜੋਤ ਬੈਂਸ ਨੂੰ ਮੈਨੂੰ ਮਾਰਨ ਦੀ ਤੇ ਮੇਰੇ ਬੱਚਿਆਂ ਨੂੰ ਮਾਰਨ ਦੀ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਪੰਜਾਬ ਸਰਕਾਰ ਪ੍ਰੋਫੈਸਰਾਂ ਨੂੰ ਕਾਲਜਾਂ ਵਿਚ ਭੇਜੇ। ਜੇਕਰ ਸਰਕਾਰ ਨੇ ਇੰਜ ਨਹੀਂ ਕੀਤਾ ਤਾਂ ਪੰਜਾਬ ਦੀ ਜਨਤਾ ਮੇਰੇ ਨਾਲ ਹੋਈ ਵਧੀਕੀ ਅਤੇ ਮੇਰੀ ਮੌਤ ਦਾ ਬਦਲਾ ਜ਼ਰੂਰ ਲਏਗੀ। ਮੇਰੇ ਪਰਿਵਾਰ ਦਾ ਇਸ ਵਿਚ ਕੋਈ ਹਿੱਸਾ ਨਹੀਂ, ਇਸ ਕਰਕੇ ਪੁਲਿਸ ਉਨ੍ਹਾਂ ਨੂੰ ਪ੍ਰੇਸ਼ਾਨ ਨਾ ਕਰੇ। ਪੰਜਾਬ ਸਰਕਾਰ ਅਤੇ ਹਰਜੋਤ ਬੈਂਸ ਮੁਰਦਾਬਾਦ।

**ਨਾਮ ਬਲਵਿੰਦਰ ਕੌਰ,**
**ਵਿਸ਼ਾ: ਰਾਜਨੀਤੀ ਵਿਗਿਆਨ।**

## ਜਥੇਦਾਰ ਵਲੋਂ ਅੰਮ੍ਰਿਤਧਾਰੀ ਬੇਰੁਜ਼ਗਾਰ ਮਹਿਲਾ ਪ੍ਰੋਫੈਸਰ ਵੱਲੋਂ ਆਤਮ-ਹੱਤਿਆ ਕਰਨ ਦੀ ਘਟਨਾ ਦਾ ਗੰਭੀਰ ਨੋਟਿਸ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਰੂਪਨਗਰ ਵਿਖੇ ਇਕ ਅੰਮ੍ਰਿਤਧਾਰੀ ਬੇਰੁਜ਼ਗਾਰ ਮਹਿਲਾ ਪ੍ਰੋਫੈਸਰ ਵਲੋਂ ਸਰਕਾਰ ਦੀ ਘੋਰ ਬੇਇਨਸਾਫੀ ਤੋਂ ਤੰਗ ਆ ਕੇ ਆਤਮ-ਹੱਤਿਆ ਲਈ ਮਜਬੂਰ ਹੋਣ ਦੀ ਘਟਨਾ ਦਾ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਇਕ ਰਾਜ ਸ਼ਾਸਨ ਲਈ ਇਸ ਤੋਂ ਵੱਧ ਸ਼ਰਮਨਾਕ ਕੋਈ ਗੱਲ ਨਹੀਂ ਹੋ ਸਕਦੀ ਕਿ ਉਸ ਦੇ ਨਾਗਰਿਕਾਂ ਨੂੰ ਆਪਣੇ ਰੁਜ਼ਗਾਰ ਦਾ ਹੱਕ ਨਾ ਮਿਲਣ ਤੋਂ ਦੁਖੀ ਹੋ ਕੇ ਆਤਮ-ਹੱਤਿਆ ਕਰਨ ਲਈ ਮਜਬੂਰ ਹੋਣਾ ਪੈ ਜਾਵੇ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਮਹਿਲਾ ਪ੍ਰੋਫੈਸਰ ਬਲਵਿੰਦਰ ਕੌਰ ਵਲੋਂ ਆਤਮ-ਹੱਤਿਆ ਨੋਟ ਵਿਚ ਸਰਕਾਰ ਉੱਪਰ ਲਾਏ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਉਸ ਦੀ ਡੂੰਘਾਈ ਨਾਲ ਜਾਂਚ ਕਰਕੇ ਬੇਰੁਜ਼ਗਾਰ ਮਹਿਲਾ ਪ੍ਰੋਫੈਸਰ ਦੀ ਮੌਤ ਲਈ ਜ਼ਿੰਮੇਵਾਰ ਲੋਕਾਂ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਭਾਵੇਂ ਉਹ ਕਿੰਨੇ ਵੀ ਤਾਕਤਵਰ ਰੁਤਬੇ 'ਤੇ ਕਿਉਂ ਨਾ ਹੋਣ।

ਗਿਆਨੀ ਰਘਬੀਰ ਸਿੰਘ ਨੇ ਜਾਰੀ ਲਿਖਤੀ ਬਿਆਨ ਰਾਹੀਂ ਆਖਿਆ ਕਿ ਆਪਣੇ ਨਾਗਰਿਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣਾ ਹਰੇਕ ਰਾਜ ਸ਼ਾਸਨ ਦਾ ਧਰਮ ਹੁੰਦਾ ਹੈ ਪਰ ਜਦੋਂ ਕਿਸੇ ਰਾਜ ਦੇ ਨਾਗਰਿਕਾਂ ਨੂੰ ਮਹਿੰਗੀਆਂ ਪੜ੍ਹਾਈਆਂ ਕਰਕੇ ਵੀ ਰੁਜ਼ਗਾਰ ਲੈਣ ਲਈ ਆਪਣੇ ਪਰਿਵਾਰਾਂ ਤੇ ਨਿੱਕੇ-ਨਿੱਕੇ ਬੱਚਿਆਂ ਦੇ ਨਾਲ ਸੜਕਾਂ 'ਤੇ ਰੁਲਣਾ ਪਵੇ ਅਤੇ ਨਿੱਤ ਦਿਹਾੜੇ ਰਾਜਤੰਤਰ ਦਾ ਤਸ਼ੱਦਦ ਸਹਿਣ ਕਰਨਾ ਪਵੇ ਤਾਂ ਇਹ ਰਾਜ ਧਰਮ ਦੀ ਸਭ ਤੋਂ ਵੱਡੀ ਅਸਫਲਤਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਰਾਜ ਦੌਰਾਨ ਲੋਕਾਂ ਨੂੰ ਸਰਕਾਰ ਦੇ ਬੋਲੇ ਕੰਨਾਂ



ਤੱਕ ਆਪਣੀ ਆਵਾਜ਼ ਪਹੁੰਚਾਉਣ ਖ਼ਾਤਰ ਮਰਨ ਲਈ ਮਜਬੂਰ ਹੋਣਾ ਪਵੇ, ਨੈਤਿਕ ਤੌਰ 'ਤੇ ਅਜਿਹੇ ਰਾਜ ਸ਼ਾਸਨ ਨੂੰ ਬਣੇ ਰਹਿਣ ਦਾ ਕੋਈ ਹੱਕ ਨਹੀ ਰਹਿ ਜਾਂਦਾ। ਉਨ੍ਹਾਂ ਕਿਹਾ ਕਿ ਰੂਪਨਗਰ ਦੀ ਅੰਮ੍ਰਿਤਧਾਰੀ ਦਸਤਾਰਧਾਰੀ ਮਹਿਲਾ ਪ੍ਰੋਫੈਸਰ ਬਲਵਿੰਦਰ ਕੌਰ ਵਲੋਂ ਪਿਛਲੇ ਲੰਬੇ ਸਮੇਂ ਤੋਂ ਆਪਣੇ ਸਾਥੀਆਂ ਸਮੇਤ ਨੌਕਰੀਆਂ ਲਈ ਸੰਘਰਸ਼ ਕਰਨ ਦੇ ਬਾਵਜੂਦ ਇਨਸਾਫ ਨਾ ਮਿਲਣ 'ਤੇ ਸਰਕਾਰ ਦੇ ਹਠੀ ਰਵੱਈਏ ਤੋਂ ਦੁਖੀ ਹੋ ਕੇ ਆਤਮ-ਹੱਤਿਆ ਕਰਨੀ ਬੇਹੱਦ ਦੁਖਦਾਈ ਘਟਨਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਆਤਮ-ਹੱਤਿਆ ਕਰਨਾ ਵੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੁੰਦਾ। ਗੁਰੂ ਸਾਹਿਬਾਨ ਨੇ ਸਾਨੂੰ ਹੱਕਾਂ ਲਈ ਜ਼ੁਲਮ ਦੇ ਖ਼?ਲਾਫ਼ ਲੜਣਾ ਸਿਖਾਇਆ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਆਪਣੇ ਹੱਕਾਂ ਲਈ ਬੇਇਨਸਾਫੀ ਦੇ ਖ਼ਿਲਾਫ਼ ਸਾਰੇ ਸਮਾਜ ਨੂੰ ਇਕ-ਦੂਜੇ ਦਾ ਸਾਥ ਦੇ ਕੇ ਸੰਘਰਸ਼ਸ਼ੀਲ ਬਣਨਾ ਚਾਹੀਦਾ ਹੈ ਤਾਂ ਜੋ ਕਿਸੇ ਨੂੰ ਘੋਰ ਬੇਇਨਸਾਫੀ ਦੇ ਖ਼ਿਲਾਫ਼ ਜ਼ਿੰਦਗੀ ਦੀ ਜੰਗ ਨਾ ਹਾਰਨੀ ਪਵੇ।

## ਸਹਾਇਕ ਪ੍ਰੋਫੈਸਰ ਖ਼ੁਦਕੁਸ਼ੀ ਮਾਮਲੇ 'ਚ ਪਰਿਵਾਰ ਤੇ ਜਥੇਬੰਦੀਆਂ ਦਾ ਹਸਪਤਾਲ ਅੱਗੇ ਧਰਨਾ

ਰੂਪਨਗਰ : ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ, ਮ੍ਰਿਤਕਾ ਦੀ ਜਥੇਬੰਦੀ ਦੇ ਸਾਥੀਆਂ ਅਤੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਵੱਲੋਂ ਤੜਕੇ ਪੌਣੇ ਤਿੰਨ ਵਜੇ ਤੱਕ ਧਰਨਾ ਦੇਣ ਦੇ ਬਾਵਜੂਦ ਪੁਲੀਸ ਵੱਲੋਂ ਮ੍ਰਿਤਕਾ ਸਹਾਇਕ ਪ੍ਰੋਫੈਸਰ ਬਲਵਿੰਦਰ ਕੌਰ ਦੇ ਖ਼ੁਦਕੁਸ਼ੀ ਨੋਟ ਮੁਤਾਬਕ ਕਾਰਵਾਈ ਨਹੀਂ ਕੀਤੀ ਗਈ। ਇਸ ਮਗਰੋਂ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਅਤੇ ਜਥੇਬੰਦਕ ਸਾਥੀਆਂ ਵੱਲੋਂ ਹਸਪਤਾਲ ਅੱਗੇ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਮ੍ਰਿਤਕਾ ਦੇ ਭਰਾ ਹਰਦੇਵ ਸਿੰਘ ਨੇ ਦੋਸ਼ ਲਗਾਇਆ ਕਿ ਲੋਕ ਰੋਹ ਨੂੰ ਦੇਖਦੇ ਹੋਏ ਬੀਤੀ ਰਾਤ ਪੁਲੀਸ ਨੇ ਉਨ੍ਹਾਂ ਦੇ ਬਿਆਨ ਤਾਂ ਕਲਮਬੱਧ ਕਰ ਲਏ ਹਨ ਪਰ ਉਸ ਵੱਲੋਂ ਆਪਣੀ ਭੈਣ ਦੇ ਖ਼ੁਦਕੁਸ਼ੀ ਨੋਟ ਅਨੁਸਾਰ ਲਿਖਵਾਏ ਬਿਆਨ 'ਚ ਸਿੱਖਿਆ ਮੰਤਰੀ ਦਾ ਨਾਮ ਮੁਕੱਦਮੇ ਵਿੱਚ ਸ਼ਾਮਲ ਨਹੀਂ ਕੀਤਾ। ਪੁਲੀਸ ਨੇ ਉਨ੍ਹਾਂ ਨੂੰ ਕਥਿਤ ਇੰਟਰਨੈੱਟ ਨਾ ਹੋਣ ਦਾ ਬਹਾਨਾ ਮਾਰ ਕੇ ਇਹ ਕਹਿੰਦਿਆਂ ਘਰ ਚਲੇ ਜਾਣ ਲਈ ਕਿਹਾ ਤੇ ਨਾਲ ਹੀ ਕਥਿਤ ਤੌਰ 'ਤੇ ਭਰੋਸਾ ਦਿੱਤਾ ਕਿ ਸਵੇਰੇ ਇੰਟਰਨੈੱਟ ਦੀ ਬਹਾਲੀ




ਹੁੰਦਿਆਂ ਸਿੱਖਿਆ ਮੰਤਰੀ ਦਾ ਨਾਮ ਮੁਕੱਦਮੇ ਵਿੱਚ ਸ਼ਾਮਲ ਕਰਕੇ ਉਸ ਦੀ ਕਾਪੀ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ ਪਰ ਪੁਲੀਸ ਮੰਤਰੀ ਦਾ ਨਾਮ ਮੁਕੱਦਮੇ ਵਿੱਚ ਸ਼ਾਮਲ ਕਰਨ ਤੋਂ ਕਥਿਤ ਤੌਰ 'ਤੇ ਕਤਰਾ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਪੁਲੀਸ ਉਨ੍ਹਾਂ ਦੀ ਭੈਣ ਵੱਲੋਂ ਲਿਖੇ ਖ਼ੁਦਕੁਸ਼ੀ ਨੋਟ ਮੁਤਾਬਕ ਕਾਰਵਾਈ ਨਹੀਂ ਕਰਦੀ, ਉਦੋਂ ਤੱਕ ਉਹ ਪੋਸਟਮਾਰਟਮ ਨਹੀਂ ਕਰਵਾਉਣਗੇ। ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੇ ਸਿਵਲ ਹਸਪਤਾਲ ਰੂਪਨਗਰ ਦੇ ਮੁਰਦਾਘਰ ਅੱਗੇ ਧਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਧਰਨੇ ਵਿੱਚ 1158 ਸਹਾਇਕ ਪ੍ਰਫੈਸਰ ਅਤੇ ਲਾਇਬ੍ਰੇਰੀਅਨ ਫਰੰਟ ਜਥੇਬੰਦੀ ਤੋਂ ਇਲਾਵਾ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਵੀ ਸ਼ਮੂਲੀਅਤ ਕਰਨੀ ਸ਼ੁਰੂ ਕਰ ਦਿੱਤੀ ਹੈ।

### ਪੰਜਾਬ ਲੋਕ ਰੰਗ ਮੰਚ ਵਲੋਂ

### ਮਿਟੀ ਧੁੰਧ ਜਗ ਚਾਨਣ ਹੋਆ, ਮਹਾਰਾਣੀ ਜਿੰਦਾ ਹੁਕਮੋ ਦੀ ਹਵੇਲੀ, ਉਮਰਾਂ ਲੰਘੀਆਂ ਪੱਬਾਂ ਭਾਰ, ਸਰਦਲ ਕੇ ਆਰ ਪਾਰ, ਪੱਤਣਾ 'ਤੇ ਰੋਣ ਖੜ੍ਹੀਆਂ, ਮਿੱਟੀ ਰੁਦਨ ਕਰੇ ਦੀ ਬੇਮਿਸਾਲ ਕਾਮਯਾਬੀ ਤੋਂ ਬਾਅਦ

# ਸ੍ਰ. ਸੁਰਿੰਦਰ ਸਿੰਘ ਧਨੋਆ ਵਲੋਂ ਇਤਿਹਾਸਕ ਨਾਟਕ ਜ਼ਫ਼ਰਨਾਮਾ ਜਨਤਾ ਦੇ ਰੂਬਰੂ


ਸ੍ਰ. ਸੁਰਿੰਦਰ ਸਿੰਘ ਧਨੋਆ


ਡਾ. ਸੁਖਮਿੰਦਰ ਸਿੰਘ


ਸ੍ਰ. ਹੈਰੀ ਸਿੰਘ ਗਰੇਵਾਲ


ਸ੍ਰ. ਜਗਜੀਤ ਸਿੰਘ ਨੌਸ਼ਹਿਰਵੀ


ਸ੍ਰੀਮਤੀ ਮੋਨਿਕਾ ਉਪਲ


ਰਮਣੀਤ ਕੌਰ ਚੌਧਰੀ

ਹੇਵਰਡ/ਕੈਲੀਫੋਰਨੀਆ : ਉਘੇ ਲੇਖਕ ਅਤੇ ਡਾਇਰੈਕਟਰ ਸ੍ਰ. ਸੁਰਿੰਦਰ ਸਿੰਘ ਧਨੋਆ ਵਲੋਂ ਮਿਟੀ ਧੁੰਧ ਜਗ ਚਾਨਣ ਹੋਆ, ਮਹਾਰਾਣੀ ਜਿੰਦਾ ਹੁਕਮੋ ਦੀ ਹਵੇਲੀ, ਉਮਰਾਂ ਲੰਘੀਆਂ ਪੱਬਾਂ ਭਾਰ, ਸਰਦਲ ਕੇ ਆਰ ਪਾਰ, ਪੱਤਣਾ 'ਤੇ ਰੋਣ ਖੜ੍ਹੀਆਂ, ਮਿੱਟੀ ਰੁਦਨ ਕਰੇ ਦੀ ਬੇਮਿਸਾਲ ਕਾਮਯਾਬੀ ਤੋਂ ਬਾਅਦ ਆਪਣੇ ਨਿਰਦੇਸ਼ਨ ਹੇਠ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫ਼ਰਨਾਮਾ ਜਨਤਾ ਦੇ ਰੂਬਰੂ ਕਰਨ ਜਾ ਰਹੇ ਹਨ।

ਜ਼ਫਰਨਾਮਾ ਇੱਕ ਉਹ ਮਹਾਨ ਇਲਾਹੀ ਰਚਨਾ ਹੈ ਜਿਸ ਨੂੰ ਪੜ੍ਹ ਕੇ ਜਾਲਮ ਮੁਗਲ ਬਾਦਸ਼ਾਹ ਔਰੰਗਜੇਬ ਅੰਦਰੋਂ ਸ਼ਰਮਿੰਦਾ ਅਤੇ ਇਖਲਾਕੀ ਤੌਰ ਉਪਰ ਟੁੱਟ ਗਿਆ ਸੀ। ਜ.ਫ਼ਰਨਾਮੇ ਵਿਚ ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ 111 ਸ਼ੇਅਰ ਹਨ ਅਤੇ ਕਈ ਇਸ ਨੂੰ 134 ਕਹਿੰਦੇ ਹਨ।

ਸ੍ਰ. ਸੁਰਿੰਦਰ ਸਿੰਘ ਧਨੋਆ ਨੇ ਇਸ ਜ਼ਫ਼ਰਨਾਮੇ ਨਾਟਕ 'ਚ ਗੁਰੂ ਸਾਹਿਬ ਵਲੋਂ ਜਾਲਮ ਮੁ.ਗਲ ਬਾਦਸ਼ਾਹ ਨੂੰ ਦਿੱਤੀ ਚੁਣੌਤੀ ਨੂੰ ਬਾਕਮਾਲ ਪੇਸ਼ ਕੀਤਾ ਹੈ।

ਉਸਦਾ ਇਕ ਨਮੂਨਾ ਇਸ ਪ੍ਰੋਗਰਾਮ 'ਚ ਜੁੜੇ ਹੋਏ ਲੋਕਾਂ ਦੇ ਸਾਹਮਣੇ ਪ੍ਰਸਤੁਤ ਕੀਤਾ ਗਿਆ ਜਿਸ ਨੂੰ ਦੇਖ ਕੇ ਲੋਕਾਂ ਦੀਆਂ ਅੱਖਾਂ 'ਚ ਹੰਝੂ ਆ ਗਏ ਅਤੇ ਲੋਕ ਉਠ ਕੇ ਤਾੜੀਆਂ ਮਾਰਨ ਲੱਗੇ।

ਸ੍ਰ. ਸੁਰਿੰਦਰ ਸਿੰਘ ਧਨੋਆ ਨੇ ਦੱਸਿਆ ਕਿ ਗੁਰੂ ਸਾਹਿਬ ਦੀ ਦਿਆਲਤਾ ਏਨੀ ਸੀ ਕਿ ਉਨ੍ਹਾਂ ਨੇ ਉਸ ਕੱਟੜ ਜਾਲਮ ਔਰੰਗਜੇਬ ਨੂੰ ਵੀ ਮਾੜਾ ਨਹੀਂ ਕਿਹਾ ਗੁਰੂ ਸਾਹਿਬ ਨੇ ਜੋ ਲਿਖਿਆ ਉਹ ਮੁਗਲੀਆ ਸਲਤਨਤ ਨੂੰ ਇਕ ਵੱਡੀ ਚੁਣੌਤੀ ਤੇ ਵੱਡਾ ਝਟਕਾ ਸੀ

ਜਿਸ ਹੰਕਾਰੀ ਮੁਗਲ ਸਹਿਨਸ਼ਾਹ ਜਿਸ ਦਾ ਕੋਈ ਇਮਾਨ ਨਹੀਂ ਸੀ ਇਸ ਮਹਾਨ ਜ਼ਫਰਨਾਮੇ ਦੀ ਲਿਖਤ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਅਤੇ ਪੜ੍ਹਕੇ ਅੰਦਰੋਂ ਪੂਰੀ ਤਰ੍ਹਾਂ ਟੁੱਟ ਗਿਆ।

ਉਨ੍ਹਾਂ ਸਿੱਖ ਇਤਿਹਾਸ ਦੇ ਗੌਰਵਮਈ ਪੱਖ ਨੂੰ ਪੇਸ਼ ਕਰਦਿਆਂ ਦੱਸਿਆ ਕਿ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਅਬਦਾਲੀ ਨਾਲ ਲੜਨ ਦੀ ਕੋਈ ਜ਼ਰੂਰਤ ਨਹੀਂ ਸੀ। ਇਥੇ ਅਬਦਾਲੀ ਨੇ ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਉਪਰ ਹਮਲਾ ਨਹੀਂ ਸੀ ਕੀਤਾ ਬਲਕਿ ਜਾਲਮ ਅਬਦਾਲੀ ਨੂੰ ਰੋਕਣ ਲਈ ਸਿੱਖ ਪੰਥ ਦੇ ਮਹਾਨ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਹਮਲਾ ਕੀਤਾ ਸੀ। ਸਿੱਖ ਇਤਿਹਾਸ 'ਚ ਕਮਜ਼ੋਰ, ਨਿਮਾਣਿਆ ਤੇ ਬੇਸਹਾਰਿਆਂ ਨਾਲ ਖੜ੍ਹਨਾ ਹੀ ਸਿੱਖੀ ਹੈ ਜਿਸ ਦੀ ਮਿਸਾਲ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੇ ਦਿੱਤੀ।

ਉਨ੍ਹਾਂ ਜ.ਫ਼ਰਨਾਮੇ ਨਾਟਕ 'ਚ ਜ਼ਿਕਰ ਕੀਤਾ ਕਿ ਗੁਰੂ ਸਾਹਿਬ ਨੇ ਦੁਰਕਾਰੇ ਗਏ ਲੋਕਾਂ ਨੂੰ ਗਲ ਨਾਲ ਲਾਇਆ। ਇਕੋ ਬਾਟੇ 'ਚ ਅੰਮ੍ਰਿਤ ਛਕਾ ਕੇ ਜਾਤ-ਪਾਤ ਦੀ ਬੁਰਾਈ ਨੂੰ ਖਤਮ ਕੀਤਾ ਤੇ ਸਦੀਆਂ ਤੋਂ ਗਏ ਗੁਜਰੇ ਲੋਕਾਂ ਨੂੰ ਸ਼ੇਰ ਬਣਾ ਦਿੱਤਾ ਅਤੇ ਚਿੜੀਆਂ ਤੋਂ ਬਾਜ਼ ਤੁੜਾ ਦਿੱਤੇ। ਇਸ ਇਤਿਹਾਸਕ ਨਾਟਕ ਜਫਰਨਾਮੇ 'ਚ ਉਨ੍ਹਾਂ ਗੁਰੂ ਸਾਹਿਬ ਦਾ ਉਹ ਪੱਖ ਵੀ ਪੇਸ਼ ਕੀਤਾ ਕਿ ਗੁਰੂ ਸਾਹਿਬ ਦੀ ਲੜਾਈ ਇਸਲਾਮ ਖਿਲਾ.ਫ ਕਦੇ ਨਹੀਂ ਸੀ ਜ਼ੁਲਮ ਦੇ ਖਿਲਾਫ਼ ਸੀ।



ਜ਼ਫਰਨਾਮਾ ਦੇ ਕਲਾਕਾਰ ਆਪਣੇ ਇਕ ਸੀਨ ਦਾ ਦ੍ਰਿਸ਼ ਪੇਸ਼ ਕਰਦੇ ਹੋਏ।


ਜ.ਫ਼ਰਨਾਮਾ ਨਾਟਕ ਵਿਚ ਦਿਖਾਇਆ ਗਿਆ ਕੋਹਲੂ



ਜ.ਫ਼ਰਨਾਮਾ 'ਚ ਕੰਮ ਕਰਨ ਵਾਲੀ ਟੀਮ ਵਿਚ ਕਰਮਵੀਰ ਸਿੰਘ, ਜਸਪ੍ਰੀਤ ਕੌਰ, ਦਿਲਪ੍ਰੀਤ ਕੌਰ, ਜਸਵਿੰਦਰ ਧਨੋਆ, ਹਰਸ਼ਰਨ ਕੌਰ, ਸੁਰਿੰਦਰ ਕੌਰ, ਗੁਰਜੀਤ ਕੌਰ, ਰਮਣੀਤ ਕੌਰ ਚੌਧਰੀ, ਇੰਦਰਜੀਤ ਸਹਿਜਾਦ, ਪ੍ਰਿਤਪਾਲ ਸਿੰਘ ਉਬਰਾਏ, ਸੇਵਾ ਸਿੰਘ ਸਰਾ, ਅਨੂਪ ਸਿੰਘ ਚੀਮਾ, ਦਰਸ਼ਨ ਸਿੰਘ ਔਜਲਾ, ਮੁਕੰਦ ਲਾਂਬਾ, ਬਲਜੀਤ ਸਿੰਘ ਮੁਹਾਰ, ਸੋਨੂੰ ਰਾਣਾ, ਸੁਰਿੰਦਰ ਸਿੰਘ ਧਨੋਆ, ਯਸ਼ਪਾਲ ਸਿੰਘ।







## ਪੰਜਾਬ ਲੋਕ ਰੰਗ ਮੰਚ ਵਲੋਂ

## ਮਿਟੀ ਧੁੰਧ ਜਗ ਚਾਨਣ ਹੋਆ, ਮਹਾਰਾਣੀ ਜਿੰਦਾ ਹੁਕਮੋ ਦੀ ਹਵੇਲੀ, ਉਮਰਾਂ ਲੰਘੀਆਂ ਪੱਬਾਂ ਭਾਰ, ਸਰਦਲ ਕੇ ਆਰ ਪਾਰ, ਪੱਤਣਾ 'ਤੇ ਰੋਣ ਖੜ੍ਹੀਆਂ, ਮਿੱਟੀ ਰੁਦਨ ਕਰੇ ਦੀ ਬੇਮਿਸਾਲ ਕਾਮਯਾਬੀ ਤੋਂ ਬਾਅਦ

# ਸ੍ਰ. ਸੁਰਿੰਦਰ ਸਿੰਘ ਧਨੋਆ ਵਲੋਂ ਇਤਿਹਾਸਕ ਨਾਟਕ ਜ਼ਫ਼ਰਨਾਮਾ ਜਨਤਾ ਦੇ ਰੂਬਰੂ


ਪ੍ਰੋ. ਬਲਵਿੰਦਰਪਾਲ ਸਿੰਘ ਧਨੋਆ


ਸ੍ਰ. ਕਸ਼ਮੀਰ ਸਿੰਘ ਸ਼ਾਹੀ


ਸ੍ਰ. ਲਖਵੀਰ ਸਿੰਘ ਪਟਵਾਰੀ


ਸ੍ਰੀ ਵਿਨੋਦ ਚੁੰਬਰ


ਸ੍ਰੀ ਸੋਨੂੰ ਰਾਣਾ



ਜ.ਫ਼ਰਨਾਮਾ ਪੋਸਟਰ ਦੇ ਨਾਲ ਲੇਖਕ ਅਤੇ ਡਾਇਰੈਕਟਰ ਸ੍ਰ. ਸੁਰਿੰਦਰ ਸਿੰਘ ਧਨੋਆ ਅਤੇ ਉਨ੍ਹਾਂ ਦੇ ਉਘੇ ਰਿਐਲਟਰ ਸ੍ਰ. ਗੁਰਮੀਤ ਸਿੰਘ ਜੱਜ, ਨਾਲ ਖੜ੍ਹੇ ਹਨ ਹਨ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਜਿਨ੍ਹਾਂ ਵਿਚ ਸ੍ਰ. ਗੁਰਜੀਤ ਸਿੰਘ ਬਰਾੜ, ਪ੍ਰੋ. ਲਾਲੀ ਧਨੋਆ, ਉਘੇ ਬਿਜਨਸਮੈਨ ਅਜਮੇਰ ਸਿੰਘ ਬਿੱਟੂ ਨਿੱਝਰ, ਸ੍ਰ. ਜੇ.ਪੀ. ਸਿੰਘ ਅਤੇ ਹੋਰ ਸਿੱਖ ਆਗੂ


ਸ੍ਰ. ਸੁਖਦੇਵ ਸਾਹਿਲ
ਪੰਜਾਬ ਦੇ ਉਘੇ ਤੇ ਸੁਰੀਲੇ ਗਾਇਕ


ਸ੍ਰ. ਅਨੂਪ ਸਿੰਘ ਚੀਮਾ
ਪੰਜਾਬ ਦੇ ਉਘੇ ਲੋਕ ਗਾਇਕ


ਸ੍ਰ. ਸੱਤੀ ਪਾਵਲਾ
ਪੰਜਾਬ ਦੇ ਉਘੇ ਗਾਇਕ

ਜਿਥੇ ਸਪੈਸ਼ਲ ਤੌਰ 'ਤੇ ਨਾਟਕ 'ਚ 22 ਧਾਰਾ ਦੇ ਰਾਜੇ ਸੁੱਚਾ ਨੰਦ, ਚੰਦਰਾਂ ਚੰਦੂ ਅਤੇ ਭੀਖਣ ਸ਼ਾਹ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਨਾਟਕ 'ਚ ਸਿੱਖਾਂ ਨੂੰ ਕੋਹਲੂ 'ਚ ਪੀੜਨ ਵਰਗੇ ਮਹਾਨ ਸੀਨ ਪੇਸ਼ ਕੀਤੇ ਗਏ। ਸ੍ਰ. ਸੁਰਿੰਦਰ ਸਿੰਘ ਧਨੋਆ ਨੇ ਦੱਸਿਆ ਕਿ ਜ਼ਫ਼ਰਨਾਮਾ ਨਾਟਕ ਲਈ ਵੱਖ ਵੱਖ ਸਰੋਤ ਵਰਤੇ ਗਏ ਜਿਨ੍ਹਾਂ 'ਚ ਯੂਪੀ 'ਚ ਪਿਆ ਖਰੜਾ ਸ਼ਾਮਲ ਹੈ ਜਿਸ ਦੀ ਕਾਪੀ ਉਨ੍ਹਾਂ ਕੋਲ (ਸ. ਸੁਰਿੰਦਰ ਸਿੰਘ ਧਨੋਆ) ਕੋਲ ਮੌਜੂਦ ਹੈ ਅਤੇ ਨਾਲ ਹੀ ਹੋਰਨਾਂ ਸਰੋਤਾਂ ਤੋਂ ਇਲਾਵਾ ਉਨ੍ਹਾਂ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਾ ਸਹਿਜੇ ਰਚਿਓ ਖਾਲਸਾ ਦਾ ਖਾਸ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਸਾਹਿਬ ਇਕੱਲੇ ਰਹਿ ਗਏ ਉਨ੍ਹਾਂ ਨਾਲ ਕੋਈ ਨਹੀਂ ਸੀ ਜ਼ਫਰਨਾਮਾ ਨਾਟਕ 'ਚ ਇਸਦਾ ਵੀ ਬਾਖੂਬੀ ਜ਼ਿਕਰ ਕੀਤਾ ਗਿਆ ਹੈ। ਇਸ ਸਮੇਂ ਪੰਜਾਬੀ ਦੇ ਉਘੇ ਗਾਇਕ ਸ. ਸੁਖਦੇਵ ਸਾਹਿਲ, ਲੋਕ ਗਾਇਕ ਸ. ਸੱਤੀ ਪਾਵਲਾ ਅਤੇ ਸ. ਅਨੂਪ ਸਿੰਘ ਚੀਮਾ ਨੇ ਆਪਣੇ ਰਸੀਲੇ ਅਤੇ ਇਤਿਹਾਸਕ ਗੀਤਾਂ ਨਾਲ ਆਪਣੀ ਹਾਜ਼ਰੀ ਲਵਾਈ। ਇਸ ਸਮੇਂ ਜਫਰਨਾਮੇ ਨਾਟਕ 'ਚ ਦਿਖਾਏ ਗਏ ਕੋਹਲੂ ਦੇ ਵੀ ਲੋਕਾਂ ਨੂੰ ਦਰਸ਼ਨ ਕਰਵਾਏ ਗਏ ਅਤੇ ਵੱਡੇ ਇਕੱਠ ਦੀ ਮੌਜੂਦਗੀ 'ਚ ਜਫਰਨਾਮੇ ਦਾ ਪੋਸਟਰ ਰਲੀਜ਼ ਕੀਤਾ ਗਿਆ। ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਟੇਜ ਦੀ ਜ਼ਿੰਮੇਵਾਰੀ ਹੈਰੀ ਸਿੰਘ ਗਰੇਵਾਲ ਨੇ ਬਹੁਤ ਹੀ ਬਾਖੂਬੀ ਨਾਲ ਨਿਭਾਈ। ਇਹ ਸਮਾਗਮ ਵਾਕਿਆ ਹੀ ਸੰਖੇਪ ਅਤੇ ਇਤਿਹਾਸਕ ਸਮਾਗਮ ਸੀ।



ਕੈਲੀਫੋਰਨੀਆ ਦੇ ਉਘੇ ਪੱਤਰਕਾਰ ਰੇਡੀਓ ਅਤੇ ਅਖ਼ਬਾਰਾਂ ਦੇ ਮਾਲਕ ਜ਼ਫ਼ਰਨਾਮਾ ਨਾਟਕ ਦੇ ਪ੍ਰੋਗਰਾਮ ਦੀ ਕਵਰੇਜ਼ ਕਰਦੇ ਹੋਏ।





# ਦਿੱਲੀ-ਅੰਮ੍ਰਿਤਸਰ-ਕਟੜਾ ਹਾਈਵੇਅ ਦੇ ਨਿਰਮਾਣ ਦਾ ਜਾਇਜ਼ਾ ਲੈਣ ਪੁੱਜੇ ਨਿਤਿਨ ਗਡਕਰੀ ਨੇ ਸ੍ਰੀ ਹਰਿਮੰਦਰ ਸਾਹਿਬ 'ਚ ਮੱਥਾ ਟੇਕਿਆ

## ਕੇਂਦਰੀ ਸੜਕੀ ਆਵਾਜਾਈ ਮੰਤਰੀ ਵਲੋਂ ਪੰਜਾਬ ਲਈ 3 ਆਰ.ਓ.ਬੀ. ਬਣਾਉਣ ਸਮੇਤ 15 ਹਜ਼ਾਰ ਕਰੋੜ ਦੇ ਪ੍ਰੋਜੈਕਟ ਦੇਣ ਦਾ ਐਲਾਨ



## ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ



ਅੰਮ੍ਰਿਤਸਰ : ਨਿਤਿਨ ਗਡਕਰੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਵੀ ਪੁੱਜੇ। ਮੱਥਾ ਟੇਕਣ ਉਪਰੰਤ ਪੱਤਰਕਾਰਾਂ ਨਾਲ ਸੰਖੇਪ ਗੱਲਬਾਤ ਕਰਦਿਆਂ ਕਿਹਾ ਕਿ ਬੜੀ ਦੇਰ ਤੋਂ ਮਨ 'ਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਦੀ ਇੱਛਾ ਸੀ। ਇੱਥੇ ਦਰਸ਼ਨ ਕਰਕੇ ਮਨ ਨੂੰ ਬੜਾ ਸਕੂਨ ਮਿਲਿਆ ਹੈ ਤੇ ਅਰਦਾਸ ਕੀਤੀ ਹੈ ਕਿ ਆਉਣ ਵਾਲੇ ਸਮੇਂ 'ਚ ਸਮੂਹ ਭਾਰਤ ਵਾਸੀਆਂ ਲਈ ਖ਼ੁਸ਼ਹਾਲੀ, ਸੁਖੀ ਜੀਵਨ ਤੇ ਚੜ੍ਹਦੀ ਕਲਾ ਰਹੇ। ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗਡਕਰੀ ਨੂੰ ਸੂਚਨਾ ਕੇਂਦਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਭੇਟ ਕਰ ਕੇ ਸਨਮਾਨਿਤ ਕਰਦਿਆਂ ਸਕੱਤਰ ਧਰਮ ਪ੍ਰਚਾਰ ਬਲਵਿੰਦਰ ਸਿੰਘ ਕਾਹਲਵਾਂ ਤੇ ਮੀਤ ਸਕੱਤਰ ਜੱਸੀ ਨੇ ਸ੍ਰੀ ਹਰਿਮੰਦਰ ਸਾਹਿਬ ਦੇਸ਼ ਵਿਦੇਸ਼ ਤੋਂ ਦਰਸ਼ਨ ਕਰਨ ਆਉਂਦੀਆਂ ਸੰਗਤਾਂ ਦੀ ਸਹੂਲਤ ਲਈ ਯੋਗ ਥਾਂ 'ਤੇ ਬਹੁਮੰਜ਼ਿਲਾ ਪਾਰਕਿੰਗ ਅਤੇ ਹਵਾਈ ਅੱਡੇ, ਰੇਲਵੇ ਸਟੇਸ਼ਨ ਤੇ ਬੱਸ ਅੱਡੇ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਵਿਸ਼ੇਸ਼ ਜ਼ਮੀਨਦੋਜ਼ ਜਾਂ ਹੋਰ ਖੁੱਲ੍ਹੇ ਰਸਤਿਆਂ ਦਾ ਨਿਰਮਾਣ ਕਰਨ ਦੀ ਅਪੀਲ ਕੀਤੀ, ਜਿਸ 'ਤੇ ਸ੍ਰੀ ਗਡਕਰੀ ਨੇ ਸ਼੍ਰੋਮਣੀ ਕਮੇਟੀ ਨੂੰ ਰਿਪੋਰਟ ਤਿਆਰ ਕਰਵਾ ਕੇ ਭੇਜਣ ਲਈ ਕਿਹਾ। ਇਸ ਮੌਕੇ ਸੀਨੀਅਰ ਭਾਜਪਾ ਆਗੂ ਰਜਿੰਦਰ ਮੋਹਨ ਸਿੰਘ ਛੀਨਾ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਹਰਭਜਨ ਸਿੰਘ ਈ. ਟੀ. ਓ., ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਤੇ ਰਣਧੀਰ ਸਿੰਘ ਵੀ ਹਾਜ਼ਰ ਸਨ।






ਅੰਮ੍ਰਿਤਸਰ : ਪੰਜਾਬ ਦੇ ਇਕ ਦਿਨਾ ਦੌਰੇ 'ਤੇ ਰਾਜਾਸਾਂਸੀ ਪੁੱਜੇ ਕੇਂਦਰੀ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਵਲੋਂ ਦਿੱਲੀ-ਅੰਮ੍ਰਿਤਸਰ-ਕਟੜਾ ਗ੍ਰੀਨਫੀਲਡ ਐਕਸਪ੍ਰੈੱਸ ਵੇਅ ਦੇ ਚਲਦੇ ਕੰਮਾਂ ਦੇ ਨਿਰੀਖਣ ਸਮੇਤ ਨੈਸ਼ਨਲ ਹਾਈਵੇ ਦੇ ਬਾਕੀ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ ਗਈ। ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ ਦੇ ਅਧਿਕਾਰੀਆਂ ਨਾਲ ਗੱਲਬਾਤ ਉਪਰੰਤ ਪੱਤਰਕਾਰਾਂ ਦੇ ਰੂ-ਬਰੂ ਹੁੰਦਿਆਂ ਕੇਂਦਰੀ ਮੰਤਰੀ ਗਡਕਰੀ ਨੇ ਪੰਜਾਬ ਅੰਦਰ ਚੱਲ ਰਹੇ ਵਿਭਾਗੀ ਪ੍ਰੋਜੈਕਟਾਂ ਸੰਬੰਧੀ ਦੱਸਿਆ ਕਿ ਪੰਜਾਬ 'ਚ 29,000 ਕਰੋੜ ਰੁਪਏ ਦੀ ਲਾਗਤ ਨਾਲ ਪੰਜ ਗ੍ਰੀਨਫੀਲਡ ਅਤੇ ਆਰਥਿਕ ਗਲਿਆਰੇ ਬਣਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 40 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ 669 ਕਿੱਲੋਮੀਟਰ ਨਿਰਮਾਣ ਅਧੀਨ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸ ਵੇਅ ਦੇ ਬਣਨ ਨਾਲ ਸੜਕੀ ਰਸਤੇ ਰਾਹੀਂ ਅੰਮ੍ਰਿਤਸਰ ਤੋਂ ਦਿੱਲੀ 4 ਘੰਟੇ ਅਤੇ ਕਟੜਾ 6 ਘੰਟੇ 'ਚ ਪਹੁੰਚਿਆ ਜਾਵੇਗਾ। ਪੰਜਾਬ ਵਿਚ ਇਸ ਐਕਸਪ੍ਰੈੱਸ ਵੇਅ ਦੀ ਲੰਬਾਈ 399 ਕਿਲੋਮੀਟਰ ਹੈ, ਜਿਸ 'ਚੋਂ 296 ਕਿੱਲੋਮੀਟਰ 'ਤੇ ਕੰਮ ਸ਼ੁਰੂ ਹੋ ਚੁੱਕਾ ਹੈ। ਇਸ ਪ੍ਰੋਜੈਕਟ ਤਹਿਤ ਬਿਆਸ ਦਰਿਆ ਉੱਤੇ ਏਸ਼ੀਆ ਦਾ ਸਭ ਤੋਂ ਲੰਬਾ 1300 ਮੀਟਰ ਲੰਬਾ ਕੇਬਲ ਸਟੈਂਡ ਪੁਲ ਬਣੇਗਾ। ਇਹ ਐਕਸਪ੍ਰੈੱਸ ਵੇਅ ਸਿੱਖੀ ਦੇ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ, ਕਪੂਰਥਲਾ ਜ਼ਿਲ੍ਹੇ ਦੇ ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ, ਗੁਰਦੁਆਰਾ ਦਰਬਾਰ ਸਾਹਿਬ (ਤਰਨ ਤਾਰਨ) ਨੂੰ ਮਾਤਾ ਵੈਸ਼ਨੋ ਦੇਵੀ ਕਟੜਾ ਤੱਕ ਜੋੜੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਵਾਸੀਆਂ ਖਾਸ ਕਰਕੇ ਮਾਲਵੇ ਦੀ ਅੰਮ੍ਰਿਤਸਰ ਦੇ ਹਵਾਈ ਅੱਡੇ ਤੱਕ ਬਿਨਾਂ ਜਾਮ ਸੰਪਰਕ ਲਈ 1475 ਕਰੋੜ ਰੁਪਏ ਦੀ ਲਾਗਤ ਨਾਲ 50 ਕਿੱਲੋਮੀਟਰ ਚਾਰ ਮਾਰਗੀ ਅੰਮ੍ਰਿਤਸਰ ਬਾਈਪਾਸ ਦਾ ਕੰਮ ਆਖਰੀ ਪੜਾਵਾਂ 'ਤੇ ਚੱਲ ਰਿਹਾ ਹੈ। ਇਸ ਸਮੇਂ ਉਨ੍ਹਾਂ ਨੇ ਅੰਮ੍ਰਿਤਸਰ ਹਵਾਈ ਅੱਡੇ ਤੋਂ ਕਰਤਾਰਪੁਰ ਕਾਰੀਡੋਰ ਤੱਕ ਨਿਰਮਾਣ ਅਧੀਨ 4 ਲੇਨ ਸੜਕ ਦੇ ਕੰਮ ਨੂੰ ਦਸੰਬਰ 2023 ਤੱਕ ਪੂਰਾ ਕਰਨ ਦਾ ਦਾਅਵਾ ਕੀਤਾ। ਸ੍ਰੀ ਗਡਕਰੀ ਨੇ ਪੰਜਾਬ ਹਰਿਆਣਾ ਦਰਮਿਆਨ ਚੱਲ ਰਹੇ ਪਾਣੀ ਦੇ ਰੇੜਕੇ ਸੰਬੰਧੀ ਮਾਮਲਾ ਸੁਪਰੀਮ ਕੋਰਟ ਵਿਚ ਹੋਣ 'ਤੇ ਕੋਈ ਟਿੱਪਣੀ ਨਾ ਕਰਦਿਆਂ ਕਿਹਾ ਕਿ ਭਾਰਤ ਪਾਕਿ ਦੀ ਵੰਡ ਦੌਰਾਨ ਹੋਏ ਸਮਝੌਤੇ ਤਹਿਤ ਭਾਰਤ ਦੇ ਦਰਿਆਵਾਂ ਦੇ ਪਾਣੀਆਂ ਨੂੰ ਪਾਕਿਸਤਾਨ ਜਾਣ ਤੋਂ ਰੋਕ ਕੇ ਮਸਲੇ ਦਾ ਹੱਲ ਕੱਢਿਆ ਜਾ ਸਕਦਾ ਹੈ। ਇਸ ਸਮੇਂ ਉਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਲਈ ਸਕਾਈ ਬੱਸ ਆਧਾਰਿਤ ਪਬਲਿਕ ਟਰਾਂਸਪੋਰਟ ਦੇਣ, ਪੰਜਾਬ ਅੰਦਰ 3 ਰੇਲਵੇ ਓਵਰ ਬ੍ਰਿਜ ਬਣਾਉਣ, ਪੰਜਾਬ ਲਈ ਸੀ. ਆਰ. ਐੱਫ. ਤਹਿਤ 250 ਕਰੋੜ ਰੁਪਏ ਦੇਣ, ਸਰਹਿੰਦ-ਸ਼ਹਿਣਾ, ਸਿਸਵਾਂ-ਚੰਡੀਗੜ੍ਹ-ਬੱਦੀ ਹਾਈਵੇਅ ਬਣਾਉਣ ਦੀ ਹਾਮੀ ਭਰੀ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵਲੋਂ ਦੇਸ਼ ਅੰਦਰ ਵਧਦੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਬਿਜਲਈ ਵਾਹਨਾਂ ਦੇ ਨਾਲ-ਨਾਲ ਈਥਾਨੋਲ ਅਤੇ ਹਾਈਡ੍ਰੋਜਨ ਆਧਾਰਿਤ ਵਾਹਨਾਂ ਨੂੰ ਉਤਸ਼ਾਹਿਤ ਕਰਦਿਆਂ ਪੈਟਰੋਲ ਡੀਜ਼ਲ ਦੀ ਖਪਤ ਨੂੰ ਘੱਟ ਕਰਨ ਦੀ ਨੀਤੀ 'ਤੇ ਕੰਮ ਕੀਤਾ ਜਾ ਰਿਹਾ ਹੈ, ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ-ਦਿੱਲੀ ਦਰਮਿਆਨ ਆਧੁਨਿਕ ਤਕਨੀਕ ਆਧਾਰਿਤ ਬੱਸ ਸਿਸਟਮ ਚਲਾਉਣ ਦੀ ਨੀਤੀ 'ਤੇ ਕੰਮ ਕੀਤਾ ਜਾ ਰਿਹਾ ਹੈ, ਜਿਸ ਦਾ ਨਿਰਮਾਣ ਹਾਈਵੇ ਦੇ ਵਿਚਕਾਰ ਕੀਤਾ ਜਾਵੇਗਾ ਤੇ ਇਸ ਤਕਨੀਕ ਨਾਲ ਹਵਾ 'ਚ ਚੱਲਣ ਵਾਲੀਆਂ ਬੱਸਾਂ ਦੀ ਗਤੀ 600 ਕਿੱਲੋਮੀਟਰ ਪ੍ਰਤੀ ਘੰਟਾ ਹੋਵੇਗੀ। ਇਸ ਨਾਲ ਅੰਮ੍ਰਿਤਸਰ ਤੋਂ ਦਿੱਲੀ ਦਾ ਸਫਰ ਸਿਰਫ 35-40 ਮਿੰਟ ਵਿਚ ਤੈਅ ਕੀਤਾ ਜਾਵੇਗਾ। ਇਸ ਸਮੇਂ ਉਨ੍ਹਾਂ ਪੰਜਾਬ ਸਰਕਾਰ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਪੰਜਾਬ ਅੰਦਰ ਤਜਵੀਜ਼ੀ ਕੇਂਦਰੀ ਪ੍ਰੋਜੈਕਟਾਂ ਲਈ ਪੰਜਾਬ ਸਰਕਾਰ ਜਿੰਨੀ ਜਲਦੀ ਜ਼ਮੀਨ ਐਕੁਆਇਰ ਕਰੇਗੀ, ਕੇਂਦਰ ਸਰਕਾਰ ਵਲੋਂ ਓਨੀ ਜਲਦੀ ਫੰਡ ਮੁਹੱਈਆ ਕਰਵਾਏ ਜਾਣਗੇ। ਇਸ ਸਮੇਂ ਉਨ੍ਹਾਂ ਨੂੰ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ, ਭਾਜਪਾ ਆਗੂ ਰਜਿੰਦਰ ਮੋਹਨ ਸਿੰਘ ਛੀਨਾ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ, ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ., ਭਾਜਪਾ ਆਗੂ ਰਜਿੰਦਰ ਮੋਹਨ ਸਿੰਘ ਛੀਨਾ ਹਾਜ਼ਰ ਸਨ।







# ਸੋਨੇਲਾਲ ਪਟੇਲ ਦੀ ਮੌਤ ਦੀ ਸੀਬੀਆਈ ਜਾਂਚ ਦੀ ਮੰਗ, ਬੇਟੀ ਪੱਲਵੀ ਪਟੇਲ ਨੇ ਕਿਹਾ- ਕਾਤਲ ਜ਼ਿੰਦਾ ਹੈ, ਅਸੀਂ ਸ਼ਰਮਿੰਦਾ ਹਾਂ







ਲਖਨਊ : ਅਪਨਾ ਦਲ (ਕਮੇਰਾਵਾਦੀ) ਦੀ ਕੌਮੀ ਪ੍ਰਧਾਨ ਕ੍ਰਿਸ਼ਨਾ ਪਟੇਲ ਦੀ ਧੀ ਪੱਲਵੀ ਪਟੇਲ ਨੇ ਆਪਣੇ ਸਮਰਥਕਾਂ ਨਾਲ ਮੰਗਲਵਾਰ ਨੂੰ ਲਖਨਊ ਵਿੱਚ ਅਪਨਾ ਦਲ ਦੇ ਸੰਸਥਾਪਕ ਡਾਕਟਰ ਸੋਨੇਲਾਲ ਪਟੇਲ ਦੀ ਮੌਤ ਦੀ ਸੀਬੀਆਈ ਜਾਂਚ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ।

ਅਪਨਾ ਦਲ ਕਮਰਾਵਾਦੀ ਨੇਤਾ ਅਤੇ ਸਿਰਥੂ ਦੀ ਵਿਧਾਇਕ ਪੱਲਵੀ ਪਟੇਲ ਸੋਮਵਾਰ ਨੂੰ ਹਜ਼ਰਤਗੰਜ ਵਿਚ ਅੰਬੇਡਕਰ ਦੀ ਮੂਰਤੀ ਦੇ ਕੋਲ ਆਪਣੇ ਸਮਰਥਕਾਂ ਨਾਲ ਧਰਨੇ 'ਤੇ ਬੈਠ ਗਈ। ਉਹ 2009 ਵਿੱਚ ਆਪਣੇ ਪਿਤਾ ਡਾਕਟਰ ਸੋਨੇਲਾਲ ਪਟੇਲ ਦੀ ਮੌਤ ਦੀ ਸੀਬੀਆਈ ਜਾਂਚ ਦੀ ਮੰਗ ਕਰ ਰਹੀ ਸੀ। ਇਸ ਦੌਰਾਨ ਉਨ੍ਹਾਂ ਨਾਲ ਅਪਨਾ ਦਲ ਕਮਰਾਵਾਦੀ ਦੇ ਪ੍ਰਧਾਨ ਅਤੇ ਉਨ੍ਹਾਂ ਦੀ ਮਾਂ ਕ੍ਰਿਸ਼ਨਾ ਪਟੇਲ ਵੀ ਮੌਜੂਦ ਸਨ। ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕ ਉਨ੍ਹਾਂ ਦੇ ਨਾਲ ਸਨ। ਸੋਮਵਾਰ ਨੂੰ ਸੋਨੇਲਾਲ ਪਟੇਲ ਦੀ ਬਰਸੀ ਵੀ ਸੀ।

ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪੱਲਵੀ ਪਟੇਲ ਨੇ ਕਿਹਾ, 'ਮੇਰੇ ਪਿਤਾ ਡਾਕਟਰ ਸੋਨੇਲਾਲ ਪਟੇਲ ਨੇ ਸਮਾਜਿਕ ਨਿਆਂ ਦੀ ਲੜਾਈ 'ਚ ਆਪਣੀ ਜਾਨ ਦੇ ਦਿੱਤੀ। ਉਸ ਦੀ ਮੌਤ ਦੀ ਜਾਂਚ ਨਹੀਂ ਕੀਤੀ ਜਾ ਰਹੀ ਹੈ। ਇਸ ਦਾ ਜਵਾਬ ਸਰਕਾਰ ਨੂੰ ਦੇਣਾ ਪਵੇਗਾ। ਮੇਰੇ ਪਿਤਾ ਦੇ ਕਤਲ ਦੀ ਸੀਬੀਆਈ ਜਾਂਚ ਲਈ ਸੰਘਰਸ਼ ਜਾਰੀ ਰਹੇਗਾ। ਇੰਨਾ ਹੀ ਨਹੀਂ ਸੋਮਵਾਰ ਸਵੇਰੇ ਲਖਨਊ ਦੇ ਹਜ਼ਰਤਗੰਜ ਚੌਰਾਹੇ 'ਤੇ ਦੋ ਵੱਡੇ ਹੋਰਡਿੰਗ ਵੀ ਦੇਖੇ ਗਏ। ਸੋਨੇਲਾਲ ਪਟੇਲ ਦੀ ਮੌਤ 'ਤੇ ਸਵਾਲ ਉਠਾਏ ਗਏ ਸਨ। ਸਿਰਥੂ ਤੋਂ ਵਿਧਾਇਕ ਪੱਲਵੀ ਪਟੇਲ ਨੇ ਵੀ ਆਪਣੇ ਪਿਤਾ ਦੀ ਮੌਤ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਆਵਾਜ਼ ਉਠਾਈ ਹੈ।

ਇਸ ਦੌਰਾਨ ਜਦੋਂ ਪੱਲਵੀ ਪਟੇਲ ਵਰਕਰਾਂ ਨਾਲ ਵਿਰੋਧ ਕਰਦੇ ਹੋਏ ਅੱਗੇ ਵਧਣ ਲੱਗੀ ਤਾਂ ਪੁਲਸ ਨੇ ਉਸ ਨੂੰ ਰੋਕ ਲਿਆ। ਇਸ ਦੌਰਾਨ ਵਰਕਰਾਂ ਨੇ ਬੈਰੀਕੇਡਿੰਗ ਵੀ ਢਾਹ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਟਵੀਟ ਕਰਦੇ ਹੋਏ ਲਿਖਿਆ, 'ਇਨਸਾਫ ਦੀ ਮੰਗ ਲਈ ਸੰਘਰਸ਼ ਕਰਨਾ ਪੈਂਦਾ ਹੈ ਕਿਉਂਕਿ ਸਰਕਾਰ ਨਿਆਂ ਦੇਣ 'ਚ ਅਸਮਰਥ ਹੈ...' ਇਸ ਦੇ ਨਾਲ ਹੀ ਉਨ੍ਹਾਂ ਨੇ ਪੁਲਿਸ ਨਾਲ ਹੱਥੋਪਾਈ ਦੀ ਵੀਡੀਓ ਵੀ ਸ਼ੇਅਰ ਕੀਤੀ।

ਅਪਨਾ ਦਲ (ਕਮੇਰਾਵਾਦੀ) ਦੇ ਰਾਸ਼ਟਰੀ ਪ੍ਰਧਾਨ ਕ੍ਰਿਸ਼ਨਾ ਪਟੇਲ ਅਤੇ ਉਨ੍ਹਾਂ ਦੀਆਂ ਦੋ ਧੀਆਂ ਪੱਲਵੀ ਪਟੇਲ ਅਤੇ ਅਮਨ ਪਟੇਲ ਸੈਂਕੜੇ ਵਰਕਰਾਂ ਨਾਲ ਹਜ਼ਰਤਗੰਜ ਚੌਰਾਹੇ 'ਤੇ ਧਰਨੇ 'ਤੇ ਬੈਠੇ ਦਿਖਾਈ ਦਿੱਤੇ। ਕਾਰਕੁਨਾਂ ਨੇ ਡਾਕਟਰ ਸੋਨੇਲਾਲ ਪਟੇਲ ਲਈ ਜਸਟਿਸ ਦੇ ਬੈਨਰ ਅਤੇ ਤਖ਼ਤੀਆਂ ਫੜੀਆਂ ਹੋਈਆਂ ਸਨ ਅਤੇ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ। ਬੈਨਰ ਪੋਸਟਰ 'ਤੇ ਡਾ: ਸਾਹਬ, ਅਸੀਂ ਸ਼ਰਮਸਾਰ ਹਾਂ, ਤੁਹਾਡਾ ਕਾਤਿਲ ਜ਼ਿੰਦਾ ਹੈ ਵਰਗੇ ਨਾਅਰੇ ਅਤੇ ਨਾਅਰੇ ਲਿਖੇ ਹੋਏ ਸਨ।

ਡਾ: ਸੋਨੇਲਾਲ ਪਟੇਲ ਦੀ ਮੌਤ ਕਿਵੇਂ ਹੋਈ? 17 ਅਕਤੂਬਰ 2009 ਨੂੰ ਕਾਨਪੁਰ ਦੇ ਨਵਾਬਗੰਜ ਥਾਣੇ ਦੇ ਅਧੀਨ ਕੰਪਨੀ ਬਾਗ ਚੌਰਾਹੇ ਦੇ ਕੋਲ ਇੱਕ ਬੇਕਾਬੂ ਕਾਰ ਨੇ ਡਾਕਟਰ ਸੋਨੇਲਾਲ ਪਟੇਲ ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਉਹ ਦੋਸਤਾਂ ਅਤੇ ਸਹਿਕਰਮੀਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦੇਣ ਜਾ ਰਿਹਾ ਸੀ। ਇਸ ਟੱਕਰ ਤੋਂ ਬਾਅਦ ਉਸ ਦੀ ਕਾਰ ਬੇਕਾਬੂ ਹੋ ਕੇ ਕੰਧ ਨਾਲ ਜਾ ਟਕਰਾਈ। ਉਹ ਕਾਰ ਦੇ ਅੰਦਰ ਹੀ ਬੇਹੋਸ਼ ਹੋ ਗਿਆ ਸੀ। ਪਰਿਵਾਰ ਨੇ ਡਾਕਟਰ ਪਟੇਲ ਨੂੰ ਜ਼ਖਮੀ ਹਾਲਤ 'ਚ ਸਾਵਰੇਦਿਆ ਨਗਰ ਦੇ ਰੀਜੈਂਸੀ ਹਸਪਤਾਲ 'ਚ ਭਰਤੀ ਕਰਵਾਇਆ ਸੀ। ਪਰ ਡਾਕਟਰਾਂ ਦੀਆਂ ਕਈ ਕੋਸ਼ਿਸ਼ਾਂ ਦੇ ਬਾਵਜੂਦ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਹੁਣ ਇਸੇ ਘਟਨਾ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਜਾ ਰਹੀ ਹੈ।

## ਭਗਵੰਤ ਮਾਨ ਵੱਲੋਂ ਸਮਾਜਿਕ ਬੁਰਾਈਆਂ ਦੇ ਖ਼ਾਤਮੇ ਦਾ ਸੱਦਾ

*ਹੁਸ਼ਿਆਰਪੁਰ ਦੇ ਦਸਹਿਰਾ ਸਮਾਗਮ ਵਿੱਚ ਪੁੱਜੇ ਭਗਵੰਤ ਮਾਨ*



ਹੁਸ਼ਿਆਰਪੁਰ : ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਨੂੰ ਬਦੀ 'ਤੇ ਨੇਕੀ ਦੀ ਜਿੱਤ ਦੇ ਪ੍ਰਤੀਕ ਦਸਹਿਰੇ ਦੇ ਤਿਉਹਾਰ ਮੌਕੇ ਪੰਜਾਬ 'ਚੋਂ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਦਾ ਸੰਕਲਪ ਲੈਣ ਦਾ ਸੱਦਾ ਦਿੱਤਾ। ਉਹ ਇੱਥੇ ਸ੍ਰੀ ਰਾਮ ਲੀਲਾ ਕਮੇਟੀ ਵੱਲੋਂ ਮਨਾਏ ਗਏ ਦਸਹਿਰੇ ਦੇ ਤਿਉਹਾਰ ਦੌਰਾਨ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਇਥੇ ਦਸਹਿਰੇ ਨੂੰ ਮਨਾਉਣ ਲਈ ਡੇਢ ਲੱਖ ਤੋਂ ਵੱਧ ਲੋਕ ਇਕੱਠੇ ਹੋਏ ਹਨ। ਉਨ੍ਹਾਂ ਕਿਹਾ ਕਿ ਦਸਹਿਰਾ ਮੈਦਾਨ ਵਾਲੀ ਥਾਂ ਨੂੰ ਆਉਣ ਵਾਲੇ ਸਮੇਂ ਵਿੱਚ ਹੋਰ ਵੱਢਾ ਬਣਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ 'ਚ ਨਿਰਮਾਣ ਅਧੀਨ ਮੈਡੀਕਲ ਕਾਲਜ ਆਉਣ ਵਾਲੇ ਸਾਲ ਤੋਂ ਚਾਲੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਦੁਨੀਆਂ ਭਰ 'ਚ ਮਸ਼ਹੂਰ ਹੁਸ਼ਿਆਰਪੁਰ ਦੇ ਦਸਹਿਰੇ ਦਾ ਹਿੱਸਾ ਬਣਨਾ ਉਨ੍ਹਾਂ ਲਈ ਬੜੀ ਖੁਸ਼ੀ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਵਿੱਚ ਲੋਕਾਂ ਵੱਲੋਂ ਇਕ ਥਾਂ 'ਤੇ ਇਕੱਠਿਆਂ ਦਸਹਿਰਾ ਮਨਾਇਆ ਜਾ ਰਿਹਾ ਹੈ ਕਿਉਂਕਿ ਅਕਸਰ ਸ਼ਹਿਰਾਂ ਵਿੱਚ ਅਜਿਹੀ ਇਕਜੁੱਟਤਾ ਦੇਖਣ ਨੂੰ ਨਹੀਂ ਮਿਲਦੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਖੁਸ਼ੀ ਦੇ ਮੌਕੇ ਨੂੰ ਸੂਬੇ ਵਿਚ ਸ਼ਾਂਤੀ, ਸਦਭਾਵਨਾ ਤੇ ਭਾਈਚਾਰਕ ਸਾਂਝ ਨੂੰ ਵਧਾਉਣ ਲਈ ਖੁਦ ਨੂੰ ਸਮਰਪਿਤ ਕਰਕੇ ਸੁਹਿਰਦਤਾ ਨਾਲ ਤਿਉਹਾਰ ਮਨਾਉਣ। ਇਸ ਮੌਕੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਵਿਧਾਇਕ ਡਾ. ਰਵਜੋਤ ਸਿੰਘ, ਜਸਵੀਰ ਸਿੰਘ ਰਾਜਾ ਗਿੱਲ, ਕਰਮਵੀਰ ਸਿੰਘ ਘੁੰਮਣ, ਐਡਵੋਕੇਟ ਜਨਰਲ ਇੰਦਰਪਾਲ ਸਿੰਘ ਧੰਨਾ, ਸਾਬਕਾ ਕੇਂਦਰੀ ਮੰਤਰੀ ਵਿਜੈ ਸਾਂਪਲਾ, ਸਾਬਕਾ ਮੰਤਰੀ ਤੀਕਸ਼ਣ ਸੂਦ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਸ੍ਰੀ ਰਾਮਲੀਲਾ ਕਮੇਟੀ ਦੇ ਪ੍ਰਧਾਨ ਗੋਪੀ ਚੰਦ ਕਪੂਰ ਤੇ ਚੇਅਰਮੈਨ ਸ਼ਿਵ ਸੂਦ ਆਦਿ ਮੌਜੂਦ ਸਨ।

## ਵੋਟਰ ਬਣਨ ਲਈ ਆ ਰਹੀਆਂ ਮੁਸ਼ਕਲਾਂ ਦੂਰ ਕਰੇ ਗੁਰਦੁਆਰਾ ਚੋਣ ਕਮਿਸ਼ਨ: ਜੋਗਿੰਦਰ ਸਿੰਘ ਅਦਲੀਵਾਲ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਟਾਇਰਡ ਸਕੱਤਰ ਅਤੇ ਸੇਵਾ ਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਅਦਲੀਵਾਲ ਨੇ ਇਸ ਵੇਰ ਬਤੌਰ ਵੋਟਰ ਰਜਿਸਟਰ ਹੋਣ ਵਿੱਚ ਆ ਰਹੀਆ ਮੁਸ਼ਕਲਾਂ ਵਿੱਚ ਹੋਇਆ ਵਾਧਾ ਮੁੱਖ ਚੋਣ ਕਮਿਸ਼ਨਰ, ਗੁਰਦੁਆਰਾ ਇਲੈਕਸ਼ਨ ਕਮਿਸ਼ਨ ਦੇ ਧਿਆਨ ਵਿੱਚ ਲਿਆਉਂਦਿਆਂ ਅਪੀਲ ਕੀਤੀ ਹੈ ਕਿ ਇਹਨਾਂ ਮੁਸ਼ਕਲਾਂ ਨੂੰ ਬਿਨਾ ਦੇਰੀ ਦੂਰ ਕੀਤਾ ਜਾਵੇ।

ਸ. ਅਦਲੀਵਾਲ ਨੇ ਕਿਹਾ ਹੈ ਕਿ ਪਹਿਲਾਂ ਇਹ ਜ਼ਿੰਮੇਵਾਰੀ ਸਰਕਲ ਪਟਵਾਰੀਆਂ ਵੱਲੋਂ ਨਿਭਾਈ ਜਾਂਦੀ ਸੀ ਪਰ ਹੁਣ ਪਟਵਾਰੀ ਘੱਟ ਹਨ ਬਹੁਤੇ ਪਿੰਡਾਂ ਵਿੱਚ ਇਸ ਵੇਲੇ ਕੋਈ ਪਟਵਾਰੀ ਹੈ ਹੀ ਨਹੀਂ। ਦੂਜਾ ਇਸ ਵਾਰ ਵੋਟਰ ਫਾਰਮ ਦੇ ਨਾਲ ਵੋਟਰ ਦੀ ਫੋਟੋ ਅਤੇ ਆਧਾਰ ਕਾਰਡ ਜਾਂ ਫੋਟੋ ਵਾਲੇ ਸ਼ਨਾਖਤੀ ਕਾਰਡ ਦੀ ਕਾਪੀ ਵੀ ਲੱਗਣੀ ਹੈ ਪਰ ਪਿੰਡਾਂ ਵਿੱਚ ਫੋਟੋ ਸਟੇਟ ਮਸ਼ੀਨਾਂ ਦੀ ਅਣਹੋਂਦ ਕਾਰਨ ਇਹ ਕਾਰਜ ਹੋਰ ਕਠਨ ਹੈ। ਇਸ ਤੋਂ ਇਲਾਵਾ ਇਸ ਵਾਰ ਮੁੱਖ ਚੋਣ ਕਮਿਸ਼ਨਰ ਵੱਲੋਂ ਵੋਟਾਂ ਬਣਾਉਣ ਲਈ ਸਮਾਂ ਵੀ ਬਹੁਤ ਘੱਟ ਦਿੱਤਾ ਗਿਆ ਹੈ ਤੇ ਇਸ ਦੇ ਨਾਲ ਇਹ ਵੀ ਸੁਨਣ ਚ ਆ ਰਿਹਾ ਹੈ ਕਿ ਵੋਟਰ ਆਪ ਜਾ ਕੇ ਆਪਣਾ ਫਾਰਮ ਐਸ ਡੀ ਐਮ ਦਫ਼ਤਰ ਜਮ੍ਹਾ ਕਰਵਾਏ ਜੋ ਕਿ ਅਸੰਭਵ ਕਾਰਜ ਲੱਗਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿੱਚ ਮੁੱਖ ਚੋਣ ਕਮਿਸ਼ਨਰ ਹੀ ਪੰਜਾਬ ਸਰਕਾਰ ਨੂੰ ਕਹਿ ਕੇ ਪਿੰਡਾਂ ਵਿੱਚ ਪੰਚਾਂ, ਸਰਪੰਚਾਂ ਅਤੇ ਸ਼ਹਿਰਾਂ ਕਸਬਿਆਂ ਵਿੱਚ ਮਿਉਸਿਪਲ ਕਾਉਸਲਰਾਂ ਰਾਹੀਂ ਵੋਟਰਾਂ ਤੀਕ ਪਹੁੰਚ ਬਣਾ ਕੇ, ਫਾਰਮ ਮੁਕੰਮਲ ਕਰਵਾ ਕੇ ਸੰਬੰਧਤ ਐਸ ਡੀ ਐਮ ਦੇ ਦਫ਼ਤਰ ਤੀਕ ਪਹੁੰਚਾਉਣ ਦੀ ਜ਼ਿੰਮੇਵਾਰੀ ਲਗਾ ਸਕਦੀ ਹੈ। ਸਰਪੰਚਾਂ ਅਤੇ ਪਿੰਡਾਂ ਵਿੱਚ ਬਣੀਆਂ ਸਭਾ ਸੁਸਾਇਟੀਆਂ ਪਿੰਡ ਪਿੰਡ ਦੇ ਗੁਰਦੁਆਰਿਆਂ ਤੋਂ ਅਜਿਹੀ ਅਨਾਊਸਮੈਂਟਸ ਕਰਵਾ ਕੇ ਕਾਰਜ ਸੁਖਾਲਾ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਅੱਧੇ ਵੋਟਰ ਵੋਟ ਪਉਣ ਦੇ ਹੱਕ ਤੋਂ ਵਾਂਝੇ ਰਹਿ ਜਾਣਗੇ ਤੇ ਨਾਲ ਹੀ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਜਾਤੰਤਰਿਕ ਸਰੂਪ ਅਤੇ ਗੁਰਦੁਆਰਾ ਚੋਣ ਕਮਿਸ਼ਨ ਦੀ ਕਾਰਜਸ਼ੈਲੀ ਤੇ ਵੀ ਸਵਾਲੀਆ ਨਿਸ਼ਾਨ ਲੱਗੇਗਾ।

## ਨਸ਼ਾ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼, 12 ਕਿਲੋ ਹੈਰੋਇਨ ਸਮੇਤ ਇਕ ਕਾਬੂ




ਅੰਮ੍ਰਿਤਸਰ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਵੱਡਾ ਝਟਕਾ ਦਿੰਦਿਆਂ ਪੰਜਾਬ ਪੁਲਿਸ ਨੇ ਇੱਕ ਵਿਅਕਤੀ ਦੇ ਕਬਜ਼ੇ ਵਿੱਚੋਂ 12 ਕਿਲੋਗ੍ਰਾਮ ਹੈਰੋਇਨ ਬਰਾਮਦ ਕਰਕੇ ਅਮਰੀਕਾ ਅਧਾਰਤ ਤਸਕਰ ਸਰਵਣ ਸਿੰਘ ਵੱਲੋਂ ਚਲਾਏ ਜਾ ਰਹੇ ਸਰਹੱਦ ਪਾਰ ਨਸ਼ਾ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਨੇ ਦਿੱਤੀ।

ਜ਼ਿਕਰਯੋਗ ਹੈ ਕਿ ਸਰਵਣ ਸਿੰਘ, ਜਿਸ ਦੀ ਗ੍ਰਿਫਤਾਰੀ 'ਤੇ 2 ਲੱਖ ਰੁਪਏ ਦਾ ਇਨਾਮ ਹੈ, ਨਾਮੀ ਨਸ਼ਾ ਤਸਕਰ ਰਣਜੀਤ ਉਰਫ ਚੀਤਾ ਦਾ ਭਰਾ ਹੈ ਅਤੇ 532 ਕਿਲੋ ਹੈਰੋਇਨ ਦੇ ਮਾਮਲੇ 'ਚ ਲੋੜੀਂਦਾ ਹੈ। ਜ਼ਿਕਰਯੋਗ ਹੈ ਕਿ ਰਣਜੀਤ ਉਰਫ ਚੀਤਾ ਨੂੰ ਵੀ 532 ਕਿਲੋ ਹੈਰੋਇਨ ਦੇ ਮਾਮਲੇ 'ਚ ਮਈ 2020 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਰਣਜੀਤ ਚੀਤਾ ਜੁਲਾਈ 2019 ਵਿੱਚ ਆਈਸੀਪੀ ਅਟਾਰੀ ਵਿਖੇ ਕਸਟਮ ਵਿਭਾਗ ਦੁਆਰਾ ਜ਼ਬਤ ਕੀਤੀ ਗਈ ਹੈਰੋਇਨ ਦੇ 532 ਪੈਕੇਟ ਦੀ ਤਸਕਰੀ ਦਾ ਮਾਸਟਰਮਾਈਂਡ ਸੀ ਅਤੇ ਜਿਸ ਦੀ ਐਨਆਈਏ ਦੁਆਰਾ ਜਾਂਚ ਕੀਤੀ ਜਾ ਰਹੀ ਹੈ। ਫੜੇ ਗਏ ਨਸ਼ਾ ਤਸਕਰ ਦੀ ਪਛਾਣ ਅੰਮ੍ਰਿਤਸਰ ਦੇ ਨਰਾਇਣਗੜ੍ਹ ਦੇ ਵਾਸੀ ਰਾਹੁਲ ਵਜੋਂ ਹੋਈ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਸਦੀ ਹੌਂਡਾ ਅਮੇਜ਼ ਕਾਰ ਨੂੰ ਵੀ ਜ਼ਬਤ ਕਰ ਲਿਆ ਹੈ, ਜਿਸ ਵਿੱਚ ਉਹ ਸਫ਼ਰ ਕਰ ਰਿਹਾ ਸੀ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਜਾਣਕਾਰੀ ਮਿਲਣ ਉਪਰੰਤ ਸਰਵਣ ਸਿੰਘ ਦੇ ਸਾਥੀਆਂ ਨੇ ਡਰੋਨ ਰਾਹੀਂ ਸੁੱਟੀ ਹੈਰੋਇਨ ਦੀ ਖੇਪ ਪ੍ਰਾਪਤ ਕੀਤੀ ਹੈ ਅਤੇ ਉਹ ਇਸ ਨੂੰ ਕਿਸੇ ਹੋਰ ਵਿਅਕਤੀ ਨੂੰ ਪਹੁੰਚਾਉਣ ਜਾ ਰਹੇ ਹਨ, ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.) ਅੰਮ੍ਰਿਤਸਰ ਨੇ ਅੰਮ੍ਰਿਤਸਰ ਸ਼ਹਿਰ ਦੇ ਖੇਤਰ ਵਿੱਚ ਇੱਕ ਵਿਸ਼ੇਸ਼ ਪੁਲਿਸ ਚੈਕਿੰਗ ਕੀਤੀ ਅਤੇ ਦੋਸ਼ੀ ਰਾਹੁਲ ਨੂੰ ਉਸਦੀ ਹੌਂਡਾ ਅਮੇਜ਼ ਕਾਰ ਵਿੱਚੋਂ 12 ਪੈਕੇਟ ਹੈਰੋਇਨ, ਜਿਹਨਾਂ ਦਾ ਵਜ਼ਨ 1-1 ਕਿਲੋ ਹੈ, ਬਰਾਮਦ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

# ਭਾਰਤ-ਕੈਨੇਡਾ ਸਬੰਧ ਮੁਸ਼ਕਲ ਦੌਰ 'ਚੋਂ ਲੰਘ ਰਹੇ ਹਨ: ਜੈਸ਼ੰਕਰ



ਨਵੀਂ ਦਿੱਲੀ: ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਐਤਵਾਰ ਨੂੰ ਕਿਹਾ ਕਿ ਨਵੀਂ ਦਿੱਲੀ ਨੇ ਭਾਰਤੀ ਮਾਮਲਿਆਂ 'ਚ ਕੈਨੇਡਾ ਦੇ ਮੁਲਾਜ਼ਮਾਂ ਵਲੋਂ ਦਖਲਅੰਦਾਜ਼ੀ ਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਦੇਸ਼ 'ਚ ਕੈਨੇਡਾ ਦੀ ਕੂਟਨੀਤਕ ਮੌਜੂਦਗੀ 'ਚ ਬਰਾਬਰੀ ਦਾ ਪ੍ਰਬੰਧ ਲਾਗੂ ਕੀਤਾ ਹੈ। ਵਿਦੇਸ਼ ਮੰਤਰੀ ਜੈਸ਼ੰਕਰ ਨੇ ਇਹ ਵੀ ਕਿਹਾ ਕਿ ਜੇਕਰ ਕੈਨੇਡਾ 'ਚ ਭਾਰਤੀ ਸਫ਼ੀਰਾਂ ਦੀ ਸੁਰੱਖਿਆ ਬਿਹਤਰ ਹੁੰਦੀ ਹੈ ਤਾਂ ਭਾਰਤ ਕੈਨੇਡਾ ਦੇ ਲੋਕਾਂ ਨੂੰ ਵੀਜ਼ਾ ਜਾਰੀ ਕਰਨਾ ਮੁੜ ਸ਼ੁਰੂ ਕਰ ਸਕਦਾ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਪਿਛਲੇ ਮਹੀਨੇ ਜੂਨ 'ਚ ਹਰਦੀਪ ਸਿੰਘ ਨਿੱਝਰ ਦੇ ਕਤਲ 'ਚ ਭਾਰਤੀ ਏਜੰਟਾਂ ਦੀ 'ਸੰਭਾਵਤ' ਸ਼ਮੂਲੀਅਤ ਦੇ ਦੋਸ਼ ਲਾਏ ਜਾਣ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਸਬੰਧਾਂ 'ਚ ਤਣਾਅ ਆ ਗਿਆ ਹੈ। ਟਰੂਡੋ ਦੇ ਦੋਸ਼ਾਂ ਤੋਂ ਕੁਝ ਦਿਨ ਬਾਅਦ, ਭਾਰਤ ਨੇ ਐਲਾਨ ਕੀਤਾ ਕਿ ਉਹ ਕੈਨੇਡੀਅਨ ਨਾਗਰਿਕਾਂ ਨੂੰ ਵੀਜ਼ਾ ਜਾਰੀ ਕਰਨਾ ਅਸਥਾਈ ਤੌਰ 'ਤੇ ਮੁਅੱਤਲ ਕਰ ਦੇਵੇਗਾ ਅਤੇ ਓਟਾਵਾ ਨੂੰ ਭਾਰਤ 'ਚ ਅਪਣੀ ਕੂਟਨੀਤਕ ਮੌਜੂਦਗੀ ਨੂੰ ਘਟਾਉਣ ਲਈ ਕਿਹਾ ਹੈ।

ਇਕ ਸਮਾਗਮ 'ਚ ਭਾਰਤ-ਕੈਨੇਡਾ ਸਬੰਧਾਂ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਜੈਸ਼ੰਕਰ ਨੇ ਕਿਹਾ, "ਜੇਕਰ ਅਸੀਂ ਕੈਨੇਡਾ 'ਚ ਅਪਣੇ ਸਫ਼ੀਰਾਂ ਦੀ ਸੁਰੱਖਿਆ 'ਚ ਬਿਹਤਰੀ ਵੇਖਦੇ ਹਾਂ, ਤਾਂ ਅਸੀਂ ਉੱਥੇ ਵੀਜ਼ਾ ਜਾਰੀ ਕਰਨਾ ਮੁੜ ਸ਼ੁਰੂ ਕਰਨਾ ਚਾਹਾਂਗੇ।" ਭਾਰਤ 'ਚ ਕੈਨੇਡਾ ਦੀ ਕੂਟਨੀਤਕ ਮੌਜੂਦਗੀ ਨੂੰ ਘਟਾਉਣ ਬਾਰੇ, ਉਨ੍ਹਾਂ ਕਿਹਾ ਕਿ ਡਿਪਲੋਮੈਟਿਕ ਸੰਬੰਧਾਂ ਬਾਰੇ ਵੀਏਨਾ ਕਨਵੈਨਸ਼ਨ 'ਚ ਕੂਟਨੀਤਕ ਸਮਾਨਤਾ ਪ੍ਰਦਾਨ ਕੀਤੀ ਗਈ ਹੈ।

ਜੈਸ਼ੰਕਰ ਨੇ ਕਿਹਾ, "ਵਿਏਨਾ ਸੰਧੀ ਰਾਹੀਂ ਸਮਾਨਤਾ ਪ੍ਰਦਾਨ ਕੀਤੀ ਗਈ ਹੈ, ਜੋ ਕਿ ਇਸ 'ਤੇ ਸੰਬੰਧਿਤ ਕੌਮਾਂਤਰੀ ਨਿਯਮ ਹੈ। ਸਾਡੇ ਕੇਸ 'ਚ ਅਸੀਂ ਬਰਾਬਰੀ ਦੀ ਮੰਗ ਕੀਤੀ ਕਿਉਂਕਿ ਸਾਨੂੰ ਕੈਨੇਡੀਅਨ ਕਰਮਚਾਰੀਆਂ ਵਲੋਂ ਸਾਡੇ ਮਾਮਲਿਆਂ 'ਚ ਲਗਾਤਾਰ ਦਖਲਅੰਦਾਜ਼ੀ ਬਾਰੇ ਚਿੰਤਾ ਸੀ।" ਕੈਨੇਡਾ ਨੇ ਪਹਿਲਾਂ ਹੀ ਭਾਰਤ ਤੋਂ ਅਪਣੇ 41 ਸਫ਼ੀਰਾਂ ਨੂੰ ਵਾਪਸ ਬੁਲਾ ਲਿਆ ਹੈ।

ਕੈਨੇਡੀਅਨ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਨੇ ਵੀਰਵਾਰ ਨੂੰ ਭਾਰਤ ਤੋਂ ਸਫ਼ੀਰਾਂ ਨੂੰ ਵਾਪਸ ਬੁਲਾਉਣ ਦਾ ਐਲਾਨ ਕਰਦੇ ਹੋਏ ਭਾਰਤ ਦੇ ਇਸ ਕਦਮ ਨੂੰ "ਅੰਤਰਰਾਸ਼ਟਰੀ ਕਾਨੂੰਨ ਦੇ ਉਲਟ ਅਤੇ ਡਿਪਲੋਮੈਟਿਕ ਸੰਬੰਧਾਂ 'ਤੇ ਜੇਨੇਵਾ ਸੰਧੀ ਦੀ ਸਪੱਸ਼ਟ ਉਲੰਘਣਾ ਦਸਿਆ।" ਭਾਰਤ ਇਸ ਦੋਸ਼ ਨੂੰ ਪਹਿਲਾਂ ਹੀ ਰੱਦ ਕਰ ਚੁਕਾ ਹੈ। ਜੈਸ਼ੰਕਰ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਮੁਸ਼ਕਿਲ ਦੌਰ 'ਚੋਂ ਲੰਘ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਨੂੰ ਕੈਨੇਡੀਅਨ ਸਿਆਸਤ ਦੇ ਕੁਝ ਹਿੱਸਿਆਂ ਨਾਲ ਸਮੱਸਿਆ ਹੈ।

# ਹਿਮਾਚਲ 'ਚ ਡੈਮਾਂ 'ਤੇ ਛਾਪੇਮਾਰੀ, ਗਲਤ ਸਮੇਂ ਪਾਣੀ ਛੱਡਣ ਨਾਲ ਆਏ ਹੜ੍ਹ ?



ਸ਼ਿਮਲਾ : ਹਿਮਾਚਲ ਵਿੱਚ ਤਬਾਹੀ ਮਚਾਉਣ ਦੇ ਨਾਲ-ਨਾਲ ਪੰਜਾਬ ਦੇ ਕਈ ਇਲਾਕਿਆਂ ਵਿੱਚ ਪਾਣੀ ਭਰਨ ਵਾਲੇ ਪਾਵਰ ਪ੍ਰੋਜੈਕਟ ਦੇ ਡੈਮ ਪ੍ਰਬੰਧਨ 'ਤੇ ਵੀ ਸਰਕਾਰ ਕਾਰਵਾਈ ਕਰਨ ਦੀ ਤਿਆਰੀ ਕਰ ਰਹੀ ਹੈ। ਸੂਬਾ ਸਰਕਾਰ ਵੱਲੋਂ ਗਠਿਤ ਹਾਈ ਪਾਵਰ ਕਮੇਟੀ ਪਿਛਲੇ ਚਾਰ-ਪੰਜ ਦਿਨਾਂ ਤੋਂ ਬਿਜਲੀ ਪ੍ਰਾਜੈਕਟਾਂ ਦੇ ਡੈਮਾਂ 'ਤੇ ਛਾਪੇਮਾਰੀ ਕਰ ਰਹੀ ਹੈ ਅਤੇ ਇਸ ਹਫ਼ਤੇ ਵੀ ਜਾਰੀ ਰਹੇਗੀ। ਸੂਤਰਾਂ ਦੀ ਮੰਨੀਏ ਤਾਂ ਹੁਣ ਤੱਕ ਦੀ ਜਾਂਚ ਵਿੱਚ ਕਮੇਟੀ ਨੂੰ ਕਈ ਡੈਮਾਂ ਵਿੱਚ ਵੱਡੀਆਂ ਬੇਨਿਯਮੀਆਂ ਸਾਹਮਣੇ ਆਈਆਂ ਹਨ।

ਡੈਮ ਪ੍ਰਬੰਧਨ ਦੀ ਲਾਪਰਵਾਹੀ ਕਾਰਨ ਖਾਸ ਕਰਕੇ ਮੰਡੀ, ਕੁੱਲੂ ਅਤੇ ਕਾਂਗੜਾ ਵਿੱਚ ਭਾਰੀ ਤਬਾਹੀ ਹੋਈ ਹੈ। ਹੜ੍ਹ ਪ੍ਰਭਾਵਿਤ ਲੋਕਾਂ ਨੇ ਸਰਕਾਰ ਤੋਂ ਇਹ ਵੀ ਮੰਗ ਕੀਤੀ ਸੀ ਕਿ ਡੈਮ ਪ੍ਰਬੰਧਕਾਂ ਵੱਲੋਂ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਫਿਰ ਸੂਬਾ ਸਰਕਾਰ ਨੇ ਕੇਂਦਰੀ ਜਲ ਕਮਿਸ਼ਨ ਦੇ ਸਾਬਕਾ ਚੇਅਰਮੈਨ ਆਰ.ਕੇ.ਗੁਪਤਾ ਦੀ ਅਗਵਾਈ ਹੇਠ ਇਕ ਕਮੇਟੀ ਬਣਾਈ, ਜੋ ਇਨ੍ਹਾਂ ਡੈਮਾਂ ਦਾ ਨਿਰੀਖਣ ਕਰ ਰਹੀ ਹੈ। ਇਸ ਕਮੇਟੀ ਵਿੱਚ ਊਰਜਾ ਡਾਇਰੈਕਟੋਰੇਟ ਦੇ ਲੋਕ ਵੀ ਸ਼ਾਮਲ ਹਨ।

ਕਮੇਟੀ ਡੈਮ ਸੇਫਟੀ ਆਡਿਟ ਦੀਆਂ ਵਿਵਸਥਾਵਾਂ ਅਨੁਸਾਰ ਇਨ੍ਹਾਂ ਡੈਮਾਂ ਦਾ ਨਿਰੀਖਣ ਕਰ ਰਹੀ ਹੈ। ਹੁਣ ਰਿਪੋਰਟ ਰਾਜ ਅਤੇ ਕੇਂਦਰ ਸਰਕਾਰ ਨੂੰ ਭੇਜੀ ਜਾਵੇਗੀ। ਇਸ 'ਚ ਕਮੇਟੀ ਦੱਸੇਗੀ ਕਿ ਡੈਮ 'ਚ ਕੀ-ਕੀ ਖਾਮੀਆਂ ਹਨ ਅਤੇ ਉਨ੍ਹਾਂ ਖਿਲਾਫ ਕੀ ਕਾਰਵਾਈ ਹੋਣੀ ਚਾਹੀਦੀ ਹੈ। ਇਸ ਦੇ ਆਧਾਰ 'ਤੇ ਡੈਮ ਪ੍ਰਬੰਧਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

ਕਮੇਟੀ ਨੇ ਕਾਂਗੜਾ ਵਿੱਚ ਸਥਿਤ ਪੌਂਗ ਡੈਮ, ਮੰਡੀ ਵਿੱਚ ਸਥਿਤ ਪੰਡੋਹ ਡੈਮ, ਕੁੱਲੂ ਜ਼ਿਲ੍ਹੇ ਵਿੱਚ ਸਥਿਤ ਮਲਾਨਾ-2 ਪਾਵਰ ਪ੍ਰੋਜੈਕਟ ਦੇ ਡੈਮ ਅਤੇ ਪਾਰਵਤੀ-3 ਪਾਵਰ ਪ੍ਰੋਜੈਕਟ ਦੇ ਡੈਮ ਦਾ ਨਿਰੀਖਣ ਕੀਤਾ ਹੈ। ਕਾਂਗੜਾ ਦੇ ਮੰਡ ਖੇਤਰ 'ਚ ਪੌਂਗ ਡੈਮ ਤੋਂ ਅਚਾਨਕ ਵੱਡੀ ਮਾਤਰਾ 'ਚ ਪਾਣੀ ਛੱਡੇ ਜਾਣ ਕਾਰਨ ਕਾਫੀ ਨੁਕਸਾਨ ਹੋਇਆ ਹੈ। ਡੈਮ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਜਾਪਦਾ ਹੈ ਕਿ ਨਿਯਮਤ ਤੌਰ 'ਤੇ ਪਾਣੀ ਨਹੀਂ ਛੱਡਿਆ ਗਿਆ ਅਤੇ ਜਦੋਂ ਕੋਈ ਐਮਰਜੈਂਸੀ ਹੁੰਦੀ ਹੈ ਤਾਂ ਤੁਰੰਤ ਪਾਣੀ ਛੱਡਿਆ ਜਾਂਦਾ ਹੈ।

# ਮੁੱਖ ਮੰਤਰੀ ਅਤੇ ਸਪੀਕਰ ਨੇ ਵਿਧਾਨ ਸਭਾ ਕਾਰਵਾਈ ਵੇਖਣ ਆਏ ਆਕਸਬ੍ਰਿਜ ਵਰਲਡ ਸਕੂਲ ਦੇ ਵਿਦਿਆਰਥੀਆਂ ਨਾਲ ਕੀਤੀ ਮੁਲਾਕਾਤ

## *ਵਿਦਿਆਰਥੀਆਂ ਨੂੰ ਜੀਵਨ 'ਚ ਸਫ਼ਲ ਇਨਸਾਨ ਬਣਨ ਤੇ ਸੂਬੇ ਤੇ ਦੇਸ਼ ਦੀ ਤਰੱਕੀ ਲਈ ਯੋਗਦਾਨ ਪਾਉਣ ਲਈ ਪ੍ਰੇਰਿਆ*




ਚੰਡੀਗੜ੍ਹ: ਆਕਸਬ੍ਰਿਜ ਵਰਲਡ ਸਕੂਲ, ਕੋਟਕਪੂਰਾ ਦੇ ਵਿਦਿਆਰਥੀਆਂ ਨੇ ਬੀਤੇ ਕੱਲ੍ਹ ਵਿਧਾਨ ਸਭਾ ਸੈਸ਼ਨ ਦੀ ਕਾਰਵਾਈ ਦਰਸ਼ਕ ਵਜੋਂ ਵੇਖੀ ਅਤੇ ਸਦਨ 'ਚ ਹੁੰਦੇ ਦੇ ਵਿਧਾਨਕ ਕੰਮ ਕਾਰ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸੈਸ਼ਨ ਦੀ ਕਾਰਵਾਈ ਵੇਖਣ ਆਏ ਸਕੂਲੀ ਵਿਦਿਆਰਥੀਆਂ ਨਾਲ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਜੀਵਨ 'ਚ ਮਿਹਨਤ ਕਰਕੇ ਸਫ਼ਲ ਇਨਸਾਨ ਬਣਨ ਅਤੇ ਸੂਬੇ ਅਤੇ ਦੇਸ਼ ਦੀ ਤਰੱਕੀ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣ ਲਈ ਪ੍ਰੇਰਿਆ।

ਮੁੱਖ ਮੰਤਰੀ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਤੱਕ ਸੂਬੇ ਦੇ 37,000 ਤੋਂ ਵੱਧ ਯੋਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਾਡਾ ਮਕਸਦ ਪੰਜਾਬ ਦੇ ਨੌਜਵਾਨਾਂ ਸੂਬੇ 'ਚ ਬਿਹਤਰ ਰੋਜ਼ਗਾਰ ਮੁਹੱਈਆ ਕਰਵਾਉਣਾ ਹੈ ਤਾਂ ਜੋ ਪੰਜਾਬੀ ਨੌਜਵਾਨ ਸੂਬਾ ਛੱਡ ਕੇ ਬਾਹਰਲੇ ਮੁਲਕਾਂ ਵੱਲ ਨਾ ਜਾਣ ਸਗੋਂ ਆਪਣੇ ਪੰਜਾਬ 'ਚ ਹੀ ਰੋਜ਼ਗਾਰ ਹਾਸਲ ਕਰਕੇ ਸੂਬੇ ਦੀ ਸੇਵਾ ਕਰਨ।

ਸ. ਸੰਧਵਾਂ ਨੇ ਇਸ ਮੌਕੇ ਕਿਹਾ ਕਿ ਸਦਨ ਦੀ ਕਾਰਵਾਈ ਵੇਖ ਕੇ ਜਿੱਥੇ ਵਿਦਿਆਰਥੀਆਂ ਨੂੰ ਸੂਬੇ ਦੀ ਵਿਧਾਨਕ ਕਾਰਜ ਪ੍ਰਣਾਲੀ ਬਾਰੇ ਜਾਣਕਾਰੀ ਮਿਲਦੀ ਹੈ, ਉੱਥੇ ਹੀ ਰਾਜਨੀਤਿਕ ਨੇਤਾਵਾਂ ਦੀ ਕਾਰਗੁਜ਼ਾਰੀ ਸਾਕਾਰ ਰੂਪ 'ਚ ਵੇਖਣ ਨੂੰ ਮਿਲਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਦਾ ਉਦੇਸ਼ ਹੈ ਕਿ ਪੰਜਾਬ ਦੇ ਨੌਜਵਾਨ ਵਿਦੇਸ਼ ਜਾਣ ਦੀ ਲਾਲਸਾ ਤਿਆਗਣ ਅਤੇ ਇੱਥੇ ਰਹਿ ਕੇ ਹੀ ਚੰਗਾ ਰੋਜ਼ਗਾਰ ਹਾਸਲ ਕਰਨ ਅਤੇ ਆਪਣੇ ਸਮਾਜ ਦੀ ਭਲਾਈ ਲਈ ਕੰਮ ਕਰਨ। ਇਸ ਮੌਕੇ ਆਕਸਬ੍ਰਿਜ ਵਰਲਡ ਸਕੂਲ ਦੇ ਪ੍ਰਿੰਸੀਪਲ ਸਮੀਨਾ ਖੁਰਾਣਾ ਅਤੇ ਵਾਈਸ ਪ੍ਰਿੰਸੀਪਲ ਸਪਨਾ ਬਜਾਜ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਪੰਜਾਬ ਅਤੇ ਸਪੀਕਰ ਪੰਜਾਬ ਵਿਧਾਨ ਸਭਾ ਦਾ ਧੰਨਵਾਦ ਵੀ ਕੀਤਾ।

# ਕੀ 1 ਨਵੰਬਰ ਨੂੰ ਪੰਜਾਬ ਨੂੰ ਬਚਾਉਣ ਲਈ ਸਾਰੀਆਂ ਪਾਰਟੀਆਂ ਦੇ ਆਗੂ ਮਤਭੇਦ ਭੁਲਾ ਕੇ ਸਿਰ ਜੋੜਨਗੇ ?







ਸ੍ਰੀ ਮੁਕਤਸਰ ਸਾਹਿਬ : ਰੋਜ਼ਾਨਾ ਟੀ ਵੀ ਚੈਨਲਾਂ 'ਤੇ ਚਲ ਰਹੀਆਂ ਵੱਖ-ਵੱਖ ਮੁੱਦਿਆਂ ਦੀਆਂ ਵਿਚਾਰ ਚਰਚਾਵਾਂ ਸੁਣਨ ਵਾਲਿਆਂ ਨੂੰ ਇਕ ਗੱਲ ਤਾਂ ਸਾਫ਼ ਸਮਝ ਆਉਂਦੀ ਹੈ ਕਿ ਲੰਮਾ ਸਮਾਂ ਰਾਜ ਸੱਤਾ ਵਿਚ ਰਹਿਣ ਕਰ ਕੇ ਜੋ ਸੱਤਾ ਦਾ ਅਨੰਦ ਇਨ੍ਹਾਂ ਲੀਡਰਾਂ ਨੇ ਮਾਣਿਆ ਅਤੇ ਜਾਂ ਸੱਤਾ ਦੇ ਅੰਦਰੂਨੀ ਸਹਿਯੋਗੀ ਬਣ ਕੇ ਅੱਧੀ ਸੱਤਾ ਵੀ ਮਾਣੀ ਅਤੇ ਲਗਭਗ ਦੋ ਦਹਾਕੇ ਪੰਜਾਬੀਆਂ ਨੂੰ ਉਲੂ ਵੀ ਬਣਾਇਆ

ਹੁਣ ਇਨ੍ਹਾਂ ਲੀਡਰਾਂ ਨੂੰ ਇਕ ਦੁੱਖ ਸੱਤਾ ਤੋਂ ਦੂਰ ਰਹਿਣ ਦਾ ਸਤਾ ਰਿਹਾ ਹੈ। ਦੂਜੀ ਸੱਤਾ ਵੇਲੇ ਕੀਤੇ ਘਪਲਿਆਂ ਅਤੇ ਸੱਤਾ ਦੇ ਗਰੂਰ ਵਿਚ ਕਿਤੇ ਕਾਲੇ ਕਾਰਨਾਮਿਆਂ ਦੀ ਦਿਨੋ ਦਿਨ ਨੇੜੇ ਆ ਰਹੀ ਜਾਂਚ ਵੀ ਸਤਾਉਂਦੀ ਨਜ਼ਰ ਆ ਰਹੀ ਹੈ। ਇਸ ਲਈ ਕੋਈ ਵੀ ਮੁੱਦਾ ਹੋਵੇ ਸਾਰੀਆਂ ਵਿਰੋਧੀ ਪਾਰਟੀਆਂ ਦੇ ਬੁਲਾਰੇ ਅਪਣੇ ਮਤਭੇਦ ਭੁਲਾ, ਇਕੱਠੇ ਹੋ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਾਂ ਆਪ ਦੇ ਬੁਲਾਰੇ ਨੂੰ ਹੀ ਨਿਸ਼ਾਨਾ ਬਣਾਉਂਦੇ ਨਜ਼ਰ ਆਉਂਦੇ ਹਨ।

ਕਿਸਾਨ ਅੰਦੋਲਨ ਅਤੇ ਆਮ ਆਦਮੀ ਪਾਰਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਲੋਕਾਂ ਵਿਚ ਅਜਿਹੀ ਜਾਗ੍ਰਤੀ ਆਈ ਕਿ ਲੋਕ ਕੇਵਲ ਸਵਾਲ ਹੀ ਨਹੀਂ ਕਰਨ ਲੱਗੇ ਸਗੋਂ ਪੰਜਾਬੀ ਇਨ੍ਹਾਂ ਨੂਰਾ ਕੁਸ਼ਤੀ ਵਾਲੀਆਂ ਦੋਹਾਂ ਪਾਰਟੀਆਂ ਨੂੰ ਅਜਿਹਾ ਧੋਬੀ ਪਟਕਾ ਮਾਰਿਆ ਕਿ ਉਕਤ ਵਿਰੋਧੀ ਕਈ ਸਾਲ ਇਹ ਸੱਤਾ ਦੇ ਅਨੰਦ ਬਾਰੇ ਸੋਚਣਗੇ ਤਾਂ ਜ਼ਰੂਰ ਪਰ ਸ਼ਾਇਦ ਅਨੰਦ ਨਾ ਮਾਣ ਸਕਣ।

ਬੱਸ ਇਸੇ ਦੁੱਖ ਤੋਂ ਖ਼ਫ਼ਾ ਇਹ ਸਾਰੀਆਂ ਪਾਰਟੀਆਂ ਦੇ ਲੀਡਰ ਕੋਈ ਵੀ ਮਸਲਾ ਜਾਂ ਗੱਲ ਹੋਵੇ ਬਿਨਾਂ ਪੰਜਾਬ ਦਾ ਭਲਾ ਸੋਚਿਆਂ (ਆਪਣੇ ਕਾਲੇ ਕਾਰਨਾਮੇ ਭੁੱਲ) ਸਾਰੇ ਨੁਕਸ (ਸਿਰਫ਼ ਡੇਢ ਸਾਲ ਪੁਰਾਣੀ) ਮਾਨ ਸਰਕਾਰ ਵਿਚ ਕੱਢਣੇ ਸ਼ੁਰੂ ਕਰ ਦਿੰਦੇ ਹਨ ਜਿਸ ਤੋਂ ਖ਼ਫ਼ਾ ਹੋ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਰੋਜ਼ ਰੋਜ਼ ਦੀ ਕਿਚ ਕਿਚ (ਕਿ ਪੰਜਾਬ ਨੂੰ ਕਿਸ ਨੇ ਡੋਬਿਆ) ਨੂੰ ਲੋਕਾਂ ਸਾਹਮਣੇ ਲਿਆਉਣ ਲਈ ਸਾਰੀਆਂ ਵਿਰੋਧੀ ਪਾਰਟੀਆਂ, ਪ੍ਰਧਾਨਾਂ ਅਤੇ ਨੇਤਾ ਵਿਰੋਧੀ ਧਿਰ ਨੂੰ ਇਕ ਨਵੰਬਰ ਨੂੰ ਲੁਧਿਆਣਾ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਪੰਜਾਬ ਦੇ ਪੁਰਾਣੇ ਅਤੇ ਨਵੇਂ ਮੁੱਦਿਆਂ 'ਤੇ ਚਰਚਾ ਕਰਨ ਲਈ ਸੱਦਾ ਦੇ ਦਿਤਾ ਹੈ

ਤਾਂਕਿ ਪੰਜਾਬ ਨੂੰ ਕਰਜ਼ੇ, ਨਸ਼ਿਆਂ, ਗ਼ੈਂਗਸਟਰ ਕਲਚਰ, ਬੇਰੁਜ਼ਗਾਰੀ ਅਤੇ ਬੇਅਦਬੀਆਂ ਆਦਿ ਵਿਚ ਧਕੇਲਣ ਵਾਲਿਆਂ ਦਾ ਅਸਲ ਚਿਹਰਾ ਪੰਜਾਬੀਆਂ ਸਾਹਮਣੇ ਆ ਹੀ ਜਾਵੇ ਪਰ ਹੁਣ 1 ਨਵੰਬਰ ਨੂੰ ਸਾਰੀਆਂ ਪਾਰਟੀਆਂ ਦੇ ਆਗੂ ਇਕ ਦੂਜੇ ਦੇ ਚਿੱਠੇ ਖੋਲ੍ਹਣ ਦੀ ਬਜਾਏ ਸਾਰੇ ਆਪਸੀ ਮਤਭੇਦ ਭੁਲਾ ਕੇ, ਪੰਜਾਬ ਦੇ ਭਖਦੇ ਮੁੱਦਿਆਂ, ਐਸ.ਵਾਈ.ਐਲ, ਚੰਡੀਗੜ੍ਹ, ਬੀਬੀਐਮਬੀ, ਕਿਸਾਨੀ, ਜਵਾਨੀ, ਬੇਅਦਬੀ ਦਾ ਇਨਸਾਫ਼ ਅਤੇ ਵਪਾਰ ਨੂੰ ਬਚਾਉਣ ਲਈ ਸਿਰਜੋੜ ਕੇ ਬੈਠਣਗੇ। ਜੇ ਅਜਿਹਾ ਨਾ ਹੋਇਆ ਤਾਂ ਜਿਥੇ ਪੰਜਾਬ ਹੋਰ ਬਹੁਤ ਪਿੱਛੇ ਚਲਾ ਜਾਵੇਗਾ, ਉਥੇ ਇਨ੍ਹਾਂ ਸਾਰੇ ਲੀਡਰਾਂ ਨੂੰ ਪੰਜਾਬੀ ਕਦੇ ਵੀ ਮੁਆਫ਼ ਨਹੀਂ ਕਰਨਗੇ।

# 'ਆਪ' ਤੇ ਭਾਜਪਾ ਵੱਲੋਂ ਗੁਰੂ ਘਰਾਂ 'ਤੇ ਕਬਜ਼ੇ ਦੀ ਸਾਜ਼ਿਸ਼: ਮਜੀਠੀਆ



ਸ੍ਰੀ ਆਨੰਦਪੁਰ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਦਖ਼ਲਅੰਦਾਜ਼ੀ ਕਰ ਕੇ ਗੁਰੂਧਾਮਾਂ 'ਤੇ ਕਬਜ਼ਾ ਕਰਨ ਦੀ ਸਾਜਿਸ਼ ਤਹਿਤ ਡੇਰਾ ਸਿਰਸਾ ਦੀਆਂ ਵੋਟਾਂ ਵੱਡੀ ਗਿਣਤੀ ਵਿੱਚ ਬਣਾਈਆਂ ਜਾ ਰਹੀਆਂ ਹਨ ਜੋ ਕਿ ਆਮ ਆਦਮੀ ਪਾਰਟੀ ਅਤੇ ਭਾਜਪਾ ਦੀ ਸਾਜਿਸ਼ ਦਾ ਹਿੱਸਾ ਹੈ। ਇਸ ਗੱਲ ਦਾ ਪ੍ਰਗਟਾਵਾ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਇੱਕ ਮਹੰਤ ਨੂੰ ਹਰਿਆਣਾ ਕਮੇਟੀ 'ਤੇ ਕਾਬਜ਼ ਕਰਵਾਇਆ ਗਿਆ ਅਤੇ ਜੋ ਦਿੱਲੀ ਗੁਰਦੁਆਰਾ ਕਮੇਟੀ ਪੰਥ ਵਿਰੋਧੀ ਕਾਰਵਾਈਆਂ ਕਰ ਰਹੀ ਹੈ, ਉਸ ਨੂੰ ਲੋਕ ਬਾਖ਼ੂਬੀ ਜਾਣਦੇ ਹਨ ਲੋਕ ਇਨ੍ਹਾਂ ਨੂੰ ਮੂੰਹ ਨਹੀਂ ਲਾਉਣਗੇ। ਉਨ੍ਹਾਂ ਸਿੱਖ ਸੰਗਤ ਨੂੰ ਇਸ ਪ੍ਰਤੀ ਚੌਕਸ ਰਹਿਣ ਲਈ ਕਿਹਾ। ਇਸ ਮੌਕੇ ਉਨ੍ਹਾਂ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਕੁਝ ਸਮਾਂ ਕੀਰਤਨ ਸਰਵਣ ਕੀਤਾ। ਇਸ ਮੌਕੇ ਉਨਾਂ ਨਾਲ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਹਾਜ਼ਰ ਸਨ।

# ਪਰਮਜੀਤ ਸਿੰਘ ਭਿਓਰਾ ਦੀ ਜ਼ਮਾਨਤ ਪਟੀਸ਼ਨ ਹਾਈਕੋਰਟ ਵਲੋਂ ਖਾਰਜ; ਭਤੀਜੀ ਦੇ ਵਿਆਹ ਲਈ ਮੰਗੀ ਸੀ ਪੈਰੋਲ

## *ਬੇਅੰਤ ਸਿੰਘ ਕਤਲ ਮਾਮਲੇ ਵਿਚ ਜੇਲ ’ਚ ਬੰਦ ਹਨ ਭਿਓਰਾ*

ਚੰਡੀਗੜ੍ਹ: ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਮਾਮਲੇ ’ਚ ਜੇਲ ਵਿਚ ਬੰਦ ਪਰਮਜੀਤ ਸਿੰਘ ਭਿਓਰਾ ਦੀ ਜ਼ਮਾਨਤ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿਤੀ ਹੈ। ਮਿਲੀ ਜਾਣਕਾਰੀ ਅਨੁਸਾਰ ਪਰਮਜੀਤ ਸਿੰਘ ਭਿਓਰਾ ਨੇ 29 ਅਕਤੂਬਰ ਨੂੰ ਦਿੱਲੀ ’ਚ ਹੋਣ ਵਾਲੇ ਅਪਣੀ ਭਤੀਜੀ ਦੇ ਵਿਆਹ ’ਚ ਸ਼ਾਮਲ ਹੋਣ ਦੀ ਇਜਾਜ਼ਤ ਮੰਗੀ ਸੀ। ਬੇਅੰਤ ਸਿੰਘ ਕਤਲ ਕੇਸ ਅਤੇ ਬੁੜੈਲ ਜੇਲ ਬ੍ਰੇਕ ਕੇਸ ’ਚ ਸਜ਼ਾਯਾਫ਼ਤਾ ਪਰਮਜੀਤ ਭਿਓਰਾ ਨੇ ਸੋਮਵਾਰ ਨੂੰ ਹਾਈ ਕੋਰਟ ’ਚ ਪਟੀਸ਼ਨ ਦਾਇਰ ਕਰਕੇ ਭਤੀਜੀ ਦੇ ਵਿਆਹ ਲਈ ਛੇ ਘੰਟਿਆਂ ਦੀ ਪੈਰੋਲ ਦੀ ਮੰਗ ਕੀਤੀ ਸੀ।

ਦਾਇਰ ਪਟੀਸ਼ਨ ਵਿਚ ਭਿਓਰਾ ਨੇ ਕਿਹਾ ਕਿ ਉਸ ਦੀ ਭਤੀਜੀ ਦਾ ਵਿਆਹ 29 ਅਕਤੂਬਰ ਨੂੰ ਦਿੱਲੀ ’ਚ ਹੈ ਜਿਸ ਵਿਚ ਉਹ ਸ਼ਾਮਲ ਹੋਣਾ ਚਾਹੁੰਦਾ ਹੈ। ਇਸ ਲਈ ਉਸ ਨੂੰ 29 ਅਕਤੂਬਰ ਨੂੰ ਸਵੇਰੇ 6 ਵਜੇ ਤੋਂ ਦੁਪਹਿਰ 2 ਵਜੇ ਤਕ ਛੇ ਘੰਟਿਆਂ ਲਈ ਪੈਰੋਲ ਦਿਤੀ ਜਾਵੇ।

ਜ਼ਿਕਰਯੋਗ ਹੈ ਕਿ ਪਰਮਜੀਤ ਸਿੰਘ ਭਿਓਰਾ ਬੇਅੰਤ ਸਿੰਘ ਧਮਾਕੇ ਵਿਚ ਜਗਤਾਰ ਸਿੰਘ ਹਵਾਰਾ ਦਾ ਸਹਿਯੋਗੀ ਸੀ ਅਤੇ ਉਨ੍ਹਾਂ ਉਤੇ ਦੋਸ਼ ਸੀ ਕਿ ਉਨ੍ਹਾਂ ਨੇ ਕਤਲ ਵਿਚ ਵਰਤੀ ਗਈ ਕਾਰ ਖ਼ਰੀਦੀ ਸੀ। ਭਿਓਰਾ ਨੂੰ 1997 ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ 2004 ਤਕ ਬੁੜੈਲ ਜੇਲ ਵਿਚ ਰਹੇ। ਜਿਹੜੇ ਚਾਰ ਕੈਦੀ ਬੁੜੈਲ ਜੇਲ ਵਿਚੋਂ ਸੁਰੰਗ ਪੁੱਟ ਕੇ ਫ਼ਰਾਰ ਹੋਏ ਸੀ ਉਨ੍ਹਾਂ ਵਿਚ ਭਿਓਰਾ ਵੀ ਸ਼ਾਮਲ ਸੀ। ਉਨ੍ਹਾਂ ਨੂੰ ਮਾਰਚ 2006 ਵਿਚ ਮੁੜ ਗ੍ਰਿਫਤਾਰ ਕੀਤਾ ਗਿਆ ਸੀ। ਭਿਓਰਾ ਨੂੰ ਕਦੇ ਵੀ



ਨਿਯਮਤ ਪੈਰੋਲ ਨਹੀਂ ਦਿੱਤੀ ਗਈ। ਉਨ੍ਹਾਂ ਨੂੰ ਦੋ ਸਾਲ ਸੱਤ ਮਹੀਨੇ ਤੋਂ ਵੱਧ ਰਿਮੀਸ਼ਨ ਮਿਲੀ ਹੈ। ਜਿਸ ਨੂੰ ਮਿਲਾ ਕੇ ਉਨ੍ਹਾਂ ਦੀ ਸਜ਼ਾ 24 ਸਾਲ ਤੋਂ ਵੱਧ ਬਣਦੀ ਹੈ।

ਲਗਭਗ ਪੰਜ ਸਾਲ ਪਹਿਲਾਂ ਭਿਓਰਾ ਨੇ ਅਪਣੀ ਬਿਮਾਰ ਬਜ਼ੁਰਗ ਮਾਂ ਪ੍ਰੀਤਮ ਕੌਰ ਜਿਨ੍ਹਾਂ ਦੀ ਉਮਰ ਉਸ ਵੇਲੇ ਲਗਭਗ 93 ਸਾਲ ਸੀ, ਨੂੰ ਦੇਖਣ ਅਤੇ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਕੁੱਝ ਘੰਟਿਆਂ ਲਈ ਜੇਲ ਤੋਂ ਰਿਹਾਈ ਦੀ ਮੰਗ ਕੀਤੀ ਸੀ ਪਰ ਸੀ.ਬੀ.ਆਈ. ਨੇ ਉਨ੍ਹਾਂ ਦੀ ਪ੍ਰਾਰਥਨਾ ਦਾ ਵਿਰੋਧ ਕੀਤਾ। ਸੀ.ਬੀ.ਆਈ. ਦਾ ਤਰਕ ਸੀ ਕਿ ਭਿਓਰਾ ਨੇ ਸਾਥੀਆਂ ਨਾਲ ਮਿਲ ਕੇ ਬੁੜੈਲ ਜੇਲ ਵਿਚੋਂ ਸੁਰੰਗ ਪੁੱਟੀ ਸੀ ਅਤੇ ਉਨ੍ਹਾਂ ਸਮੇਤ ਦੋ ਹੋਰ ਮੁਲਜ਼ਮ ਵੀ ਜੇਲ ਵਿਚੋਂ ਫ਼ਰਾਰ ਹੋ ਗਏ ਸਨ। ਹਾਲਾਂਕਿ ਸੀ.ਬੀ.ਆਈ. ਤੇ ਭਿਓਰਾ ਦੀ ਇਸ ਗੱਲ ’ਤੇ ਸਹਿਮਤੀ ਬਣੀ ਕਿ ਬਿਰਧ ਮਾਂ ਅਤੇ ਭਿਓਰਾ ਦੀ ਮੁਲਾਕਾਤ ਜੇਲ ਵਿਚ ਹੀ ਕਰਵਾਈ ਜਾ ਸਕਦੀ ਹੈ ਜਿਸ ਦੇ ਹੁਕਮ ਅਦਾਲਤ ਵਲੋਂ ਦਿਤੇ ਗਏ ਸਨ।

# ਬਠਿੰਡਾ ਵਿੱਚ 78% ਧਰਤੀ ਹੇਠਲਾ ਪਾਣੀ ਮਨੁੱਖੀ ਵਰਤੋਂ ਲਈ ਨਹੀਂ ਹੈ ਯੋਗ: ਅਧਿਐਨ

## *ਨਿਰੀਖਣ ਕੀਤੇ ਗਏ ਪਾਣੀ ਦੇ ਮਹੱਤਵਪੂਰਨ ਹਿੱਸੇ ਵਿੱਚ ਪਾਇਆ ਗਿਆ ਵੱਧ ਫਲੋਰਾਈਡ*

ਬਠਿੰਡਾ: ਬਠਿੰਡਾ ਸ਼ਹਿਰ ਵਿਚ ਵੱਖ-ਵੱਖ ਉਮਰ ਸਮੂਹਾਂ ਲਈ ਪੀਣ ਵਾਲੇ ਪਾਣੀ ਦੇ ਵੱਖ-ਵੱਖ ਸਰੋਤਾਂ ਤੋਂ ਫਲੋਰਾਈਡ ਐਕਸਪੋਜਰ ਅਤੇ ਸੰਬੰਧਿਤ ਸਿਹਤ ਜ਼ੋਖਮਾਂ ਦਾ ਮੁਲਾਂਕਣ ਸਿਰਲੇਖ ਵਾਲੇ ਇਕ ਤਾਜ਼ਾ ਅਧਿਐਨ ਵਿਚ ਖੁਲਾਸਾ ਹੋਇਆ ਕਿ ਸ਼ਹਿਰ ਵਿਚ ਧਰਤੀ ਹੇਠਲੇ ਪਾਣੀ ਦਾ 78.2 ਪ੍ਰਤੀਸ਼ਤ ਮਨੁੱਖੀ ਜੀਵਨ ਲਈ ਵਰਤੋਯੋਗ ਨਹੀਂ ਹੈ। ਇਹ ਅਧਿਐਨ ਕੇਂਦਰੀ ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਦੇ ਅਧੀਨ ਡੀਏਵੀ ਕਾਲਜ, ਬਠਿੰਡਾ ਵਿਖੇ ਸਹਾਇਕ ਪ੍ਰੋਫੈਸਰ ਡਾ. ਵਿਕਾਸ ਦੁੱਗਲ ਨੇ ਆਪਣੀ ਟੀਮ ਦੇ ਮੈਂਬਰਾਂ - ਤਨੀਸ਼ਾ ਗੋਇਲ, ਰਮਨਦੀਪ ਕੌਰ, ਜਸ਼ਨਦੀਪ ਕੌਰ ਅਤੇ ਗਰਿਮਾ ਬਜਾਜ ਨਾਲ ਕੀਤਾ। ਇਹ ਅਧਿਐਨ ਧਰਤੀ ਦੀ ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਜਰਨਲ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ।

ਟੀਮ ਨੇ 296 ਪਾਣੀ ਦੇ ਨਮੂਨਾਂ ਦਾ ਵਿਸ਼ਲੇਸ਼ਣ ਕੀਤਾ, ਜਿਸ ਵਿਚ ਨਿਰੀਖਣ ਕੀਤੇ ਗਏ ਪਾਣੀ ਦੇ ਮਹੱਤਵਪੂਰਨ ਹਿੱਸੇ ਵਿੱਚ ਉੱਚ ਫਲੋਰਾਈਡ ਸੀ, 78.4 % ਭੂਜਲ, 72.1 ਪ੍ਰਤੀਸ਼ਤ ਨਗਰਪਾਲਿਕਾ ਆਰਓ ਪਾਣੀ ਪ੍ਰੀ-ਮਾਨਸੂਨ, 14.3 ਜਨਤਕ ਜਲ ਸਪਲਾਈ, 37.5 ਪ੍ਰਤੀਸ਼ਤ ਬੋਤਲ ਬੰਦ ਪਾਣੀ ਅਤੇ 25 ਪ੍ਰਤੀਸ਼ਤ ਪਾਣੀ ’ਚ ਉੱਚ ਫਲੋਰਾਈਡ ਸੀ। ਖੋਜਾਂ ਸੰਭਾਵੀ ਸਿਹਤ ਖ਼ਤਰਿਆਂ ਨੂੰ ਦਰਸਾਉਂਦੀਆਂ ਹਨ।

ਡਾ.ਦੁੱਗਲ ਨੇ ਕਿਹਾ ਕਿ ਅਧਿਐਨ ਤੋਂ ਪਤਾ ਲੱਗਾ ਹੈ ਕਿ 72.1 ਐਮਸੀ ਰਿਵਰਸ ਔਸਮੋਸਿਸ ਯੂਨਿਟਾਂ ਵਿਚ ਫਲੋਰਾਈਡ ਦਾ ਪੱਧਰ ਪ੍ਰੀ-ਮੌਨਸੂਨ ਖੇਤਰ ਵਿੱਚ ਮਨਜ਼ੂਰ ਸੀਮਾ ਤੋਂ ਵੱਧ ਸੀ। ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਆਰਓ ਪਲਾਂਟ ਧਰਤੀ ਹੇਠਲੇ ਪਾਣੀ ਵਿਚ ਫਲੋਰਾਈਡ ਦੀ ਮਾਤਰਾ ਨੂੰ ਘਟਾਉਂਦਾ ਹੈ, ਪਰ ਫਿਲਟਰੇਸ਼ਨ ਤੋਂ ਬਾਅਦ ਵੀ,



ਫਲੋਰਾਈਡ ਦਾ ਪੱਧਰ WHO ਦੇ ਦਿਸ਼ਾ-ਨਿਰਦੇਸ਼ਾਂ ਤੋਂ ਉੱਪਰ ਰਹਿੰਦਾ ਹੈ, ਜਿਸ ਨਾਲ ਇਹ ਖਪਤ ਲਈ ਅਯੋਗ ਹੋ ਜਾਂਦਾ ਹੈ।

ਅਧਿਐਨ ਵਿਚ ਇਹ ਵੀ ਪਾਇਆ ਗਿਆ ਕਿ ਬੋਤਲਬੰਦ ਪਾਣੀ ਦੇ 37.5 ਪ੍ਰਤੀਸ਼ਤ ਨਮੂਨਿਆਂ ਵਿਚ ਡਬਲਯੂਐਚਓ ਦੀ ਸਵੀਕਾਰਯੋਗ ਸੀਮਾ ਤੋਂ ਉੱਪਰ ਫਲੋਰਾਈਡ ਪਾਇਆ ਗਿਆ, ਜਿਸ ਨਾਲ ਉਹ ਪੀਣ ਲਈ ਅਯੋਗ ਹਨ। ਅਧਿਐਨ ਵਿਚ ਬੋਤਲਬੰਦ ਪਾਣੀ ਦੇ ਵੱਖ-ਵੱਖ ਬ੍ਰਾਂਡਾਂ ਵਿਚ ਫਲੋਰਾਈਡ ਦੇ ਪੱਧਰਾਂ ਵਿਚ ਮਹੱਤਵਪੂਰਨ ਅੰਤਰ ਵੀ ਪਾਏ ਗਏ।

# ਸਵਾਲ ਦਾ ਜਵਾਬ ਮਿਲ ਗਿਆ !



ਤਰਲੋਚਨ ਸਿੰਘ ‘ਦੁਪਾਲ ਪੁਰ’
001-408-915-1268

ਪਿਛਲੇ ਸਾਲ ਮੈਂ ਪੰਜਾਬ ਗਏ ਹੋਏ ਨੇ ਇੱਕ ਪਿੰਡ ਦੀ ਕੋਠੀ ਦੇ ਬਾਹਰ ਕੰਧ ਉੱਤੇ (ਪਹਿਲੀ ਫੋਟੋ ਵਾਲੀ) ਚਿਤਾਵਨੀਲਿਖੀ ਦੇਖੀ। ਬੇਹੱਦ ਸਖਤ ਭਾਸ਼ਾ ਵਾਲੀ ਇਹ ਸੂਚਨਾਂ ਕਈ ਦਿਨ ਮੇਰੇ ਅੱਖਾਂ ਵਿੱਚ ਰੜਕਦੀ ਰਹੀ! ਮੈਂ ਮਨ ਹੀ ਮਨ ਸੋਚਦਾ ਰਿਹਾ ਕਿ ਇਹੀ ਸੁਨੇਹਾ ਜੇ ਸੁਹਿਰਦ ਤੇ ਸੱਭਿਅਕ ਭਾਸ਼ਾ ਵਾਲੀ ਬੇਨਤੀ ਦੇ ਰੂਪ ’ਚ ਲਿਖਿਆ ਹੋਇਆ ਹੁੰਦਾ ਤਾਂ ਕਿੰਨਾਂ ਚੰਗਾ ਹੋਣਾ ਸੀ! ਇਸ਼ਤਿਹਾਰ ਲਾਉਣ ਵਾਲਿਆਂ ਨੇ ਆਪੇ ਹੀ ਹਟ ਜਾਣਾ ਸੀ ਇਹ ਕੰਧ ਖਰਾਬ ਕਰਨ ਤੋਂ!! ਰਹਿ ਰਹਿ ਕੇ ਮੇਰੇ ਦਿਲ ਵਿੱਚ ਇਹ ਸਵਾਲ ਉੱਠਦਾ ਰਿਹਾ ਕਿ ਅਸੀਂ ਏਡੇ ਲਾਪਰਵਾਹ ਕਿਉਂ ਹੋ ਗਏ ਹਾਂ?

ਪਰ ਕੁੱਝ ਦਿਨਾਂ ਬਾਅਦ ਹੀ ਮੈਂ ਇੱਕ ਧਾਰਮਿਕ





ਅਸਥਾਨ (ਦੂਸਰੀ ਫੋਟੋ) ਗਿਆ ਜਿੱਥੇ ਬਾਹਰ ‘ਸਖਤ ਮਨ੍ਹਾਂ’ ਵਾਲੀ ‘ਬੇਨਤੀ’ ਅਤੇ ਉਸਦੇ ਮੋਹਰੇ ਇਸ ਹਦਾਇਤ ਦਾ ਮੂੰਹ ਚਿੜਾ ਰਿਹਾ ਜੋੜਿਆਂ ਦਾ ਢੇਰ ਦੇਖਿਆ ਤਾਂ ਆਪਣੇ ਲੋਕਾਂ ਦੀ ਮਾਨਸਿਕਤਾ ਬਾਰੇ ਸੋਚਦਿਆਂ ਮੈਨੂੰ ਆਪਣੇ ਸਵਾਲ ਦਾ ਜਵਾਬ ਮਿਲ ਗਿਆ ਸਮਝੋ!





ਇਹ ਦੋਵੇਂ ਫੋਟੋਆਂ ਮੈਂ ਆਪਣੇ ਇੱਕ ਦੋਸਤ ਨੂੰ ਦਿਖਾਈਆਂ ਤਾਂ ਉਹ ਝੱਟ ਬੋਲਿਆ-‘ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ ਭਰਾਵਾ! ਮਿੱਤਰ ਵਲੋਂ ਬੋਲੀ ਗਈ ਹਿੰਦੀ ਦੀ ਕਹਾਵਤ ਮੈਨੂੰ ਆਪਣੇ ਪੰਜਾਬੀਆਂ ’ਤੇ ਸਹੀ ਢੁਕਦੀ ਜਾਪੀ!

# ਵਿਜੀਲੈਂਸ ਸਾਹਮਣੇ ਨਹੀਂ ਪੇਸ਼ ਹੋਏ ਮਨਪ੍ਰੀਤ ਬਾਦਲ; ਅਧਿਕਾਰੀਆਂ ਨੂੰ ਸੌਂਪਿਆ ਪਾਸਪੋਰਟ

## *ਰੀੜ ਦੀ ਹੱਡੀ ਵਿਚ ਸਮੱਸਿਆ ਦਾ ਦਿੱਤਾ ਹਵਾਲਾ*

ਬਠਿੰਡਾ: ਪਲਾਟ ਖਰੀਦ ਘੁਟਾਲੇ ਵਿਚ ਬੇਸ਼ੱਕ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਅਗਾਊਂ ਜ਼ਮਾਨਤ ਲੈਣ ਵਿਚ ਸਫਲ ਰਹੇ ਹਨ ਪਰ ਵਿਜੀਲੈਂਸ ਅਜੇ ਵੀ ਉਨ੍ਹਾਂ ਦਾ ਪਿੱਛਾ ਛੱਡਦੀ ਨਜ਼ਰ ਨਹੀਂ ਆ ਰਹੀ। ਜ਼ਮਾਨਤ ਮਿਲਣ ਤੋਂ ਬਾਅਦ ਵਿਜੀਲੈਂਸ ਬਿਊਰੋ ਬਠਿੰਡਾ ਨੇ ਸਾਬਕਾ ਵਿੱਤ ਮੰਤਰੀ ਅਤੇ ਭਾਜਪਾ ਆਗੂ ਮਨਪ੍ਰੀਤ ਬਾਦਲ ਨੂੰ ਇਕ ਹੋਰ ਸੰਮਨ ਜਾਰੀ ਕੀਤਾ ਹੈ। ਉਨ੍ਹਾਂ ਨੂੰ ਸੋਮਵਾਰ ਨੂੰ ਸਵੇਰੇ 10.30 ਵਜੇ ਵਿਜੀਲੈਂਸ ਬਿਊਰੋ ਰੇਂਜ ਬਠਿੰਡਾ ਦੇ ਦਫ਼ਤਰ ਵਿਚ ਪੇਸ਼ੀ ਲਈ ਸੱਦਿਆ ਗਿਆ ਸੀ ਪਰ ਪਿੱਠ ਦੇ ਦਰਦ ਕਾਰਨ ਮਨਪ੍ਰੀਤ ਬਾਦਲ ਵਿਜੀਲੈਂਸ ਸਾਹਮਣੇ ਪੇਸ਼ ਨਹੀਂ ਹੋ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ ਅਪਣਾ ਪਾਸਪੋਰਟ ਵੀ ਸਰੰਡਰ ਕਰਨ ਲਈ ਕਿਹਾ ਗਿਆ, ਜੋ ਉਨ੍ਹਾਂ ਨੇ ਅਪਣੇ ਵਕੀਲ ਰਾਹੀਂ ਵਿਜੀਲੈਂਸ ਦਫ਼ਤਰ ਨੂੰ ਸੌਂਪ ਦਿਤਾ। ਵਿਜੀਲੈਂਸ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਭਾਵੇਂ ਅਦਾਲਤ ਵਲੋਂ ਜ਼ਮਾਨਤ ਦੇ ਦਿਤੀ ਗਈ ਹੈ ਪਰ ਇਸ



ਮਾਮਲੇ ਵਿਚ ਕਈ ਅਹਿਮ ਤੱਥ ਸਾਹਮਣੇ ਆਏ ਹਨ। ਜਿਸ ਸਬੰਧੀ ਮਨਪ੍ਰੀਤ ਬਾਦਲ ਤੋਂ ਪੁਛਗਿਛ ਕਰਨਾ ਬਹੁਤ ਜ਼ਰੂਰੀ ਹੈ। ਮਨਪ੍ਰੀਤ ਸਿੰਘ ਬਾਦਲ ਨੇ ਅਪਣੀ ਪਿੱਠ ਵਿਚ ਦਰਦ ਦਾ ਹਵਾਲਾ ਦਿੰਦੇ ਹੋਏ ਦਸ ਦਿਨਾਂ ਲਈ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਹੈ। ਇਸ ਦੇ ਲਈ ਪੀਜੀਆਈ ਦੇ ਡਾਕਟਰਾਂ ਵਲੋਂ ਇਕ ਹਫ਼ਤੇ ਦੇ ਆਰਾਮ ਦਾ ਸਰਟੀਫਿਕੇਟ ਵੀ ਸੌਂਪਿਆ ਗਿਆ। ਮਨਪ੍ਰੀਤ ਬਾਦਲ ਵਲੋਂ ਪੇਸ਼ ਹੋਏ ਐਡਵੋਕੇਟ ਸੁਖਦੀਪ ਸਿੰਘ ਭਿੰਡਰ ਸੋਮਵਾਰ ਨੂੰ ਬਠਿੰਡਾ ਵਿਜੀਲੈਂਸ ਬਿਊਰੋ ਦੇ ਦਫ਼ਤਰ ਵਿਚ ਪੇਸ਼ ਹੋਏ ਅਤੇ ਸਾਬਕਾ ਮੰਤਰੀ ਦਾ ਮੈਡੀਕਲ ਸਰਟੀਫਿਕੇਟ ਅਤੇ ਪਾਸਪੋਰਟ ਜਾਂਚ ਅਧਿਕਾਰੀ ਨੂੰ ਸੌਂਪਿਆ।

ਇਸ ਮਾਮਲੇ ’ਤੇ ਗੱਲਬਾਤ ਕਰਦਿਆਂ ਵਿਜੀਲੈਂਸ ਅਧਿਕਾਰੀਆਂ ਨੇ ਦਸਿਆ ਕਿ ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਅੱਜ ਜਾਂਚ ’ਚ ਸ਼ਾਮਲ ਹੋਣ ਲਈ ਬੁਲਾਇਆ ਗਿਆ ਸੀ, ਪਰ ਉਹ ਪੇਸ਼ ਨਹੀਂ ਹੋਏ ਅਤੇ ਉਨ੍ਹਾਂ ਨੇ ਅਪਣਾ ਮੈਡੀਕਲ ਸਰਟੀਫਿਕੇਟ ਭੇਜ ਦਿਤਾ ਹੈ। ਜਿਸ ਦੇ ਆਧਾਰ ’ਤੇ ਉੱਚ ਅਧਿਕਾਰੀਆਂ ਅਤੇ ਕਾਨੂੰਨੀ ਸਲਾਹਕਾਰਾਂ ਨਾਲ ਸਲਾਹ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਵਿਜੀਲੈਂਸ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਮਨਪ੍ਰੀਤ ਬਾਦਲ ਵਲੋਂ ਭੇਜੇ ਗਏ ਮੈਡੀਕਲ ਰਿਕਾਰਡ ਅਤੇ ਸਰਟੀਫਿਕੇਟਾਂ ਦੀ ਜਾਂਚ ਲਈ ਮੈਡੀਕਲ ਬੋਰਡ ਵੀ ਗਠਿਤ ਕੀਤਾ ਜਾ ਸਕਦਾ ਹੈ, ਤਾਂ ਜੋ ਸੱਚਾਈ ਸਾਹਮਣੇ ਆ ਸਕੇ।

ਜ਼ਿਕਰਯੋਗ ਹੈ ਕਿ 24 ਸਤੰਬਰ ਨੂੰ ਵਿਜੀਲੈਂਸ ਬਿਊਰੋ ਬਠਿੰਡਾ ਨੇ ਮਨਪ੍ਰੀਤ ਬਾਦਲ ਸਮੇਤ ਅੱਧੀ ਦਰਜਨ ਵਿਅਕਤੀਆਂ ਵਿਰੁਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਜਿਸ ਵਿਚ ਇਲਜ਼ਾਮ ਲਗਾਇਆ ਗਿਆ ਸੀ ਕਿ ਵਿੱਤ ਮੰਤਰੀ ਰਹਿੰਦਿਆਂ ਮਨਪ੍ਰੀਤ ਬਾਦਲ ਨੇ ਸਾਲ 2021 ਵਿਚ ਸ਼ਹਿਰ ਦੇ ਮਾਡਲ ਟਾਊਨ ਫੇਜ਼ ਵਨ ਇਲਾਕੇ ਵਿਚ ਅਪਣੇ ਪ੍ਰਭਾਵ ਨਾਲ 1560 ਗਜ਼ ਦੇ ਦੋ ਪਲਾਟ ਖਰੀਦੇ ਸਨ। ਵਿਜੀਲੈਂਸ ਦੀ ਜਾਂਚ ਅਨੁਸਾਰ ਇਹ ਪਲਾਟ ਖਰੀਦ ਕੇ ਸਾਬਕਾ ਵਿੱਤ ਮੰਤਰੀ ਨੇ ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ 65 ਲੱਖ ਰੁਪਏ ਦਾ ਚੂਨਾ ਲਾਇਆ ਸੀ।

# ਮੁਹਾਲੀ ਤੋਂ ਗੈਂਗਸਟਰ ਲਾਰੈਂਸ ਦੇ ਚਾਰ ਸਾਥੀ ਗ੍ਰਿਫਤਾਰ, ਪਿਸਤੌਲ ਤੇ ਕਾਰਤੂਸ ਹੋਏ ਬਰਾਮਦ

ਮੁਹਾਲੀ: ਮੁਹਾਲੀ ਪੁਲਿਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਨੇ ਜ਼ੀਰਕਪੁਰ ਤੋਂ ਗੈਂਗਸਟਰ ਲਾਰੈਂਸ ਦੇ ਚਾਰ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ’ਚੋਂ ਇਕ .32 ਬੋਰ ਦਾ ਪਿਸਤੌਲ ਅਤੇ 6 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਉਹ ਤਿਉਹਾਰਾਂ ਤੋਂ ਪਹਿਲਾਂ ਇਲਾਕੇ ਵਿੱਚ ਕੋਈ ਵੱਡੀ ਵਾਰਦਾਤ ਕਰਨ ਵਾਲੇ ਸਨ। ਪੁਲਿਸ ਨੇ ਇਸ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਮੁਹਾਲੀ ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਚਾਰੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇਹ ਦੋਸ਼ੀ ਇਲਾਕੇ ’ਚ ਨਜਾਇਜ਼ ਹਥਿਆਰ ਲੈ ਕੇ ਘੁੰਮ ਰਹੇ ਹਨ ਅਤੇ ਕੋਈ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਹਨ। ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਚਾਰੋਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ।

ਮੁਲਜ਼ਮਾਂ ਦੀ ਪਛਾਣ ਸੁਪਰੀਮ ਸਿੰਘ ਉਰਫ ਪ੍ਰੀਤ ਵਾਸੀ ਫਤਿਹਗੜ੍ਹ ਸਾਹਿਬ, ਅਰਮਾਨਦੀਪ ਸਿੰਘ ਉਰਫ ਅਰਮਾਨ ਵਾਸੀ ਅੰਮ੍ਰਿਤਸਰ, ਜਸਵੀਰ ਸਿੰਘ ਵਾਸੀ ਅਜਨਾਲਾ ਅਤੇ ਹਰਦੀਪ ਸਿੰਘ ਵਾਸੀ ਜ਼ੀਰਕਪੁਰ, ਮੁਹਾਲੀ ਵਜੋਂ ਹੋਈ ਹੈ। ਪੁਲਿਸ ਨੇ ਉਸ ਦੇ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿਤੀ ਹੈ। ਮੁੱਢਲੀ ਜਾਣਕਾਰੀ ਅਨੁਸਾਰ ਪੁਲਿਸ ਨੂੰ ਪਤਾ ਲੱਗਾ ਹੈ ਕਿ ਚਾਰੇ





ਮੁਲਜ਼ਮਾਂ ਨੂੰ ਲਾਰੈਂਸ ਗੈਂਗ ਦੇ ਖਾਸ ਗੈਂਗਸਟਰ ਤਰਸੇਮ ਸਿੰਘ ਵਲੋਂ ਹਦਾਇਤਾਂ ਦਿਤੀਆਂ ਗਈਆਂ ਸਨ। ਉਹ ਮੂਲ ਰੂਪ ਵਿਚ ਫਾਜ਼ਿਲਕਾ, ਪੰਜਾਬ ਦਾ ਰਹਿਣ ਵਾਲਾ ਹੈ। ਇਸ ਸਮੇਂ ਉਹ ਵਿਦੇਸ਼ ਵਿਚ ਕੈਨੇਡਾ ਵਿੱਚ ਰਹਿ ਰਿਹਾ ਹੈ। ਉਸ ਦੇ ਕਹਿਣ ’ਤੇ ਹੀ ਉਨ੍ਹਾਂ ਨੇ ਕੋਈ ਵੱਡਾ ਅਪਰਾਧ ਕਰਨਾ ਸੀ। ਜ਼ੀਰਕਪੁਰ ਪੁਲਿਸ ਨੇ ਮੀਤ ਬਾਊਂਸਰ ਦੇ ਕਤਲ ਵਿਚ ਸ਼ਾਮਲ ਲਾਰੈਂਸ ਗੈਂਗ ਦੇ ਸਰਗਨਾ ਟੋਪੀ ਨੂੰ ਗਾਜ਼ੀਪੁਰ ਰੋਡ ਤੋਂ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਇਸ ਮੁਲਜ਼ਮ ਕੋਲੋਂ ਇਕ .30 ਬੋਰ ਦਾ ਪਿਸਤੌਲ ਵੀ ਬਰਾਮਦ ਕੀਤਾ ਹੈ।

ਇਹ ਗੈਂਗਸਟਰ ਲਾਰੈਂਸ ਲਈ ਕੰਮ ਕਰਦਾ ਹੈ। ਮੁਲਜ਼ਮ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਵਿੱਚ ਕਈ ਕੇਸ ਦਰਜ ਹਨ। ਪੁਲਿਸ ਉਸ ਨੂੰ ਗ੍ਰਿਫਤਾਰ ਕਰਕੇ ਕਈ ਥਾਵਾਂ ’ਤੇ ਭਾਲ ਲਈ ਲੈ ਗਈ। ਇਸ ਦੌਰਾਨ ਮੁਲਜ਼ਮ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਭੱਜਣ ਦੀ ਕੋਸ਼ਿਸ਼ ਦੌਰਾਨ ਮੁਲਜ਼ਮ ਦੀ ਲੱਤ ਵਿੱਚ ਫਰੈਕਚਰ ਹੋ ਗਈ। ਪੁਲਿਲ ਨੇ ਉਸ ਨੂੰ ਹੁਣੇ ਹੀ ਜੀਐਮਸੀਐਚ ਸੈਕਟਰ-32 ਚੰਡੀਗੜ੍ਹ ਵਿੱਚ ਦਾਖ਼ਲ ਕਰਵਾਇਆ ਹੈ। ਪੁਲਿਸ ਮੁਲਜ਼ਮ ਤੋਂ ਪੁੱਛਗਿੱਛ ਕਰ ਰਹੀ ਹੈ ਅਤੇ ਹਾਲੇ ਤੱਕ ਉਸ ਦੇ ਹੋਰ ਸਾਥੀ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ।



# ਪ੍ਰਕਾਸ਼ ਦਿਹਾੜਾ ਗੁਰੂ ਰਾਮਦਾਸ ਜੀ

## *25 ਅੱਸੂ ਬਨਾਮ ਕੱਤਕ ਵਦੀ ਦੂਜ*




ਸਰਵਜੀਤ ਸਿੰਘ
ਸੈਕਰਾਮੈਂਟੋ
lsarbjits@gmail.com


ਸਿੱਖ ਇਤਿਹਾਸ ਦੇ ਪੁਰਾਤਨ ਸੋਮਿਆਂ ਮੁਤਾਬਕ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਚੂਨਾ ਮੰਡੀ, ਲਾਹੌਰ ਵਿਖੇ 25 ਅੱਸੂ, ਕੱਤਕ ਵਦੀ ਦੂਜ ਸੰਮਤ 1591 ਬਿਕ੍ਰਮੀ ਦਿਨ ਵੀਰਵਾਰ ਨੂੰ ਹੋਇਆ ਸੀ। ਅੰਗਰੇਜਾਂ ਦੇ ਆਉਣ ਤੋਂ ਪਿਛੋਂ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ ਤਾਰੀਖ, 24 ਸਤੰਬਰ 1534 ਈ: (ਜੂਲੀਅਨ) ਲਿਖੀ ਗਈ।

TSri Guru Ramdas ji (Jetha ji) was born at Chuna Mandi, Lahore (in Pakistan), on kartik vadi 2nd, 25th Assu Samvat 1591 (September 24, 1534)˙. (sgpc.net)

ਭਾਵੇ ਸਿੱਖ ਇਤਿਹਾਸ ਦੀਆਂ ਕਈ ਤਾਰੀਖਾਂ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ, ਪਰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਬਾਰੇ ਕੋਈ ਮੱਤ ਭੇਦ ਨਹੀਂ ਹੈ। ਅੰਗਰੇਜੀ ਤਾਰੀਖ ਵਿੱਚ ਬਦਲੀ ਕਰਨ ਵੇਲੇ ਕਈਆਂ ਨੇ ਗਲਤੀ ਜਰੂਰ ਕੀਤੀ ਹੈ। ਜਿਵੇ ਗੁਰਬਾਣੀ ਪਾਠ ਦਰਪਣ ਵਿੱਚ 2 ਨਵੰਬਰ 1534 ਈ: ਦਰਜ ਹੈ। ਇਨ੍ਹਾਂ ਤਾਰੀਖਾਂ ਵਿੱਚੋਂ ਇਕ ਤਾਰੀਖ 25 ਅੱਸੂ, ਸੂਰਜੀ ਕੈਲੰਡਰ ਦੀ ਹੈ ਅਤੇ ਦੂਜੀ ਤਾਰੀਖ ਕੱਤਕ ਵਦੀ ਦੂਜ, ਚੰਦ ਦੇ ਕੈਲੰਡਰ ਦੀ ਹੈ। ਭਾਵੇ ਅੱਜ ਤੋਂ 489 ਸਾਲ ਪਹਿਲਾ, ਇਹ ਦੋਵੇਂ ਤਾਰੀਖਾਂ (25 ਅੱਸੂ ਅਤੇ ਕੱਤਕ ਵਦੀ ਦੂਜ) ਇਕ ਦਿਨ ਹੀ ਆਈਆਂ ਸਨ। ਪਰ ਹਰ ਸਾਲ ਅਜੇਹਾ ਨਹੀ ਹੁੰਦਾ।

ਇਸ ਦਾ ਕਾਰਨ ਇਹ ਹੈ ਕਿ ਸੂਰਜੀ ਸਾਲ ਦੇ 365 ਦਿਨ ਹੁੰਦੇ ਹਨ। ਇਸ ਮੁਤਾਬਕ ਹਰ ਸਾਲ ਇਹ ਦਿਹਾੜਾ 25 ਅੱਸੂ ਨੂੰ ਆਵੇਗਾ, ਪਰ ਚੰਦ ਦੇ ਸਾਲ ਦੇ 354 ਦਿਨ ਹੁੰਦੇ ਹਨ ਇਸ ਕਾਰਨ ਕੱਤਕ ਵਦੀ ਦੂਜ 365 ਦਿਨਾਂ ਪਿਛੋਂ ਨਹੀਂ ਸਗੋਂ 354 ਦਿਨਾਂ ਪਿਛੋਂ ਆਉਂਦੀ ਹੈ। ਭਾਵ ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੁੰਦਾ ਹੈ। ਜਦੋਂ ਚੰਦ ਦਾ ਸਾਲ, ਇਕ ਸਾਲ ਵਿੱਚ 11 ਦਿਨ, ਦੂਜੇ ਸਾਲ 22 ਦਿਨ ਅਤੇ ਤੀਜੇ ਸਾਲ 33 ਦਿਨ ਸੂਰਜੀ ਸਾਲ ਤੋਂ ਪਿੱਛੇ ਰਹਿ ਜਾਂਦਾ ਹੈ ਤਾਂ ਚੰਦ ਦੇ ਸਾਲ ਨੂੰ, ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ ਹਰ ਤੀਜੇ-ਚੌਥੇ ਸਾਲ, ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ। ਜਿਸ ਨੂੰ ਮਲਮਾਸ (ਮਾੜਾ ਮਹੀਨਾ) ਕਹਿੰਦੇ ਹਨ। ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਅਤੇ 384 ਦਿਨ ਹੋ ਜਾਂਦੇ ਹਨ। ਇਸ ਸਾਲ (ਸੰਮਤ 2080 ਬਿਕ੍ਰਮੀ) ਵਿੱਚ ਚੰਦ ਦੇ ਸਾਲ ਦੇ 13 ਮਹੀਨੇ ਹਨ। ਸਾਵਣ ਦਾ ਮਹੀਨਾ ਦੋ ਵਾਰ ਆਇਆ ਹੈ। ਇਕ ਸਾਵਣ ਸ਼ੁਭ ਅਤੇ ਦੂਜਾ ਸਾਵਣ ਅਸ਼ੁਭ ਭਾਵ ਮਲਮਾਸ। ਇਸ ਕਾਰਨ ਇਹ ਦੋਵੇਂ ਤਾਰੀਖਾਂ (25 ਅੱਸੂ ਅਤੇ ਕੱਤਕ ਵਦੀ ਦੂਜ) ਇਕੱਠੇ ਆਉਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਪਿਛਲੇ ਸਾਲ ਭਾਵ ਸੰਮਤ 2079 ਬਿਕ੍ਰਮੀ (ਸੰਮਤ 554 ਨਾਨਕਸ਼ਾਹੀ, 2022 ਈ:) ਵਿੱਚ ਇਹ ਦੋਵੇਂ ਤਾਰੀਖਾਂ, 11 ਅਕਤੂਬਰ ਦਿਨ ਮੰਗਲਵਾਰ ਨੂੰ ਇਕੱਠੀਆਂ ਆਈਆਂ ਸਨ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਜੋ ਕੈਲੰਡਰ ਛਾਪਿਆ ਜਾਂਦਾ ਹੈ, ਉਸ ਦਾ ਨਾਮ ਤਾਂ ਭਾਵੇ ਨਾਨਕਸ਼ਾਹੀ ਕੈਲੰਡਰ ਰੱਖਿਆ ਗਿਆ ਹੈ ਪਰ ਅਸਲ ਵਿੱਚ ਇਹ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਹੈ। ਇਸ ਦੇ ਸਾਲ ਦੀ ਲੰਬਾਈ 365.2563 ਦਿਨ ਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਸ਼ ?ਰੋਮਣੀ ਕਮੇਟੀ ਦੇ ਕੈਲੰਡਰ ਦਾ ਆਰੰਭ ਹਰ ਸਾਲ 1 ਚੇਤ ਤੋਂ ਹੁੰਦਾ ਹੈ। ਸੂਰਜੀ ਕੈਲੰਡਰ ਹੋਣ ਕਰਕੇ, ਹਰ ਸਾਲ ਵੈਸਾਖੀ 1 ਵੇਸਾਖ ਨੂੰ, ਵੱਡੇ ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜ 8 ਪੋਹ ਅਤੇ ਛੋਟੇ ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਦਾ ਹੀ ਦਰਜ ਹੁੰਦਾ ਹੈ। ਪਰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਅਜੇਹਾ ਕਿਉ ?

ਇਸ ਦਾ ਕਾਰਨ ਇਹ ਹੈ ਕਿ ਸ਼ ?ਰੋਮਣੀ ਕਮੇਟੀ ਗੁਰੂ ਸਾਹਿਬ ਨਾਲ ਸਬੰਧਿਤ ਦਿਹਾੜੇ ਮਨਾਉਂਦੀ ਤਾਂ ਵਦੀ-ਸੁਦੀ ਦੇ ਮੁਤਾਬਕ ਹੈ, ਪਰ ਦਰਜ ਪ੍ਰਵਿਸ਼ਟਿਆਂ ਮੁਤਾਬਕ ਕਰਦੀ ਹੈ। ਅਸਲ ਵਿੱਚ ਸ਼ ?ਰੋਮਣੀ ਕਮੇਟੀ ਸਿੱਖ ਸੰਗਤਾਂ ਨੂੰ ਗੁਮਰਾਹ ਕਰ ਰਹੀ ਹੈ ਕਿ ਅਸੀਂ ਤਾਂ ਨਾਨਕਸ਼ਾਹੀ ਕੈਲੰਡਰ ਹੀ ਛਾਪਦੇ ਹਾਂ। ਜਦੋਂ ਕਿ ਇਹ ਕੋਰਾ ਝੂਠ ਹੈ। ਸ਼੍ਰੋਮਣੀ ਕਮੇਟੀ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਛਾਪਦੀ ਹੈ। ਸ਼੍ਰੋਮਣੀ ਕਮੇਟੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਂਦੀ ਤਾਂ ਚੰਦ ਦੇ ਕੈਲੰਡਰ ਮੁਤਾਬਕ ਕੱਤਕ ਵਦੀ ਦੂਜ ਨੂੰ ਹੈ। ਪਰ ਦਰਜ ਪ੍ਰਵਿਸ਼ਟਿਆਂ ਵਿੱਚ ਕਰਦੀ ਹੈ। ਤਾਂ ਹੀ ਤਾਂ, ਹਰ ਸਾਲ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ। ਪਤਾ ਨਹੀਂ ਆਪਣੇ ਆਪ ਨੂੰ ਸ਼ ?ਰੋਮਣੀ ਅਖਵਾਉਣ ਵਾਲੀ ਕਮੇਟੀ ਦੀ ਕੀ ਮਜ਼ਬੂਰੀ ਹੈ ਕਿ ਉਹ ਇਤਿਹਾਸਿਕ ਤਾਰੀਖਾਂ ਦੇ ਸਬੰਧ ਵਿੱਚ ਰੋਲ-ਘਚੋਲਾ ਪਾਈ ਰੱਖਣਾ ਚਾਹੁੰਦੀ ਹੈ ?

ਜੇ ਇਤਿਹਾਸਿਕ ਦਿਹਾੜੇ ਵਦੀ ਸੁਦੀ ਮੁਤਾਬਕ ਮਨਾਉਣੇ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮਜ਼ਬੂਰੀ ਹੈ ਤਾਂ ਆਪਣਾ ਕੈਲੰਡਰ ਵੀ ਚੰਦਰ-ਸੂਰਜੀ ਬਿਕ੍ਰਮੀ ਛਾਪੋ। ਜਿਵੇ ਪਿਛਲੀ ਸਦੀ ਵਿੱਚ ਛਾਪਦੇ ਸੀ। ਜੇ ਕੈਲੰਡਰ ਦਾ ਨਾਮ ਨਾਨਕਸ਼ਾਹੀ ਕੈਲੰਡਰ ਰੱਖਣਾ ਹੈ ਤਾਂ ਸਾਲ ਦੀ ਲੰਬਾਈ ਵੀ 365.2425 ਦਿਨ ਮੰਨੋ। ਇਕ ਪਾਸੇ ਤਾਂ ਹੋਵੋ। ਸੰਗਤਾਂ ਨੂੰ ਗੁੰਮਰਾਹ ਤਾਂ ਨਾ ਕਰੇ। ਜੇ ਕੈਲੰਡਰ ਸੂਰਜੀ ਬਿਕ੍ਰਮੀ (ਦ੍ਰਿਕ ਗਿਣਤ ਸਿਧਾਂਤ, 365.2563 ਦਿਨ) ਛਾਪਣਾ ਹੈ ਤਾਂ ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਹੀ ਦਰਜ ਕਰੇ। ਜਿਵੇ ਵੈਸਾਖੀ ਹਰ ਸਾਲ 1 ਵੈਸਾਖ ਦੀ ਦਰਜ ਕਰਦੀ ਹੈ। ਇਸੇ ਤਰ੍ਹਾਂ ਹੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਵੀ ਹਰ ਸਾਲ 25 ਅੱਸੂ ਦਾ ਹੀ ਦਰਜ ਹੋਣਾ ਚਾਹੀਦਾ ਹੈ। ਜੇ ਪਿਛਲੇ ਸਾਲ ਭਾਵ ਸੰਮਤ 2079 ਬਿਕ੍ਰਮੀ (2022 ਈ:) ਵਿੱਚ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ 25 ਅੱਸੂ ਨੂੰ ਮਨਾਉਣ ਨਾਲ ਕੋਈ ਧਾਰਮਿਕ ਅਵੱਗਿਆ ਨਹੀਂ ਹੋਈ ਤਾਂ ਹਰ ਸਾਲ ਅਜੇਹਾ ਕਿਉ ਨਹੀਂ ਕੀਤਾ ਜਾ ਸਕਦਾ ?

### ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਪ੍ਰਵਿਸ਼ਟਾ

| ਨਾਨਕਸ਼ਾਹੀ ਸੰਮਤ | ਪ੍ਰਵਿਸ਼ਟਾ | ਨਾਨਕਸ਼ਾਹੀ |
|---|---|---|
| 546 (14-15) | 24 ਅੱਸੂ | 25 ਅੱਸੂ |
| 547 (15-16) | 13 ਕੱਤਕ | 25 ਅੱਸੂ |
| 548 (16-17) | 2 ਕੱਤਕ | 25 ਅੱਸੂ |
| 549 (17-18) | 22 ਅੱਸੂ | 25 ਅੱਸੂ |
| 550 (18-19) | 10 ਕੱਤਕ | 25 ਅੱਸੂ |
| 551 (19-20) | 29 ਅੱਸੂ | 25 ਅੱਸੂ |
| 552 (20-21) | 17 ਕੱਤਕ | 25 ਅੱਸੂ |
| 553 (21-22) | 6 ਕੱਤਕ | 25 ਅੱਸੂ |
| 554 (22-23) | 25 ਅੱਸੂ | 25 ਅੱਸੂ |
| 555 (23-24) | 14 ਕੱਤਕ | 25 ਅੱਸੂ |

# ਨਿਰਮਲਤਾ ਦੇ ਪੁੰਜ ਸ੍ਰੀ ਗੁਰੂ ਰਾਮਦਾਸ ਜੀ

ਬੀਬੀ ਜਗੀਰ ਕੌਰ

ਸਿੱਖੀ ਦੇ ਬੂਟੇ ਦੀ ਜੜ੍ਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲਗਾਈ ਅਤੇ ਇਸ ਬੂਟੇ ਦੀ ਪਫੁੱਲਤਾ ਅਤੇ ਸਾਂਭ-ਸੰਭਾਲ ਅੱਗੋਂ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਆਪਣੇ ਜੀਵਨ ਕਾਲ ਦੌਰਾਨ ਕਰਦੇ ਰਹੇ। ਇਸ ਤਰ੍ਹਾਂ ਸਿੱਖੀ ਜੀਵਨ-ਜਾਂਚ ਸਿਖਾਉਣ ਲਈ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਕਾਰਜ ਵਾਸਤੇ ਭਾਈ ਲਹਿਣਾ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ, ਬਾਬਾ ਅਮਰਦਾਸ ਜੀ ਤੋਂ ਸ੍ਰੀ ਗੁਰੂ ਅਮਰਦਾਸ ਜੀ ਅਤੇ ਭਾਈ ਜੇਠਾ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਪ੍ਰਗਟ ਹੋਏ। ਸ੍ਰੀ ਗੁਰੂ ਰਾਮਦਾਸ ਜੀ ਨੇ ਚੌਥੇ ਪਾਤਸ਼ਾਹ ਦੇ ਰੂਪ ਵਿਚ ਗੁਰੂ ਨਾਨਕ ਜੋਤਿ ਨੂੰ ਧਾਰਨ ਕੀਤਾ ਅਤੇ ਸਰਬ ਲੋਕਾਈ ਦਾ ਮਾਰਗ ਦਰਸ਼ਨ ਕਰਕੇ ਜੀਵਨ ਜੁਗਤਿ ਸਮਝਾਈ। ਗੁਰੂ ਸਾਹਿਬ ਦੀ ਧੰਨਤਾ ਨੂੰ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ ਰਾਮਕਲੀ ਵਾਰ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ...

**ਧੰਨੁ ਧੰਨੁ ਰਾਮਦਾਸ ਗੁਰੁ**
**ਜਿਨਿ ਸਿਰਿਆ ਤਿਨੈ ਸਵਾਰਿਆ ॥**
**ਪੂਰੀ ਹੋਈ ਕਰਾਮਾਤਿ ਆਪਿ**
**ਸਿਰਜਣਹਾਰੈ ਧਾਰਿਆ ॥**
**ਸਿਖੀ ਅਤੈ ਸੰਗਤੀ**
**ਪਾਰਬ੍ਰਹਮੁ ਕਰਿ ਨਮਸਕਾਰਿਆ ॥**
**ਅਟਲੁ ਅਥਾਹੁ ਅਤੋਲੁ ਤੂ**
**ਤੇਰਾ ਅੰਤੁ ਨ ਪਾਰਾਵਾਰਿਆ ॥ (ਪੰਨਾ 968)**

ਗੁਰੂ ਸਾਹਿਬ ਜੀ ਨਿਰਮਲਤਾ ਦੇ ਪੁੰਜ ਸਨ। ਇਸ ਲਈ ਗੁਰਿਆਈ ਦੀ ਜ਼ਿੰਮੇਵਾਰੀ ਚੁੱਕਣ ਲਈ ਅਕਾਲ ਪੁਰਖ ਵੱਲੋਂ ਪ੍ਰਵਾਨਿਤ ਹੋਏ। ਸ੍ਰੀ ਗੁਰੂ ਰਾਮਦਾਸ ਜੀ ਸੰਤੁਸ਼ਟ ਜੀਵਨ ਦੇ ਮਾਲਕ, ਸੰਤ ਸੁਭਾਅ ਤੇ ਸੇਵਾ ਦੀ ਮੂਰਤ ਬਾਬਾ ਹਰਿਦਾਸ ਅਤੇ ਮਾਤਾ ਦਇਆ ਕੌਰ ਜੀ ਦੇ ਗ੍ਰਹਿ ਪ੍ਰਗਟ ਹੋਏ। ਗੁਰੂ ਜੀ ਦਾ ਆਗਮਨ ਕੱਤਕ ਵਦੀ 2 (25 ਅੱਸੂ) ਸੰਮਤ 1591 (1534 ਈ:) ਨੂੰ ਲਾਹੌਰ ਸ਼ਹਿਰ ਦੀ ਚੂਨਾ ਮੰਡੀ ਵਿਖੇ ਹੋਇਆ। ਛੋਟੀ ਉਮਰੇ ਗੁਰੂ ਜੀ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੇ ਬਜ਼ੁਰਗ ਨਾਨੀ ਜੀ ਬਾਸਰਕੇ ਗਿੱਲਾਂ ਸ੍ਰੀ ਅੰਮ੍ਰਿਤਸਰ ਵਿਖੇ ਲੈ ਆਏ। ਪਰਿਵਾਰਕ ਗੁਜ਼ਾਰੇ ਲਈ ਇਥੇ ਘੁੰਡਣੀਆਂ ਵੇਚੀਆਂ। ਪੰਥ ਪ੍ਰਕਾਸ਼ ਵਿਚ ਜ਼ਿਕਰ ਹੈ-

**ਮਾਤ ਪਿਤਾ ਪਰਲੋਕ ਸਿਧਾਰੇ।**
**ਰਹਿਓ ਨਾਨਕ ਸੁਖੀ ਅਪਾਰੇ।**
**ਬਾਸਰ ਕੇ ਪਿੰਡ ਸੋਊ ਰਹਾਵੈ।**
**ਬੇਚ ਘੁੰਗਣੀ ਕ੍ਰਿਤ ਚਲਾਵੇ।**

ਬਾਸਰਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਕਾਸ਼ ਨਗਰੀ ਸੀ। ਇਥੋਂ ਦੇ ਬਹੁਤੇ ਲੋਕ ਗੁਰੂ ਦਰਸ਼ਨਾਂ ਲਈ ਸ੍ਰੀ ਗੋਇੰਦਵਾਲ ਸਾਹਿਬ ਜਾਇਆ ਕਰਦੇ ਸਨ। ਭਾਈ ਜੇਠਾ ਜੀ ਨੇ ਵੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ। ਉਹ ਵੀ ਸੰਗਤ ਵਿਚ



ਤਨੋਂ, ਮਨੋਂ ਸੇਵਾ ਕਰਦੇ ਤੇ ਆਪਣਾ ਗੁਜ਼ਾਰਾ ਘੁੰਙਣੀਆਂ ਵੇਚ ਕੇ ਕਰਦੇ। ਗੁਰਬਾਣੀ, ਸਤਿਸੰਗਤ ਅਤੇ ਗੁਰੂ ਸੇਵਾ ਦਾ ਰੰਗ ਭਾਈ ਜੇਠਾ ਜੀ 'ਤੇ ਚੜ੍ਹਨ ਲੱਗ ਪਿਆ। ਨਿਮਰਤਾ, ਮਿੱਠੀ ਬੋਲ-ਬਾਣੀ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਧਿਆਨ ਭਾਈ ਜੇਠਾ ਜੀ ਵੱਲ ਖਿੱਚਿਆ। ਸੇਵਾ, ਘਾਲ ਤੇ ਸਿਰੜ ਨੇ ਭਾਈ ਜੇਠਾ ਜੀ ਨੂੰ ਤੀਜੇ ਪਾਤਸ਼ਾਹ ਜੀ ਦੇ ਨਜ਼ਦੀਕ ਲੈ ਆਂਦਾ। ਸਾਂਝ ਦੀ ਗੰਢ ਪੈਣੀ ਸ਼ੁਰੂ ਹੋ ਗਈ। ਗੁਰੂ-ਪਰਿਵਾਰ ਦੇ ਨਜ਼ਦੀਕ ਰਹਿੰਦਿਆਂ ਭਾਈ ਜੇਠਾ ਜੀ ਨੇ ਸੇਵਾ ਘਾਲ ਕਮਾਈ ਅਤੇ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ।

ਸਤਿਗੁਰਾਂ ਦੇ ਪਾਵਨ ਵਚਨਾਂ ਸਦਕਾ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ ਗਿਆ। ਭਾਈ ਜੇਠਾ ਜੀ ਸੇਵਕ ਤੋਂ ਜਵਾਈ ਬਣ ਗਏ ਪਰ ਜਵਾਈ ਭਾਈ ਵਾਲਾ ਰਿਸ਼ਤਾ ਗੁਰੂ-ਦਰਬਾਰੀ ਸੇਵਾ ਵਿਚ ਕਦੇ ਬੋਝ ਨਾ ਬਣਿਆ। ਨਿੱਤ ਦੀ ਤਰ੍ਹਾਂ ਬਾਉਲੀ ਦੀ ਗਾਰ ਕੱਢਣਾ, ਲੰਗਰਾਂ ਦੀ ਸੇਵਾ, ਸੰਗਤਾਂ ਦੀ ਸੇਵਾ ਨਿਰੰਤਰ ਜਾਰੀ ਰਹੀ। ਇੱਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਨੇ ਸਿਰ 'ਤੇ ਟੋਕਰਾ ਚੁੱਕੀ ਵੇਖ ਕੇ ਤਾਅਨੇ ਵੀ ਮਾਰੇ ਪਰ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਇਸ ਮਿਹਣੇ ਦਾ ਪਤਾ ਲੱਗਾ ਤਾਂ ਆਪ ਜੀ ਨੇ ਫਰਮਾਇਆ ਇਹ ਮਿੱਟੀ ਗਾਰੇ ਦਾ ਟੋਕਰਾ ਨਹੀਂ, ਇਹ ਤਾਂ ਦੀਨ ਦੁਨੀ ਦਾ ਸਿਰ ਛੱਤਰ ਹੈ। ਇਹ ਸੁਣ ਭਾਈ ਜੇਠਾ ਜੀ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਤੀਜੇ ਪਾਤਸ਼ਾਹ ਜੀ ਨੇ ਭਾਈ ਜੇਠਾ ਜੀ ਦੀ ਘਾਲ ਤੋਂ ਪ੍ਰਸੰਨ ਹੋ ਕੇ ਮਿੱਟੀ ਦਾ ਟੋਕਰਾ ਸਿਰ ਲੁਹਾ ਕੇ ਗੁਰਿਆਈ ਦੇ ਛਤਰ ਦੀ ਬਖਸ਼ਿਸ਼ ਕਰ ਦਿੱਤੀ।

ਇਸ ਤਰ੍ਹਾਂ ਭਾਈ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਪ੍ਰਵਾਨ ਹੋਏ। ਭਾਈ ਗੁਰਦਾਸ ਜੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਿੱਖੀ ਦਾ ਥੰਮ੍ਹ ਦੱਸਦੇ ਹਨ ਅਤੇ ਉਨ੍ਹਾਂ ਨੂੰ ਅਜਿਹਾ ਵਣਜ ਵਪਾਰੀ ਕਿਹਾ ਹੈ ਜੋ ਅਗੁਣਾਂ ਬਦਲੇ ਗੁਣ ਬਖਸ਼ਿਸ਼ ਕਰਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਲੈਣ ਤੋਂ ਬਾਅਦ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਉੱਦਮ-ਉਪਰਾਲੇ ਸ਼ੁਰੂ ਕੀਤੇ। ਗੁਰੂ ਘਰ ਦੀ ਹਰ ਪੱਖ ਤੋਂ ਮਜ਼ਬੂਤੀ ਲਈ ਜਿੱਥੇ ਮਸੰਦ ਸੰਸਥਾ ਦੀ ਨੀਂਹ ਰੱਖੀ, ਉਥੇ ਸਿੱਖੀ ਦੇ ਨਵੇਂ ਕੇਂਦਰ ਜਿਸ ਨੇ ਆਉਣ ਵਾਲੇ ਸਮੇਂ ਵਿਚ ਕੇਂਦਰੀ ਸਥਾਨ ਦਾ ਗੌਰਵ ਪ੍ਰਾਪਤ ਕਰਨਾ ਸੀ, ਬਾਰੇ ਵਿਉਂਤ ਸੋਚੀ। ਸ੍ਰੀ ਗੁਰੂ ਅਮਰਦਾਸ ਜੀ ਦੀ ਸੋਚ ਅਨੁਸਾਰ ਚੱਕ ਗੁਰੂ ਦੀ ਨੀਂਹ ਰੱਖੀ ਜੋ ਪਿੱਛੇ ਚੱਕ ਰਾਮਦਾਸ ਪੁਰ ਅਤੇ ਫਿਰ ਸ੍ਰੀ ਅੰਮ੍ਰਿਤਸਰ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਸ੍ਰੀ ਅੰਮ੍ਰਿਤਸਰ ਸਾਹਿਬ ਅੱਜ ਦੁਨੀਆ ਦੇ ਗੌਰਵਮਈ ਇਤਿਹਾਸ ਦਾ ਇਕ ਅਧਿਆਤਮਕ ਕੇਂਦਰ ਹੈ, ਜੋ ਸਿੱਖ ਜਗਤ ਨੂੰ ਚੌਥੇ ਪਾਤਸ਼ਾਹ ਜੀ ਦੀ ਵੱਡੀ ਦੇਣ ਹੈ।

ਸ੍ਰੀ ਗੁਰੂ ਰਾਮਦਾਸ ਜੀ ਦੀਆਂ ਬਹੁਤ ਬਖਸ਼ਿਸ਼ਾਂ ਹਨ। ਉਨ੍ਹਾਂ ਦੇ ਉਪਦੇਸ਼ ਜੀਵਨ ਨੂੰ ਅੰਮ੍ਰਿਤਮਈ ਬਣਾਉਣ ਵਾਲੇ ਹਨ। ਉਨ੍ਹਾਂ ਦੇ ਕਾਰਜ ਮਨੁੱਖ ਨੂੰ ਆਤਮਿਕ ਅਤੇ ਸਮਾਜਿਕ ਵਿਕਾਸ ਅਤੇ ਵਿਗਾਸ ਦਾ ਰਾਹ ਦਿਖਾਉਂਦੇ ਹਨ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਮਹੱਤਵ ਹੋਰ ਵੀ ਵਧੇਰੇ ਅਤੇ ਅਸਰਦਾਇਕ ਹੈ। ਮੇਰੀ ਸਮੁੱਚੀਆਂ ਗੁਰੂ ਨਾਨਕ ਨਾਮਲੇਵਾ ਸੰਗਤਾਂ ਨੂੰ ਅਪੀਲ ਹੈ ਕਿ ਚੌਥੇ ਗੁਰੂ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਬਾਣੀ ਦੇ ਦਰਸਾਏ ਹੋਏ ਮਾਰਗ ਅਨੁਸਾਰ ਆਪਣੀਆਂ ਜੀਵਨ ਸੇਧਾਂ ਨਿਰਧਾਰਿਤ ਕਰੀਏ। ਗੁਰੂ ਸਾਹਿਬ ਵਰਗੀ ਨਿਮਰਤਾ ਦੇ ਧਾਰਨੀ ਬਣੀਏ।

ਪ੍ਰਗਟ ਦਿਵਸ 'ਤੇ ਵਿਸ਼ੇਸ਼

# ਰਮਾਇਣ ਦੇ ਰਚੇਤਾ ਤੇ ਕਾਵਿ ਦੇ ਮੋਢੀ ਸਨ ਮਹਾਂਰਿਸ਼ੀ ਵਾਲਮੀਕਿ ਜੀ

ਇੰਜੀ. ਸਤਨਾਮ ਸਿੰਘ ਮੱਟੂ

ਭਾਰਤ ਦੀ ਧਰਤੀ ਨੂੰ ਇਹ ਸ਼ੁੱਭ ਮਾਣ ਪ੍ਰਾਪਤ ਹੈ ਕਿ ਇਸ ਧਰਤੀ 'ਤੇ ਚਾਰ ਵੇਦਾਂ ਸਮੇਤ ਰਮਾਇਣ, ਮਹਾਂਭਾਰਤ ਅਤੇ ਭਗਵਤ ਗੀਤਾ ਦੀ ਸਿਰਜਣਾ ਹੋਈ ਹੈ। ਇਹਨਾਂ 'ਚੋਂ ਰਮਾਇਣ



ਦੇ ਸਿਰਜਣਹਾਰ ਮਹਾਂਰਿਸ਼ੀ ਵਾਲਮੀਕਿ ਜੀ ਹਨ ਅਤੇ ਮਹਾਂਭਾਰਤ ਦੀ ਰਚਨਾ ਵੇਦ ਵਿਆਸ ਜੀ ਨੇ ਇਸੇ ਨੂੰ ਆਧਾਰ ਬਣਾ ਕੇ ਕੀਤੀ ਸੀ। ਮਹਾਂਰਿਸ਼ੀ ਵਾਲਮੀਕਿ ਜੀ ਨੇ ਰਮਾਇਣ ਦੀ ਰਚਨਾ ਕਰਦਿਆਂ ਸੰਸਕ੍ਰਿਤ ਭਾਸ਼ਾ ਨੂੰ ਕਾਵਿ ਰੂਪ ਵਿਚ ਪੇਸ਼ ਕੀਤਾ ਸੀ, ਇਸੇ ਕਰਕੇ ਸੰਸਕ੍ਰਿਤ ਸਾਹਿਤ ਵਿੱਚ ਉਚਾਰੀ ਰਮਾਇਣ ਇੱਕ ਮਹਾਨ ਆਦਿ ਕਾਵਿ ਹੈ। ਰਮਾਇਣ ਦੀ ਰਚਨਾ ਸੰਸਕ੍ਰਿਤ ਭਾਸ਼ਾ 'ਚ ਹੋਈ ਹੋਣ ਕਾਰਨ ਮਹਾਂਰਿਸ਼ੀ ਵਾਲਮੀਕਿ ਜੀ ਨੂੰ ਸੰਸਕ੍ਰਿਤ ਭਾਸ਼ਾ ਦਾ ਜਨਮਦਾਤਾ ਮੰਨਿਆ ਜਾਂਦਾ ਹੈ।

ਮਹਾਂਰਿਸ਼ੀ ਵਾਲਮੀਕਿ ਜੀ ਦਾ ਪੁਰਾਣਾਂ ਮੁਤਾਬਿਕ ਪੂਰਾ ਨਾਂਅ ਰਤਨਾਕਰ ਪ੍ਰਚੇਤਾ ਵਾਲਮੀਕਿ ਸੀ। ਭਾਵੇਂ ਉਹਨਾਂ ਦੇ ਜਨਮ ਸਬੰਧੀ ਇਤਿਹਾਸਕਾਰਾਂ 'ਚ ਮੱਤਭੇਦ ਹਨ, ਉਂਜ ਉਹਨਾਂ ਦਾ ਜਨਮ ਅੱਸੂ ਮਹੀਨੇ ਦੀ ਪੂਰਨਮਾਸ਼ੀ ਨੂੰ ਹੋਇਆ ਮੰਨਿਆ ਜਾਂਦਾ ਹੈ।

ਇਸ ਤਰ੍ਹਾਂ ਹਰ ਸਾਲ ਮਹਾਨ ਤਪੱਸਵੀ, ਵਿਦਵਾਨ, ਧਰਮ ਦੇ ਗਿਆਤਾ, ਸੰਸਕ੍ਰਿਤ ਦੇ ਮੋਢੀ, ਮਹਾਂਕਵੀ, ਰਮਾਇਣ ਦੇ ਸਿਰਜਕ ਮਹਾਂਰਿਸ਼ੀ ਵਾਲਮੀਕਿ ਦਾ ਜਨਮ ਅੱਸੂ ਦੀ ਪੂਰਨਮਾਸ਼ੀ ਨੂੰ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਰਮਾਇਣ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਗ੍ਰੰਥ ਦੀ ਰਚਨਾ ਸੰਸਕ੍ਰਿਤ ਅਤੇ ਕਾਵਿ ਰੂਪ 'ਚ ਹੋਈ ਹੋਵੇ। ਇਸ ਵਾਲਮੀਕਿ ਭਾਈਚਾਰੇ ਦੇ ਗੁਰੂ, ਸਰਬ ਗਿਆਤਾ, ਤੇਜੱਸਵੀ ਦੇ ਜਨਮ ਸਥਾਨ ਬਾਰੇ ਇਤਿਹਾਸਕ ਪੁਸ਼ਟੀ ਨਹੀਂ ਮਿਲਦੀ, ਪਰ ਉਹਨਾਂ ਦਾ ਬੁੰਦੇਲਖੰਡ ਦੀਆਂ ਚਿੱਤਰਕੂਟ ਪਹਾੜੀਆਂ 'ਚ ਭਗਤੀ ਸਥਾਨ ਮੰਨਿਆ ਜਾਂਦਾ ਹੈ।

ਮਹਾਂਰਿਸ਼ੀ ਵਾਲਮੀਕਿ ਤ੍ਰੇਤੇ ਯੁੱਗ ਦੇ ਸਰਵਸ੍ਰੇਸ਼ਟ ਅਤੇ ਭਗਵਾਨੀ ਦਿੱਬ ਦ੍ਰਿਸ਼ਟੀ ਵਾਲੇ ਮਹਾਨ ਰਿਸ਼ੀ ਹੋਏ ਹਨ। ਉਹਨਾਂ ਦੇ ਜੀਵਨ ਸਬੰਧੀ ਜਾਣਕਾਰੀ ਉਹਨਾਂ ਦੁਆਰਾ ਰਚਿਤ ਗ੍ਰੰਥ ਰਮਾਇਣ 'ਚੋਂ ਮਿਲਦੀ ਹੈ। ਰਮਾਇਣ ਦੇ ਉੱਤਰ ਕਾਂਡ ਸਲੋਕ 24 ਅਧਿਆਏ 19 ਮੁਤਾਬਿਕ ਮਹਾਂਰਿਸ਼ੀ ਵਾਲਮੀਕਿ ਜੀ ਨੇ ਫੁਰਮਾਇਆ ਹੈ:-

**ਪ੍ਰਚੇਤੇ ਸੋਹੰ ਦਸਮ ਪੁਤਰ ਰਾਘਵ ਨੰਦਨ।**
**ਨਾ ਸਿੰਗਰਾਮ ਯੰਤ੍ਰ ਵਾਕ ਮਮੋਤੇ ਤਵ ਪੁਤਰੋ।।**

ਇਸ ਸਲੋਕ ਮੁਤਾਬਿਕ ਉਹ ਪ੍ਰਚੇਤਾ ਜੀ ਦੇ ਦਸਵੇਂ ਪੁੱਤਰ ਅਤੇ ਮਾਤਾ ਦਾ ਨਾਂਅ ਚਰਸ਼ਨੀ ਜੀ ਹੈ। ਕੁੱਝ ਵਿਦਵਾਨ ਇਹ ਸੁਝਾਅ ਦਿੰਦੇ ਹਨ ਕਿ ਪ੍ਰਚੇਤਾ ਜੀ ਰਤਨਾਪੁਰੀ (ਮੁਲਤਾਨ) ਦੇ ਰਾਜਾ ਸਨ। ਮਹਾਂਰਿਸ਼ੀ ਵੇਦ ਵਿਆਸ ਨੇ 'ਸਕੰਦ ਪੁਰਾਣ' 'ਚ ਮਹਾਂਰਿਸ਼ੀ ਵਾਲਮੀਕਿ ਦੀ ਜੀਵਨੀ ਦਾ ਵਰਣਨ ਕਰਦਿਆਂ ਉਹਨਾਂ ਨੂੰ ਪੁਰਾਣੇ ਗੁਰੂ ਅਤੇ ਇਸ ਜੀਵ ਬ੍ਰਹਿਮੰਡ ਦੇ ਗੁਰੂ ਮੰਨਿਆ ਹੈ। ਉਹ ਭਗਤੀ ਵਿੱਚ ਇਤਨੇ ਲੀਨ ਹੋਏ ਕਿ ਉਹਨਾਂ ਦੀ ਪਰਮਾਤਮਾ ਨਾਲ ਲਿਵ ਲੱਗ ਗਈ ਸੀ। ਉੱਥੋਂ ਜੰਗਲ 'ਚੋਂ ਗੁਜਰਦੇ ਸਾਧੂਆਂ ਦੀ ਟੋਲੀ ਨੇ ਉਹਨਾਂ ਨੂੰ ਵਰਮੀ 'ਚੋਂ ਕੱਢ ਕੇ ਉਜਾਗਰ ਕੀਤਾ ਸੀ। ਉਹਨਾਂ ਉਸ ਵੇਲੇ ਇਸ ਧਰਤੀ 'ਤੇ ਅਵਤਾਰ ਧਾਰਿਆ, ਜਦੋਂ ਹਿੰਦੂਵਾਦੀ ਤਾਕਤਾਂ ਦੇ ਜ਼ੋਰ ਗਰੀਬਾਂ , ਸ਼ੂਦਰਾਂ, ਮਰਜੀਵੜਿਆਂ 'ਤੇ ਧਰਮ ਦੇ ਨਾਂਅ 'ਤੇ ਜ਼ੁਲਮ ਅਤੇ ਵਿਤਕਰੇ ਭਰਿਆ ਵਿਵਹਾਰ ਕੀਤਾ ਜਾਂਦਾ ਸੀ। ਹਰ ਪਾਸੇ ਕੂੜ ਪ੍ਰਧਾਨ ਅਤੇ ਅੱਤਿਆਚਾਰ ਦਾ ਬੋਲਬਾਲਾ ਸੀ। ਉਹਨਾਂ ਰਮਾਇਣ ਦੀ ਸਿਰਜਣਾ ਕਰਕੇ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਕੀਤੀ।

ਰਘੁਕੁਲ ਰੀਤ ਸਦਾ ਚਲੀ ਆਈ, ਪ੍ਰਾਣ ਜਾਇ ਪਰ ਬਚਨ ਨਾ ਜਾਈ, ਨੂੰ ਆਧਾਰ ਬਣਾ ਕੇ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕੀਤਾ। ਇੱਕ ਆਮ ਵਿਆਕਤੀ ਦੇ ਮਿਹਣਾ ਮਾਰਨ 'ਤੇ ਸ੍ਰੀ ਰਾਮ ਵੱਲੋਂ ਸੀਤਾ ਨੂੰ ਘਰੋਂ ਕੱਢ ਦੇਣ 'ਤੇ ਉਸਨੂੰ ਆਪਣੀ ਗਰੀਬ ਅਤੇ ਭਗਤੀ ਵਾਲੀ ਕੁਟੀਆ 'ਚ ਨਿਵਾਸ ਦੇ ਕੇ ਇਸਤਰੀ ਜਾਤੀ ਦੀ ਇੱਜ਼ਤ ਆਬਰੂ ਨੂੰ ਬਰਕਰਾਰੀ ਦਾ ਸੰਦੇਸ਼ ਦਿੱਤਾ।

ਉਹਨਾਂ ਦੁਆਰਾ ਰਚਿਤ ਰਮਾਇਣ ਦੇ ਅਧਿਐਨ ਨਾਲ ਧਰਮ, ਕਰਮ, ਸੰਸਕ੍ਰਿਤੀ, ਪਿਆਰ, ਸੰਯੋਗ, ਵਿਯੋਗ, ਯੋਗ, ਪਤੀ-ਪਤਨੀ, ਮਾਤਾ-ਪਿਤਾ, ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ, ਧਾਰਮਿਕ ਅਤੇ ਰਾਜਨੀਤਕ ਰਣਨੀਤੀਆਂ ਦੀ ਸੂਝ-ਬੂਝ ਲਈ ਜਾ ਸਕਦੀ ਹੈ। ਇਸ ਦੇ ਡੂੰਘਾਈ ਨਾਲ ਕੀਤੇ ਅਧਿਐਨ ਨਾਲ ਮਾਨਵਤਾਵਾਦੀ, ਗੁਰੂ-ਚੇਲਾ, ਸੇਵਾ ਭਾਵਨਾ, ਤਿਆਗ ਦੀ ਭਾਵਨਾ ਅਤੇ ਮਿੱਤਰਤਾ ਦੀ ਨੀਂਹ ਨੂੰ ਪ੍ਰਫੁਲਿਤ ਕਰਨ ਦੀ ਸ਼ਕਤੀ ਪ੍ਰਦਾਨ ਹੁੰਦੀ ਹੈ। ਜਗਤ ਗੁਰੂ, ਮਹਾਂਪੁਰਸ਼ ਗਿਆਨੀ ਮਹਾਂਰਿਸ਼ੀ ਵਾਲਮੀਕਿ ਮਨੁੱਖੀ ਜੀਵਨ ਦਾ ਕਲਿਆਣ ਕਰਨ, ਦੀਨ-ਦੁਖੀਆਂ ਦੇ ਦੁੱਖ ਹਰਨ, ਸੱਤਿਅਮ ਸ਼ਿਵਮ ਸੁੰਦਰਮ ਆਦਿ ਦਾ ਸੰਦੇਸ਼ ਦੇਣ ਇਸ ਧਰਤੀ 'ਤੇ ਆਏ ਸਨ। ਉਹਨਾਂ ਦੀ ਕਰੜੀ ਅਤੇ ਘੋਰ ਤਪੱਸਿਆ ਕਾਰਨ ਹੀ ਉਹਨਾਂ ਨੂੰ ਰਿਧੀਆਂ-ਸਿਧੀਆਂ ਅਤੇ ਪਰਮਾਤਮਾ ਦਾ ਗਿਆਨ ਹੋਇਆ ਸੀ ਵਾਲਮੀਕਿ ਜੀ ਨੂੰ ਹਿੰਦੁਸਤਾਨ ਦੇ ਪਹਿਲੇ ਮਹਾਂਰਿਸ਼ੀ ਹੋਣ ਦਾ ਮਾਣ ਪ੍ਰਾਪਤ ਹੈ।



ਇੱਕ ਦਿਨ ਉਹ ਤਮਸਾ ਨਦੀ ਵੱਲ ਸੰਘਣੇ ਜੰਗਲ 'ਚੋਂ ਗੁਜਰ ਰਹੇ ਸਨ। ਸ਼ਿਕਾਰੀ ਦੇ ਤੀਰ ਨਾਲ ਨਰ ਪੰਛੀ ਦੇ ਮੂਰਛਿਤ ਹੋਣ 'ਤੇ ਮਾਦਾ ਪੰਛੀ ਦੀ ਦਰਦਨਾਕ ਆਵਾਜ਼ ਨੇ ਉਹਨਾਂ ਦੇ ਦਿਲ ਨੂੰ ਵਲੂੰਧਰ ਦਿੱਤਾ। ਉਹਨਾਂ ਆਪਣੇ ਕੋਮਲ ਵਲੂੰਧਰੇ ਮਨ ਦੇ ਸ਼ਬਦਾਂ ਨਾਲ ਸ਼ਿਕਾਰੀ ਨੂੰ ਜੋ ਸਰਾਪ ਦਿੱਤਾ, ਉਹ ਸ਼ਬਦ ਸੰਸਕ੍ਰਿਤ ਦਾ ਪਹਿਲਾ ਸਲੋਕ ਬਣੇ ਸਨ। ਮਿੱਥ ਮੁਤਾਬਿਕ ਬ੍ਰਹਮਾ ਦੇਵਤਾ ਦੀ ਪ੍ਰੇਰਨਾ ਸਦਕਾ ਨਾਰਦ ਮੁਨੀ ਦੇ ਕਹਿਣ 'ਤੇ ਉਹਨਾਂ ਅਯੁੱਧਿਆ ਦੇ ਰਾਜਾ ਰਾਮ ਚੰਦਰ ਦਾ ਜੀਵਨ ਬਿਰਤਾਂਤ ਲਿਖਿਆ, ਜਿਸਨੂੰ ਰਮਾਇਣ ਦਾ ਨਾਂਅ ਦਿੱਤਾ ਗਿਆ। ਤ੍ਰੈਕਾਲ ਦਰਸ਼ੀ ਮਹਾਂਰਿਸ਼ੀ ਨੇ ਆਪਣੀ ਦੂਰਦ੍ਰਿਸ਼ਟੀ ਨਾਲ ਸਾਰੀਆਂ ਘਟਨਾਵਾਂ ਨੂੰ ਵਾਚ ਕੇ ਹੂਬਹੂ ਪੇਸ਼ ਕੀਤਾ ਹੈ।

ਮਹਾਂਰਿਸ਼ੀ ਵਾਲਮੀਕਿ ਵਿੱਚ ਭਗਵਾਨ ਵਾਲੀਆਂ ਸਾਰੀਆਂ ਖ਼ੂਬੀਆਂ ਸਨ। ਇਸੇ ਕਰਕੇ ਉਹਨਾਂ ਨੂੰ ਭਗਵਾਨ ਵਾਲਮੀਕਿ ਦੀ ਸੰਘਿਆ ਵੀ ਦਿੱਤੀ ਜਾਂਦੀ ਹੈ। ਭਗਵਾਨ ਵਾਲਮੀਕਿ ਦੀ ਰਚੀ ਰਮਾਇਣ ਤੋਂ ਸਾਰੇ ਵਿਸ਼ਵ ਨੂੰ ਸਮਾਜਿਕ, ਰਾਜਨੀਤਕ, ਵਿਗਿਆਨਕ, ਧਾਰਮਿਕ ਦ੍ਰਿਸ਼ਟੀਕੋਣ ਤੋਂ ਵਡਮੁੱਲੀ ਸੇਧ ਮਿਲਦੀ ਹੈ। 13 ਅਕਤੂਬਰ ਨੂੰ ਉਹਨਾਂ ਦਾ ਜਨਮ ਦਿਵਸ ਵਾਲਮੀਕਿ ਭਾਈਚਾਰੇ ਵੱਲੋਂ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਆਓ! ਉਹਨਾਂ ਦੀਆਂ ਸਿੱਖਿਆਵਾਂ ਨੂੰ ਜੀਵਨ 'ਚ ਧਾਰਨ ਕਰਕੇ ਸੁਚੱਜਾ, ਸਵੱਛ, ਸਮਾਜਿਕ ਕਦਰਾਂ-ਕੀਮਤਾਂ ਭਰਪੂਰ ਇਨਸਾਨੀਅਤ ਭਰਿਆ ਜੀਵਣ ਜਿਉਣ ਦਾ ਪ੍ਰਣ ਕਰੀਏ।

## ਭਗਵਾਨ ਵਾਲਮੀਕਿ ਜੀ ਦਾ ਉਪਦੇਸ਼ ਤੇ ਸਿੱਖਿਆਵਾਂ

ਭਗਵਾਨ ਵਾਲਮੀਕਿ ਜੀ ਨੇ ਆਪਣੇ ਮਹਾ-ਕਾਵਿ ਦੀ ਰਚਨਾ ਕਰਕੇ ਭਾਰਤੀ ਦਰਸ਼ਨ ਦਾ ਮੁੱਢ ਬੰਨ੍ਹ ?ਆ, ਜਿਸ ਵਿਚ ਉਨ੍ਹਾਂ ਨੇ ਆਪਣਾ ਰੂਹਾਨੀ ਤਜ਼ਰਬਾ ਦੱਸ ਕੇ ਮਨੁੱਖਤਾ ਨੂੰ ਸੁਚੱਜਾ ਜੀਵਨ ਜਿਊਣ ਦੀ ਯੁਕਤੀ ਦੱਸੀ। ਭਗਵਾਨ ਵਾਲਮੀਕਿ ਜੀ ਨੇ ਜਿਥੇ ਆਪਣੀ ਬਾਣੀ ਰਾਹੀਂ ਭਗਤੀ ਭਾਵ ਦਾ ਜ਼ਿਕਰ ਕੀਤਾ ਹੈ, ਉਥੇ ਸਮਾਜਿਕ ਪੱਖ ਨੂੰ ਵੀ ਬਰਾਬਰੀ ਦਾ ਦਰਜਾ ਦਿੱਤਾ ਹੈ।



ਭਗਵਾਨ ਵਾਲਮੀਕਿ ਜੀ ਦੀ ਰਚਨਾ 'ਰਾਮਾਇਣ' 'ਚ ਸ੍ਰੇਸ਼ਟਤਾ ਅਤੇ ਸਵੀਕਾਰਤਾ ਅੱਜ ਵੀ ਓਨੀ ਠੋਸ ਅਤੇ ਪ੍ਰਭਾਵਸ਼ਾਲੀ ਹੈ, ਜਿੰਨੀ ਉਨ੍ਹਾਂ ਦੇ ਜੀਵਨ ਕਾਲ ਵਿਚ ਸੀ। ਅੱਜ ਵੀ ਰਾਮਾਇਣ ਦੀ ਸਿੱਖਿਆ ਦਾ ਗਹਿਰਾ ਪ੍ਰਭਾਵ ਪੀੜੀ ਦਰ ਪੀੜੀ ਦੇਖਿਆ ਅਤੇ ਮਹਿਸੂਸ ਕੀਤਾ ਜਾਂਦਾ ਹੈ। ਭਾਰਤੀ ਲੋਕ ਅੱਜ ਵੀ ਰਾਮਾਇਣ ਅਤੇ ਰਾਮਾਇਣ ਦੇ ਨਿਰਮਾਤਾ ਭਗਵਾਨ ਵਾਲਮੀਕਿ ਜੀ ਨੂੰ ਆਪਣਾ ਪੱਥ-ਪ੍ਰਦਰਸ਼ਕ ਮੰਨ ਕੇ ਉਨ੍ਹਾਂ ਨੂੰ ਭਾਰਤੀ ਦਰਸ਼ਨ ਦਾ ਮੋਢੀ ਅਤੇ ਭਾਰਤੀ ਸੰਸਕ੍ਰਿਤੀ ਦਾ ਪਿਤਾਮਾ ਮੰਨ ਕੇ ਪੂਜਦੇ ਹਨ। ਸਾਰਾ ਸੰਸਾਰ ਯੁੱਗਾਂ-ਯੁੱਗਾਂ ਤੱਕ ਉਨ੍ਹਾਂ ਦਾ ਰਿਣੀ ਹੈ।

ਤ੍ਰੈਕਾਲ ਦਰਸ਼ੀ ਭਗਵਾਨ ਮਹਾਕਵੀ ਵਾਲਮੀਕਿ ਜੀ ਨੇ 'ਯੋਗ ਵਸ਼ਿਸ਼ਠ' ਮਹਾਨ ਗ੍ਰੰਥ ਦੀ ਰਚਨਾ ਕੀਤੀ ਹੈ। ਇਸ ਮਹਾਨ ਗ੍ਰੰਥ ਨੇ ਦੁਨੀਆਂ ਨੂੰ ਸਭ ਤੋਂ ਪਹਿਲਾਂ ਕਾਵਿ ਵਿਆਕਰਣ, ਕਾਵਿ ਸ਼ਾਸ਼ਤਰ, ਕਾਵਿ ਸ਼ੈਲੀ ਅਤੇ ਕਾਵਿਕ ਸੁਰਬੱਧਤਾ ਦਾ ਸੰਪੂਰਨ ਗਿਆਨ ਦਿੱਤਾ ਹੈ। ਭਗਵਾਨ ਵਾਲਮੀਕਿ ਜੀ ਦੀ ਬਾਣੀ ਵਿਚ ਉੱਚ ਦਰਜੇ ਦੇ ਗਹਿਰ-ਗੰਭੀਰ ਸਿਧਾਂਤ ਅਤੇ ਉਪਦੇਸ਼ ਉਪਲਬਧ ਹਨ, ਜੋ ਮਨੁੱਖ ਦੇ ਅਧਿਆਤਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਲਈ ਚਾਨਣ-ਮੁਨਾਰਾ ਹਨ। ਉਨ੍ਹਾਂ ਦੇ 'ਅਕਸ਼ਰਲਕਸ਼' ਗ੍ਰੰਥ ਵਿਚ ਗਣਿਤ ਦੀਆਂ ਪ੍ਰਣਾਲੀਆਂ, ਵਿਗਿਆਨ ਦੇ ਵਿਕਾਸ, ਵਾਸਤੂ ਸ਼ਾਸਤਰ, ਤਾਰਾ ਵਿਗਿਆਨ, ਕਾਵਿ-ਸ਼ਾਸਤਰ ਤੇ ਭਵਿੱਖਬਾਣੀ ਸੂਤਰਾਂ ਦਾ ਗਿਆਨ ਮਿਲਦਾ ਹੈ।

ਰਾਮਾਇਣ ਦੇ ਯੁੱਧ ਕਾਂਡ ਵਿਚ ਭਗਵਾਨ ਵਾਲਮੀਕਿ ਜੀ ਨੇ ਕਰਮ (ਕੰਮ) ਸਬੰਧੀ ਸਹਿਜੇ ਸਮਝ ਆਉਣ ਵਾਲੇ ਸਿਧਾਂਤ ਪੇਸ਼ ਕਰਦਿਆਂ ਕਿਹਾ ਹੈ ਕਿ ਜੋ ਮਨੁੱਖ ਦਿੱਤੇ ਗਏ ਕੰਮ ਨੂੰ ਪੂਰਾ ਕਰਕੇ ਉਸ ਅਨੁਸਾਰ ਦੂਸਰੇ ਕੰਮ ਨੂੰ ਵੀ ਖ਼ੁਦ ਪੂਰਾ ਕਰ ਲੈਂਦਾ ਹੈ, ਉਸ ਨੂੰ ਉੱਤਮ ਮੰਨਿਆ ਜਾਂਦਾ ਹੈ। ਭਗਵਾਨ ਵਾਲਮੀਕਿ ਮਹਾਰਾਜ ਜੀ ਨੇ ਧਰਮ ਨੂੰ ਸਰਵਉੱਚ ਮੰਨਿਆ ਹੈ। ਉਨ੍ਹਾਂ ਦੇ ਉਪਦੇਸ਼ ਅਨੁਸਾਰ ਧਰਮ ਦਾ ਅਰਥ ਫਰਜ਼ ਹੈ। ਜਿਹੜੇ ਵਿਅਕਤੀ ਆਪਣੇ ਫ਼ਰਜ਼ ਸੁਚੱਜੇ ਢੰਗ ਨਾਲ ਨਿਭਾਉਂਦੇ ਹਨ, ਅਸਲ ਵਿਚ ਉਹ ਆਪਣੇ ਧਰਮ ਦੀ ਪਾਲਣਾ ਕਰਦੇ ਹਨ। ਰਾਜਨੀਤੀ ਬਾਰੇ ਮਹਾਰਾਜ ਜੀ ਨੇ ਫਰਮਾਇਆ ਹੈ, "ਰਾਜੇ ਨੂੰ ਵਿਦਵਾਨਾਂ ਅਤੇ ਹਮੇਸ਼ਾ ਬਜ਼ੁਰਗਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ।"

ਭਗਵਾਨ ਵਾਲਮੀਕਿ ਜੀ ਨੇ ਸੰਸਕ੍ਰਿਤੀ ਤੋਂ ਇਲਾਵਾ ਹੋਰ ਭਾਸ਼ਾਵਾਂ ਦਾ ਡੂੰਘਾ ਅਧਿਐਨ ਕੀਤਾ। ਭਗਵਾਨ ਵਾਲਮੀਕਿ ਜੀ ਨੇ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਲਈ ਕਾਨਪੁਰ ਗੰਗਾ ਤਟ 'ਤੇ, ਤਮਸਾ ਨਦੀ ਦੇ ਤੱਟ 'ਤੇ ਅਨੇਕਾਂ ਸਿੱਖਿਆ ਕੇਂਦਰ ਖੋਲ੍ਹੇ, ਜਿਥੇ ਅਨੇਕਾਂ ਸ਼ਰਧਾਲੂਆਂ ਨੇ ਵਿੱਦਿਆ ਪ੍ਰਾਪਤ ਕੀਤੀ। ਇਤਿਹਾਸ ਗਵਾਹ ਹੈ ਭਗਵਾਨ ਵਾਲਮੀਕਿ ਜੀ ਇਸਤਰੀ ਜਾਤੀ ਦੇ ਰੱਖਿਅਕ ਬਣ ਕੇ ਵੀ ਅੱਗੇ ਆਏ। ਵਾਲਮੀਕਿ ਜੀ ਨੇ ਮਾਤਾ ਸੀਤਾ ਨੂੰ ਆਪਣੇ ਆਸ਼ਰਮ ਵਿੱਚ ਸ਼ਰਨ ਦੇ ਕੇ ਉਨ੍ਹਾਂ ਦਾ ਹੌਂਸਲਾ ਵਧਾਇਆ। ਉਨ੍ਹਾਂ ਦੇ ਹੀ ਆਸ਼ਰਮ ਵਿਚ ਸ੍ਰੀ ਰਾਮਚੰਦਰ ਜੀ ਦੇ ਪੁੱਤਰਾਂ ਲਵ ਤੇ ਕੁਸ਼ ਦਾ ਜਨਮ ਹੋਇਆ ਅਤੇ ਸਤਿਗੁਰੂ ਵਾਲਮੀਕਿ ਜੀ ਕੋਲੋਂ ਉਨ੍ਹਾਂ ਨੇ ਸ਼ਸਤਰ ਵਿੱਦਿਆ ਹਾਸਲ ਕੀਤੀ।

# ਸੱਦਾਮ ਹੁਸੈਨ ਦੀ ਧੀ ਨੂੰ ਹੋਈ 7 ਸਾਲ ਦੀ ਸਜ਼ਾ



ਬਗਦਾਦ : ਅਦਾਲਤ ਨੇ ਇਰਾਕ ਦੇ ਸਾਬਕਾ ਰਾਸ਼ਟਰਪਤੀ ਅਤੇ ਤਾਨਾਸ਼ਾਹ ਸੱਦਾਮ ਹੁਸੈਨ ਦੀ ਵੱਡੀ ਧੀ ਰਗਦ ਹੁਸੈਨ ਨੂੰ 7 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਉਸ 'ਤੇ ਆਪਣੇ ਪਿਤਾ ਦੀ ਪਾਬੰਦੀਸ਼ੁਦਾ ਬਾਥ ਪਾਰਟੀ ਨੂੰ ਪ੍ਰਮੋਟ ਕਰਨ ਦਾ ਦੋਸ਼ ਸੀ।

2003 ਵਿਚ ਅਮਰੀਕਾ ਅਤੇ ਬਰਤਾਨੀਆ ਨੇ ਇਰਾਕ 'ਤੇ ਹਮਲਾ ਕਰਕੇ ਸੱਦਾਮ ਨੂੰ ਗ੍ਰਿਫਤਾਰ ਕਰਕੇ ਫਾਂਸੀ 'ਤੇ ਲਟਕਾ ਦਿੱਤਾ। ਇਸ ਨਾਲ ਇਰਾਕ ਵਿਚ ਸੱਦਾਮ ਦਾ ਸ਼ਾਸਨ ਖਤਮ ਹੋ ਗਿਆ, ਜਿਸ ਤੋਂ ਬਾਅਦ ਉਸ ਦੀ ਪਾਰਟੀ ਨੂੰ ਭੰਗ ਕਰ ਕੇ ਪਾਬੰਦੀ ਲਗਾ ਦਿੱਤੀ ਗਈ।

ਸੱਦਾਮ ਹੁਸੈਨ ਦੀ ਬੇਟੀ ਰਗਦ ਨੇ 2021 'ਚ ਇੰਟਰਵਿਊ ਦਿੱਤੀ ਸੀ। ਇਸ ਵਿੱਚ ਉਸਨੇ ਬਾਥ ਪਾਰਟੀ ਨੂੰ ਅੱਗੇ ਵਧਾਇਆ ਅਤੇ ਇਸ ਦੀਆਂ ਪ੍ਰਾਪਤੀਆਂ ਗਿਣਾਈਆਂ। ਅਸਲ ਵਿਚ, ਇਰਾਕ ਵਿਚ ਪੁਰਾਣੇ ਸ਼ਾਸਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਗਤੀਵਿਧੀਆਂ 'ਤੇ ਪਾਬੰਦੀ ਹੈ। ਇੱਥੇ ਪੁਰਾਣੀ ਸ਼ਾਸਨ ਨਾਲ ਸਬੰਧਤ ਤਸਵੀਰਾਂ ਜਾਂ ਨਾਅਰੇ ਪੋਸਟ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ। 2021 'ਚ ਅਲ-ਅਰਬੀਆ ਨੂੰ ਦਿੱਤੇ ਇੰਟਰਵਿਊ 'ਚ ਰਗਦ ਨੇ ਕਿਹਾ ਸੀ- 1979 ਤੋਂ 2003 ਦਰਮਿਆਨ ਇਰਾਕ ਦੀ ਹਾਲਤ ਬਹੁਤ ਚੰਗੀ ਸੀ। ਬਹੁਤ ਸਾਰੇ ਲੋਕਾਂ ਨੇ ਮੈਨੂੰ ਦੱਸਿਆ ਕਿ ਸਾਡੇ ਸ਼ਾਸਨ ਵਿੱਚ ਦੇਸ਼ ਬਿਨਾਂ ਸ਼ੱਕ ਸਥਿਰ ਅਤੇ ਖੁਸ਼ਹਾਲ ਸੀ। ਲੋਕਾਂ ਨੇ ਮਾਣ ਮਹਿਸੂਸ ਕੀਤਾ।

ਕਿਸੇ ਸਮੇਂ ਅਮਰੀਕੀ ਵੀ ਇਰਾਕ ਦੇ ਤਾਨਾਸ਼ਾਹ ਰਾਸ਼ਟਰਪਤੀ ਸੱਦਾਮ ਹੁਸੈਨ ਤੋਂ ਡਰਦੇ ਸਨ। ਸੱਦਾਮ ਦਾ ਅਕਸ ਅਜਿਹਾ ਸੀ ਕਿ ਕੁਝ ਲੋਕਾਂ ਲਈ ਉਹ ਮਸੀਹਾ ਸੀ, ਜਦੋਂ ਕਿ ਦੁਨੀਆ ਦੀ ਬਹੁਗਿਣਤੀ ਆਬਾਦੀ ਲਈ ਉਹ ਇੱਕ ਵਹਿਸ਼ੀ ਤਾਨਾਸ਼ਾਹ ਸੀ।

ਸੱਦਾਮ ਨੇ ਆਪਣੇ ਦੁਸ਼ਮਣਾਂ ਨੂੰ ਮਾਫ਼ ਨਹੀਂ ਕੀਤਾ। ਉਸ ਦੇ ਕਤਲ ਦੀ ਸਾਜ਼ਿਸ਼ ਰਚਣ ਵਾਲਿਆਂ ਤੋਂ ਬਦਲਾ ਲੈਣ ਲਈ ਉਸ ਨੇ 1982 ਵਿਚ ਇਰਾਕੀ ਸ਼ਹਿਰ ਦੁਜੈਲ ਵਿਚ ਕਤਲੇਆਮ ਕੀਤਾ ਅਤੇ 148 ਸ਼ੀਆਆਂ ਨੂੰ ਮਾਰ ਦਿੱਤਾ। ਇਸੇ ਕੇਸ ਵਿੱਚ ਸੱਦਾਮ ਨੂੰ ਨਵੰਬਰ 2006 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ ਅਤੇ 30 ਦਸੰਬਰ 2006 ਨੂੰ ਫਾਂਸੀ ਦਿੱਤੀ ਗਈ ਸੀ।

ਸੱਦਾਮ ਦਾ ਜਨਮ 28 ਅਪ੍ਰੈਲ 1937 ਨੂੰ ਬਗਦਾਦ ਦੇ ਉੱਤਰ ਵਿੱਚ ਤਿਕਰਿਤ ਦੇ ਇੱਕ ਪਿੰਡ ਵਿੱਚ ਹੋਇਆ ਸੀ। ਬਗਦਾਦ ਵਿੱਚ ਰਹਿ ਕੇ ਉਸ ਨੇ ਕਾਨੂੰਨ ਦੀ ਪੜ੍ਹਾਈ ਕੀਤੀ। 1957 ਵਿੱਚ, ਸੱਦਾਮ ਨੇ ਸਿਰਫ਼ 20 ਸਾਲ ਦੀ ਉਮਰ ਵਿੱਚ ਬਾਥ ਪਾਰਟੀ ਦੀ ਮੈਂਬਰਸ਼ਿਪ ਲੈ ਲਈ। ਇਹ ਪਾਰਟੀ ਅਰਬ ਰਾਸ਼ਟਰਵਾਦ ਦੀ ਮੁਹਿੰਮ ਚਲਾ ਰਹੀ ਸੀ, ਜੋ ਬਾਅਦ ਵਿੱਚ 1962 ਵਿੱਚ ਇਰਾਕ ਵਿੱਚ ਫੌਜੀ ਬਗਾਵਤ ਦਾ ਕਾਰਨ ਬਣ ਗਈ, ਸੱਦਾਮ ਵੀ ਇਸ ਵਿਦਰੋਹ ਦਾ ਇੱਕ ਹਿੱਸਾ ਸੀ।

# ਕੈਨੇਡਾ ਦੇ ਗੁਰਦੁਆਰਿਆਂ ਨੇ ਭਾਰਤ ਨੂੰ ਵੀਜ਼ਾ ਸੇਵਾਵਾਂ ਸ਼ੁਰੂ ਕਰਨ ਲਈ ਲਿਖੀ ਚਿੱਠੀ

ਔਟਵਾ : ਕੈਨੇਡਾ ਅਤੇ ਭਾਰਤ ਵਿਚਕਾਰ ਚਲ ਰਹੇ ਰੇੜਕੇ ਦਰਮਿਆਨ ਇੱਕ ਹੋਰ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਦੇ 15 ਸਿੱਖ ਗੁਰਦੁਆਰਿਆਂ ਨੇ ਸਾਂਝੇ ਤੌਰ 'ਤੇ ਚਿੱਠੀ ਲਿਖ ਕੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਕੈਨੇਡੀਅਨ ਨਾਗਰਿਕਾਂ ਲਈ ਭਾਰਤੀ ਵੀਜ਼ਾ ਸਰਵਿਸਜ਼ ਨੂੰ ਖੋਲ੍ਹਣ ਦੀ ਮੰਗ ਕੀਤੀ ਹੈ। ਇਨ੍ਹਾਂ ਗੁਰਦੁਆਰਿਆਂ ਵਿਚੋਂ ਇੱਕ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਕੁਲਦੀਪ ਸਿੰਘ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੇ ਕੈਨੇਡਾ ਸਥਿਤ ਹਾਈ ਕਮੀਸ਼ਨ ਵਿਚ ਨਿੱਜੀ ਤੌਰ 'ਤੇ ਵੀਜ਼ਾ ਲੈਣ ਅਤੇ ਈ-ਵੀਜ਼ਾ ਸਰਵਿਸਜ਼ ਨੂੰ ਬੰਦ ਕਰ ਦਿੱਤਾ ਹੈ। ਇਸ ਨਾਲ ਉਨ੍ਹਾਂ ਕੈਨੇਡੀਅਨ ਨਾਗਰਿਕਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ ਜੋ ਕਿ ਭਾਰਤ ਵਿਚ ਅਤੇ ਖ਼ਾਸ ਕਰਕੇ ਪੰਜਾਬ ਵਿਚ ਜਾਣਾ ਚਾਹੁੰਦੇ ਹਨ। ਉਨ੍ਹਾਂ ਦੇ ਲਈ ਇਸ ਸਮੇਂ ਉਡੀਕ ਤੋਂ ਇਲਾਵਾ ਕੋਈ ਹੋਰ ਵਿਕਲਪ ਨਹੀਂ ਹੈ। ਕੈਨੇਡੀਅਨ ਗੁਰਦੁਆਰਾ ਸੰਗਠਨਾਂ ਨੇ ਚਿੱਠੀ ਵਿਚ ਲਿਖਿਆ ਕਿ ਇਸ ਸਮੇਂ ਕੈਨੇਡੀਅਨ, ਪੰਜਾਬ




ਜਾ ਕੇ ਖਰੀਦਦਾਰੀ ਕਰਦੇ ਹਨ ਅਤੇ ਹੋਟਲਾਂ ਆਦਿ ਵਿਚ ਰੁਕਦੇ ਹਨ। ਇੱਕ ਤਰ੍ਹਾਂ ਨਾਲ ਪੰਜਾਬ ਵਿਚ ਟੂਰਿਸਟ ਸੀਜ਼ਨ ਪੀਕ 'ਤੇ ਹੁੰਦਾ ਹੈ। ਜਦਕਿ ਇਸ ਵਾਰ ਲੋਕ ਵੱਡੀ ਗਿਣਤੀ ਵੀਜ਼ਾ ਨਾ ਮਿਲਣ ਕਾਰਨ ਨਹੀਂ ਜਾ ਸਕੇ ਹਨ। ਇਸ ਨਾਲ ਛੋਟੇ ਤੇ ਵੱਡੇ ਦੁਕਾਨਦਾਰਾਂ ਦਾ ਨੁਕਸਾਨ ਹੋ ਰਿਹਾ ਹੈ। ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਸੀ ਕਿ ਜੇਕਰ ਭਾਰਤ, ਕੈਨੇਡਾ 'ਚ ਆਪਣੇ ਡਿਪਲੋਮੈਟਾਂ ਦੀ ਸੁਰੱਖਿਆ 'ਚ ਤਰੱਕੀ ਦੇਖਦਾ ਹੈ ਤਾਂ ਉਹ ਜਲਦ ਹੀ ਕੈਨੇਡੀਅਨਾਂ ਲਈ ਵੀਜ਼ਾ ਸੇਵਾ ਸ਼ੁਰੂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਰਾਹੀਂ ਵੀਜ਼ਾ ਸੇਵਾ ਕੁਝ ਹਫ਼ਤਿਆਂ ਲਈ ਅਸਥਾਈ ਤੌਰ 'ਤੇ ਬੰਦ ਕਰ ਦਿੱਤੀ ਗਈ ਸੀ। ਇਸ ਦਾ ਮੁੱਖ ਕਾਰਨ ਕੈਨੇਡਾ ਵਿੱਚ ਭਾਰਤੀ ਡਿਪਲੋਮੈਟਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਸੀ। ਕੈਨੇਡਾ ਡਿਪਲੋਮੈਟਾਂ ਲਈ ਸੁਰੱਖਿਅਤ ਮਾਹੌਲ ਪ੍ਰਦਾਨ ਨਹੀਂ ਕਰ ਸਕਿਆ, ਜੋ ਵਿਆਨਾ ਕਨਵੈਨਸ਼ਨ ਦੀ ਉਲੰਘਣਾ ਹੈ। ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਕਾਫੀ ਤਣਾਅਪੂਰਨ ਹੋ ਗਏ ਹਨ। ਇਸ ਦਾ ਕਾਰਨ ਹਰਦੀਪ ਸਿੰਘ ਨਿੱਝਰ ਦਾ ਕਤਲ ਹੈ, ਜਿਸ ਦਾ ਕੈਨੇਡਾ ਨੇ ਭਾਰਤ 'ਤੇ ਦੋਸ਼ ਲਗਾਇਆ ਸੀ। ਕੈਨੇਡਾ ਨੇ ਭਾਰਤ ਦੇ ਚੋਟੀ ਦੇ ਡਿਪਲੋਮੈਟ ਨੂੰ ਵੀ ਔਟਵਾ ਛੱਡਣ ਲਈ ਕਿਹਾ ਹੈ। ਭਾਰਤ ਨੇ ਸ਼ੁਰੂ ਵਿੱਚ ਨਿੱਝਰ ਦੇ ਕਤਲ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਸੀ। ਇਸ ਤੋਂ ਬਾਅਦ ਜਵਾਬੀ ਕਾਰਵਾਈ ਕਰਦਿਆਂ ਕੈਨੇਡੀਅਨ ਡਿਪਲੋਮੈਟ ਨੂੰ ਨਵੀਂ ਦਿੱਲੀ ਛੱਡਣ ਦਾ ਹੁਕਮ ਦਿੱਤਾ ਗਿਆ। ਇਸ ਤੋਂ ਇਲਾਵਾ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾ ਵੀ ਬੰਦ ਕਰ ਦਿੱਤੀ ਗਈ ਹੈ।

# ਸਰਕਾਰੀ ਖ਼ਜ਼ਾਨੇ ਨੂੰ ਅਦਾਲਤੀ ਲੜਾਈ 23 ਕਰੋੜ 'ਚ ਪਈ

ਚੰਡੀਗੜ੍ਹ : ਸਤਲੁਜ ਯਮੁਨਾ ਲਿੰਕ ਨਹਿਰ ਦੀ ਕਾਨੂੰਨੀ ਲੜਾਈ ਸਰਕਾਰੀ ਖ਼ਜ਼ਾਨੇ 'ਤੇ ਭਾਰੀ ਪੈਣ ਲੱਗੀ ਹੈ ਜਦੋਂਕਿ ਇਹ ਲੜਾਈ ਹਾਲੇ ਤੱਕ ਕਿਸੇ ਤਣ ਪਤਣ ਨਹੀਂ ਲੱਗੀ ਹੈ। ਅਹਿਮ ਤੱਥ ਸਾਹਮਣੇ ਆਏ ਹਨ ਕਿ ਸਰਕਾਰੀ ਖ਼ਜ਼ਾਨੇ 'ਚੋਂ ਸਾਬਕਾ ਐਡਵੋਕੇਟ ਜਨਰਲਾਂ ਨੂੰ ਵੀ ਭਾਰੀ ਫ਼ੀਸਾਂ ਤਾਰੀਆਂ ਗਈਆਂ ਹਨ। ਸੂਬਾ ਸਰਕਾਰ ਪਾਣੀਆਂ ਦੇ ਅਹਿਮ ਮਸਲੇ ਅੱਗੇ ਵਕੀਲਾਂ ਦੀਆਂ ਫ਼ੀਸਾਂ ਨੂੰ ਨਿਗੂਣੀਆਂ ਮੰਨ ਰਹੀ ਹੈ। ਐਸਵਾਈਐਲ ਦੇ ਮਾਮਲੇ 'ਤੇ ਪੰਜਾਬ 'ਕਰੋ ਜਾਂ ਮਰੋ' ਦੀ ਲੜਾਈ ਲੜ ਰਿਹਾ ਹੈ ਹਾਲਾਂਕਿ ਇਹ ਮਾਮਲਾ ਦਹਾਕਿਆਂ ਤੋਂ ਲਟਕਦਾ ਆ ਰਿਹਾ ਹੈ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੂੰ ਲੰਘੇ ਸਾਢੇ ਸੱਤ ਵਰ੍ ?ਆਂ ਦੌਰਾਨ ਸਤਲੁਜ ਯਮੁਨਾ ਲਿੰਕ ਨਹਿਰ ਦੀ ਸੁਪਰੀਮ ਕੋਰਟ ਵਿੱਚ ਕਾਨੂੰਨੀ ਲੜਾਈ ਲੜਨ ਵਾਸਤੇ ਵਕੀਲਾਂ ਦੀ ਫ਼ੀਸ ਵਜੋਂ 23.29 ਕਰੋੜ ਅਦਾ ਕਰਨੇ ਪਏ ਹਨ। ਪਹਿਲੀ ਜਨਵਰੀ 2016 ਤੋਂ 31 ਮਈ 2023 ਤੱਕ ਸਿਰਫ਼ 13 ਵਕੀਲਾਂ ਦੇ ਬਿੱਲਾਂ ਦੀ ਰਾਸ਼ੀ ਹੀ 23.29 ਕਰੋੜ ਰੁਪਏ ਬਣ ਗਈ ਹੈ। ਸਰਕਾਰ ਵੱਲੋਂ ਬਹੁਤੇ ਬਿੱਲ ਤਾਰ ਦਿੱਤੇ ਗਏ ਹਨ ਜਦੋਂਕਿ ਬਾਕੀ ਪ੍ਰਕਿਰਿਆ ਅਧੀਨ ਹਨ। 'ਆਪ' ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ 1.21 ਕਰੋੜ ਦੀ ਅਦਾਇਗੀ ਕੀਤੀ ਹੈ। ਪਿਛਲੀ ਕਾਂਗਰਸ ਸਰਕਾਰ ਸਮੇਂ ਐੱਸਵਾਈਐੱਲ ਦਾ ਕੇਸ ਲੜਨ ਵਾਲੇ ਵਕੀਲਾਂ ਨੂੰ 6.28 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਬਾਕੀ ਅਦਾਇਗੀ ਕਾਂਗਰਸ ਅਤੇ ਅਕਾਲੀ ਸਰਕਾਰ ਦੇ ਸਮੇਂ ਦੌਰਾਨ ਹੋਈ ਹੈ।

ਖ਼ਾਸ ਗੱਲ ਇਹ ਹੈ ਕਿ ਕੈਪਟਨ ਸਰਕਾਰ ਸਮੇਂ ਤਾਇਨਾਤ ਰਹੇ ਐਡਵੋਕੇਟ ਜਨਰਲ ਅਤੁਲ ਨੰਦਾ ਦਾ ਤਿੰਨ ਵਰ੍ਹਿਆਂ ਦਾ ਬਿੱਲ 60.39 ਲੱਖ ਰੁਪਏ ਦਾ ਬਣਿਆ ਸੀ ਜਦੋਂਕਿ ਮੌਜੂਦਾ ਸਰਕਾਰ ਦੇ ਐਡਵੋਕੇਟ ਜਨਰਲ ਵਨਿੰਦ ਘਈ (ਹੁਣ ਸਾਬਕਾ) ਦਾ ਸੱਤ ਮਹੀਨਿਆਂ ਦਾ ਬਿੱਲ 41 ਲੱਖ ਰੁਪਏ ਦਾ ਬਣਿਆ ਹੈ। ਲੰਘੇ ਸਾਢੇ ਸੱਤ ਸਾਲਾਂ ਦੌਰਾਨ ਸਭ ਤੋਂ ਵੱਧ ਫ਼ੀਸ ਸੀਨੀਅਰ ਐਡਵੋਕੇਟ ਆਰ.ਐੱਸ. ਸੂਰੀ ਨੂੰ 5.16 ਕਰੋੜ ਦਿੱਤੀ ਗਈ ਹੈ ਜਦੋਂ ਕਿ ਸੀਨੀਅਰ ਵਕੀਲ ਰਾਮ ਜੇਠ ਮਲਾਨੀ ਨੂੰ ਫ਼ੀਸ ਵਜੋਂ 4.08 ਕਰੋੜ ਰੁਪਏ ਦਿੱਤੇ ਗਏ ਹਨ।

'ਆਪ' ਸਰਕਾਰ ਦੇ ਪੌਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਐੱਸਵਾਈਐੱਲ ਦੇ ਮਾਮਲੇ 'ਤੇ ਸੁਪਰੀਮ ਕੋਰਟ ਵਿੱਚ ਤਿੰਨ ਦਫ਼ਾ ਸੁਣਵਾਈ ਹੋਈ ਹੈ। ਆਖ਼ਰੀ ਸੁਣਵਾਈ ਮੌਕੇ 4 ਅਕਤੂਬਰ



## ਅਹਿਮਦਾਬਾਦੀ ਵਕੀਲ ਦੀ ਫ਼ੀਸ ਤੋਂ ਤੌਬਾ

ਕੋਟਕਪੂਰਾ ਗੋਲੀ ਕਾਂਡ ਅਤੇ ਬੇਅਦਬੀ ਮਾਮਲਿਆਂ ਨਾਲ ਸਬੰਧਤ ਕੇਸਾਂ ਵਿੱਚ ਇੱਕ ਅਹਿਮਦਾਬਾਦੀ ਵਕੀਲ ਦੀ ਮਹਿੰਗੀ ਫ਼ੀਸ ਨੇ ਸਰਕਾਰ ਨੂੰ ਧੁੜਕੂ ਲਾ ਦਿੱਤਾ ਸੀ ਜਿਸ ਨੇ ਦੋ ਕੇਸਾਂ ਦੇ ਪੰਜਾਬ ਸਰਕਾਰ ਨੂੰ 5.25 ਕਰੋੜ ਦੇ ਬਿੱਲ ਭੇਜ ਦਿੱਤੇ ਸਨ। ਇਸ ਵਕੀਲ ਨੇ ਪ੍ਰਤੀ ਵਰਚੁਅਲ ਪੇਸ਼ੀ ਦਾ 25 ਲੱਖ ਰੁਪਏ ਕਲੇਮ ਕੀਤਾ ਸੀ। ਜਦੋਂ ਪੰਜਾਬ ਸਰਕਾਰ ਨੇ ਇਸ 'ਤੇ ਇਤਰਾਜ਼ ਲਗਾ ਦਿੱਤਾ ਤਾਂ ਉਸ ਵਕੀਲ ਨੇ ਪ੍ਰਤੀ ਪੇਸ਼ੀ ਦਾ ਬਿੱਲ ਘਟਾ ਕੇ 17.50 ਲੱਖ ਰੁਪਏ ਬਣਾ ਕੇ ਭੇਜ ਦਿੱਤਾ ਸੀ ਹਾਲਾਂਕਿ ਸਰਕਾਰ ਨੇ ਪ੍ਰਤੀ ਪੇਸ਼ੀ 10 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਸੀ।

## ਅਮਰਿੰਦਰ ਸਿੰਘ ਖ਼ਿਲਾਫ਼ ਕੇਸ ਡੇਢ ਕਰੋੜ 'ਚ ਪਿਆ


ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਕੇਸ ਸਰਕਾਰੀ ਖ਼ਜ਼ਾਨੇ ਨੂੰ ਡੇਢ ਕਰੋੜ 'ਚ ਪਿਆ ਸੀ। ਵਿਧਾਨ ਸਭਾ ਦੇ ਖ਼ਜ਼ਾਨੇ 'ਚੋਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲਾਂ ਨੂੰ ਅਮਰਿੰਦਰ ਸਿੰਘ ਖ਼ਿਲਾਫ਼ ਕੇਸ ਲੜਨ ਬਦਲੇ 1,50,30,815 ਰੁਪਏ ਅਦਾ ਕੀਤੇ ਗਏ ਸਨ। ਉਨ੍ਹਾਂ ਦਿਨਾਂ ਵਿਚ ਗੱਠਜੋੜ ਸਰਕਾਰ ਨੇ ਅਮਰਿੰਦਰ ਸਿੰਘ ਨੂੰ ਵਿਧਾਨ ਸਭਾ 'ਚੋਂ ਆਊਟ ਰੱਖੇ ਜਾਣ ਨੂੰ ਆਪਣੇ ਵੱਕਾਰ ਦਾ ਸੁਆਲ ਬਣਾਇਆ ਹੋਇਆ ਸੀ। ਆਡਿਟ ਵਿਭਾਗ ਨੇ ਇਸ ਅਦਾਇਗੀ 'ਤੇ ਉਂਗਲ ਧਰੀ ਸੀ। ਇਸੇ ਤਰ੍ਹਾਂ ਹੀ ਮੁਖ਼ਤਾਰ ਅੰਸਾਰੀ ਮਾਮਲੇ ਵਿੱਚ ਕੈਪਟਨ ਸਰਕਾਰ ਨੇ ਫ਼ੀਸ ਵਜੋਂ ਵਕੀਲਾਂ ਨੂੰ 55 ਲੱਖ ਰੁਪਏ ਤਾਰੇ ਸਨ।

ਨੂੰ ਸੁਪਰੀਮ ਕੋਰਟ ਨੇ ਐੱਸਵਾਈਐੱਲ ਨਹਿਰ ਦੇ ਸਰਵੇਖਣ ਦੇ ਹੁਕਮ ਜਾਰੀ ਕੀਤੇ ਸਨ ਜਿਸ ਨੂੰ ਲੈ ਕੇ ਪੰਜਾਬ ਵਿੱਚ ਸਿਆਸਤ ਕਾਫ਼ੀ ਭਖੀ ਹੋਈ ਹੈ। ਇਸ ਮੁੱਦੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਨਵੰਬਰ ਨੂੰ 'ਖੁੱਲ੍ਹੀ ਬਹਿਸ' ਵੀ ਲੁਧਿਆਣਾ ਵਿਚ ਰੱਖੀ ਹੋਈ ਹੈ।

ਪੰਜਾਬ ਸਰਕਾਰ ਵੱਲੋਂ ਜਿਨ੍ਹਾਂ ਹੋਰਨਾਂ ਵਕੀਲਾਂ ਨੂੰ ਭਾਰੀ ਫ਼ੀਸ ਤਾਰੀ ਗਈ ਹੈ, ਉਨ੍ਹਾਂ ਵਿੱਚ ਸੀਨੀਅਰ ਐਡਵੋਕੇਟ ਆਰ.ਕੇ. ਗਾਂਗੁਲੀ ਦਾ 3.25 ਕਰੋੜ ਰੁਪਏ, ਐਡਵੋਕੇਟ ਆਨ ਰਿਕਾਰਡ ਜੇ.ਐੱਸ. ਛਾਬੜਾ ਦਾ 3.50 ਕਰੋੜ, ਐਡਵੋਕੇਟ ਵਨਿ.ਕੇ. ਸ਼ੈਲੇਂਦਰਾ ਦਾ 2.18 ਕਰੋੜ ਅਤੇ ਐਡਵੋਕੇਟ ਮੋਹਨ ਬੀ. ਕਟਰਕੀ ਦਾ ਬਿੱਲ 1.05 ਕਰੋੜ ਰੁਪਏ ਬਣਿਆ ਸੀ। ਇਸੇ ਤਰ੍ਹਾਂ ਹੀ ਸੀਨੀਅਰ ਵਕੀਲ ਹਰੀਸ਼ ਐਨ ਸਾਲਵੇ ਨੂੰ 94.64 ਲੱਖ ਰੁਪਏ, ਸੀਨੀਅਰ ਵਕੀਲ ਡਾ. ਰਾਜੀਵ ਧਵਨ ਨੂੰ 89.10 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ ਹੈ।

ਸਰਕਾਰੀ ਅਧਿਕਾਰੀ ਆਖਦੇ ਹਨ ਕਿ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਪੰਜਾਬ ਲਈ ਵਧੇਰੇ ਅਹਿਮੀਅਤ ਰੱਖਦਾ ਹੈ ਕਿਉਂਕਿ ਨਹਿਰੀ ਪਾਣੀ ਦਾ ਤੁਅੱਲਕ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਉਹ ਆਖਦੇ ਹਨ ਕਿ ਮੁੱਦੇ ਦੇ ਸਾਹਮਣੇ ਵਕੀਲਾਂ ਦੀ ਫ਼ੀਸ ਮਾਅਨੇ ਨਹੀਂ ਰੱਖਦੀ ਹੈ ਅਤੇ ਇਹ ਫ਼ੀਸ ਨਿਯਮਾਂ ਅਨੁਸਾਰ ਹੀ ਤਾਰੀ ਗਈ ਹੈ। ਸੂਤਰ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਤਾਂ ਪ੍ਰਤੀ ਪੇਸ਼ੀ ਦੇ ਹਿਸਾਬ ਨਾਲ ਫ਼ੀਸ ਲੈਂਦੇ ਹਨ।

# ਨਿਰਵੈਰ ਸਿੰਘ ਦੀ ਮੌਤ ਦੇ ਮਾਮਲੇ 'ਚ ਆਸਟ੍ਰੇਲੀਆ ਦੇ ਜਵਾਨ ਨੇ ਕਬੂਲਿਆ ਗੁਨਾਹ






ਮੈਲਬਰਨ : ਮੈਲਬੌਰਨ ਵਿੱਚ ਇੱਕ ਸਿੱਖ ਵਿਅਕਤੀ ਦੀ ਮੌਤ ਦੇ ਮਾਮਲੇ ਵਿੱਚ ਇੱਕ ਆਸਟ੍ਰੇਲੀਆਈ ਨੌਜਵਾਨ ਨੇ ਅਦਾਲਤ ਵਿੱਚ ਆਪਣਾ ਜੁਰਮ ਕਬੂਲ ਕਰ ਲਿਆ। ਇਹ ਜਾਣਕਾਰੀ ਸਥਾਨਕ ਮੀਡੀਆ ਰਿਪੋਰਟਾਂ ਵਿੱਚ ਦਿੱਤੀ ਗਈ ਹੈ।

ਕੋਰੀ ਕੰਪੋਰਟ (24 ਸਾਲ) ਪੁਲਿਸ ਤੋਂ ਬਚਣ ਲਈ 170 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਆਪਣੀ ਜੀਪ ਚਲਾ ਰਿਹਾ ਸੀ। ਜਦੋਂ ਕਿ ਇਸ ਖੇਤਰ ਵਿੱਚ ਕਿਸੇ ਵੀ ਵਾਹਨ ਦੀ ਵੱਧ ਤੋਂ ਵੱਧ ਰਫ਼ਤਾਰ ਸਿਰਫ਼ 80 ਕਿਲੋਮੀਟਰ ਪ੍ਰਤੀ ਘੰਟਾ ਹੀ ਹੋ ਸਕਦੀ ਹੈ। ਕੰਪੋਰਟ ਸ਼ਰਾਬੀ ਸੀ ਅਤੇ ਉਸ ਦੀ ਤੇਜ਼ ਰਫ਼ਤਾਰ ਜੀਪ ਨੇ ਭਾਰਤੀ ਮੂਲ ਦੇ ਵਿਅਕਤੀ ਨਿਰਵੈਰ ਸਿੰਘ (44 ਸਾਲ) ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਜਿਸ ਕਾਰਨ ਦੋ ਬੱਚਿਆਂ ਦੇ ਸਿੱਖ ਪਿਤਾ ਨਿਰਵੈਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦੇ ਸਿਰ ਅਤੇ ਛਾਤੀ 'ਤੇ ਸੱਟਾਂ ਦੇ ਨਿਸ਼ਾਨ ਸਨ।

ਇਕ ਸਥਾਨਕ ਨਿਊਜ਼ ਵੈੱਬਸਾਈਟ ਮੁਤਾਬਕ ਇਹ ਘਟਨਾ ਪਿਛਲੇ ਸਾਲ 30 ਅਗਸਤ ਦੀ ਹੈ। ਵਿਕਟੋਰੀਅਨ ਕਾਉਂਟੀ ਕੋਰਟ ਨੂੰ ਸੂਚਿਤ ਕੀਤਾ ਗਿਆ ਸੀ ਕਿ ਇੱਕ ਡਰੱਗ ਟੈਸਟ ਤੋਂ ਪਤਾ ਲੱਗਿਆ ਹੈ ਕਿ ਨੌਜਵਾਨ ਗਾਮਾ ਹਾਈਡ੍ਰੋਕਸਾਈਬਿਊਟਾਇਰੇਟ, ਮੈਥਾਮਫੇਟਾਮਾਈਨ ਅਤੇ ਕੇਟਾਮਾਈਨ ਦੇ ਪ੍ਰਭਾਵ ਵਿੱਚ ਸੀ।

ਕੰਪੋਰਟ ਨੇ ਅਦਾਲਤ ਵਿੱਚ ਗਵਾਹੀ ਦਿੱਤੀ, ਉਸ ਨੇ ਲਾਪਰਵਾਹੀ ਨਾਲ ਡਰਾਈਵਿੰਗ ਕਰਨ ਦਾ ਗੁਨਾਹ ਕਬੂਲਿਆ ਅਤੇ ਕਿਹਾ ਕਿ ਉਸ ਨੂੰ ਗੱਡੀ ਦੇ ਪਿੱਛੇ ਨਹੀਂ ਹੋਣਾ ਚਾਹੀਦਾ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੰਪੋਰਟ ਨੇ ਮੰਨਿਆ ਕਿ ਉਸ ਨੂੰ ਪਿਛਲੇ ਸਮੇਂ ਵਿਚ ਮੌਕੇ ਦਿੱਤੇ ਗਏ ਸਨ ਅਤੇ ਉਹ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਆਪਣੀ ਜ਼ਿੰਦਗੀ ਨੂੰ ਬਦਲਣਾ ਅਤੇ ਇਕ ਬਿਹਤਰ ਵਿਅਕਤੀ ਬਣਨਾ ਚਾਹੁੰਦਾ ਸੀ। ਕਾਉਂਟੀ ਕੋਰਟ ਦੇ ਜੱਜ ਸਕਾਟ ਜੌਨਸ ਨੇ ਕੇਸ ਦੀ ਅਗਲੀ ਸੁਣਵਾਈ ਦਸੰਬਰ ਵਿੱਚ ਮੁਲਤਵੀ ਕਰ ਦਿੱਤੀ ਹੈ ਤਾਂ ਜੋ ਹੋਰ ਮਨੋਵਿਗਿਆਨਕ ਸਮੱਗਰੀ ਪ੍ਰਾਪਤ ਕੀਤੀ ਜਾ ਸਕੇ।

# ਸ਼੍ਰੋਮਣੀ ਕਮੇਟੀ ਨੇ 'ਪੰਜਾਬ ਵਿੱਚ ਉਚੇਰੀ ਸਿੱਖਿਆ ਦੀ ਅਜੋਕੀ ਸਥਿਤੀ: ਸਮੱਸਿਆਵਾਂ ਤੇ ਸੰਭਾਵੀ ਹੱਲ' ਲਈ ਕੀਤੀ ਕਾਨਫਰੰਸ






ਸ਼੍ਰੋਮਣੀ ਕਮੇਟੀ ਦੇ ਡਾਇਰੈਕਟਰੇਟ ਵਿਦਿਆ ਵੱਲੋਂ ਕਰਵਾਈ ਗਈ 'ਪੰਜਾਬ ਵਿੱਚ ਉਚੇਰੀ ਸਿੱਖਿਆ ਦੀ ਅਜੋਕੀ ਸਥਿਤੀ: ਸਮੱਸਿਆਵਾਂ ਤੇ ਸੰਭਾਵੀ ਹੱਲ' ਕਾਨਫਰੰਸ ਵਿੱਚ ਸ਼ਿਰਕਤ ਕੀਤੀ। ਮੌਜੂਦਾ ਸਮੇਂ ਅੰਦਰ ਸਰਕਾਰਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚੋਂ ਹੱਥ ਪਿੱਛੇ ਖਿੱਚਣਾ ਘਾਤਕ ਹੈ। ਸਰਕਾਰਾਂ ਵੱਲੋਂ ਬਣਾਈਆਂ ਨੀਤੀਆਂ ਨੇ ਸਿੱਖਿਆ ਦਾ ਵੱਡਾ ਨੁਕਸਾਨ ਕੀਤਾ ਹੈ। ਸਰਕਾਰਾਂ ਵੱਲੋਂ ਸਿੱਖਿਆ ਅਦਾਰਿਆਂ ਦੀਆਂ ਗ੍ਰਾਂਟਾਂ ਘਟਾਉਣੀਆਂ ਅਤੇ ਘੱਟਗਿਣਤੀਆਂ ਦੀ ਸਕਾਲਰਸ਼ਿਪ ਨੂੰ ਬੰਦ ਕਰਨਾ ਵੱਡੀ ਚਿੰਤਾ ਦਾ ਵਿਸ਼ਾ ਹੈ। ਸਰਕਾਰਾਂ ਦੀ ਸਿੱਖਿਆ ਪ੍ਰਤੀ ਗੈਰ-ਸੰਜੀਦਗੀ ਅਜੋਕੀ ਪੀੜ੍ਹੀ ਦੇ ਭਵਿੱਖ ਨਾਲ ਖਿਲਵਾੜ ਕਰ ਰਹੀ ਹੈ। ਅਜਿਹੀਆਂ ਕਾਨਫਰੰਸਾਂ ਵਿਚ ਸੰਵਾਦ ਰਾਹੀਂ ਸਰਕਾਰਾਂ ਦੇ ਮਨਸੂਬਿਆਂ ਨੂੰ ਜਗ-ਜਾਹਿਰ ਕਰਨਾ ਸਮੇਂ ਦੀ ਵੱਡੀ ਲੋੜ ਹੈ। ਸਿੱਖਿਆ ਨੀਤੀ ਨੂੰ ਬਦਲ ਕੇ ਸਰਕਾਰਾਂ ਵੱਲੋਂ ਸਾਡੇ ਖਿੱਤੇ ਅਤੇ ਭਾਸ਼ਾ 'ਤੇ ਹਮਲੇ ਕਰਕੇ ਸਾਨੂੰ ਵਿਰਸੇ ਤੋਂ ਨਿਖੇੜਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਸਰਕਾਰਾਂ ਦੇ ਅਜਿਹੇ ਹਮਲਿਆਂ ਨੂੰ ਰੋਕਣ ਲਈ ਸਾਨੂੰ ਧਾਰਮਿਕ ਫਲਸਫੇ 'ਤੇ ਰਹਿੰਦਿਆਂ ਆਪਣੀ ਅਜੋਕੀ ਪੀੜ੍ਹੀ ਨੂੰ ਅਜਿਹਾ ਮਾਰਗ ਦਿਖਾਉਣਾ ਹੋਵੇਗਾ, ਜਿਸ ਨਾਲ ਸਾਡੀ ਭਾਸ਼ਾ, ਸਿਧਾਂਤ ਅਤੇ ਫ਼ਲਸਫ਼ਾ ਬਚਿਆ ਰਹਿ ਸਕੇ। ਸਾਨੂੰ ਉੱਚ ਸਿੱਖਿਆ ਪ੍ਰਤੀ ਸੰਜੀਦਾ ਰਹਿਣ ਦੇ ਨਾਲ-ਨਾਲ ਆਪਣੇ ਯਤਨਾਂ ਨੂੰ ਹੋਰ ਤੇਜ਼ ਕਰਨਾ ਹੋਵੇਗਾ।

# ਚਿਨਾਰ ਕੋਰ ਕਮਾਂਡਰ ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਦੱਖਣੀ ਕਸ਼ਮੀਰ 'ਚ ਅੱਤਵਾਦ ਵਿਰੋਧੀ ਗਰਿੱਡ ਵਿੱਚ ਤਾਇਨਾਤ ਰਾਸ਼ਟਰੀ ਰਾਈਫਲਜ਼ ਦੇ ਜਵਾਨਾਂ ਨਾਲ ਮੁਲਾਕਾਤ ਕੀਤੀ









ਦੱਖਣੀ ਕਸ਼ਮੀਰ : ਚਿਨਾਰ ਕੋਰ ਕਮਾਂਡਰ ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਦੱਖਣੀ ਕਸ਼ਮੀਰ ਵਿਚ ਸਥਿਤ ਅੱਤਵਾਦ ਵਿਰੋਧੀ ਗਰਿੱਡ ਵਿਚ ਤਾਇਨਾਤ ਰਾਸ਼ਟਰੀ ਰਾਈਫਲਜ਼ ਦੇ ਜਵਾਨਾਂ ਨਾਲ ਮੁਲਾਕਾਤ ਕੀਤੀ ਅਤੇ ਸ਼ੋਪੀਆਂ ਦੇ ਅਲਸ਼ੀਪੋਰਾ ਖੇਤਰ ਵਿਚ ਉਨ੍ਹਾਂ ਦੀ ਬੇਮਿਸਾਲ ਯੋਜਨਾਬੰਦੀ ਅਤੇ ਆਪਰੇਸ਼ਨ ਦੇ ਸਟੀਕ ਆਚਰਣ ਦੀ ਸ਼ਲਾਘਾ ਕੀਤੀ, ਜਿੱਥੇ ਦੋ ਅੱਤਵਾਦੀ ਮਾਰੇ ਗਏ।

# ਮੋਦੀ ਸਰਕਾਰ ਲਈ ਸੱਤਾ ’ਚ ਰਹਿਣਾ ਭਲਾਈ ਨਹੀਂ: ਪ੍ਰਿਅੰਕਾ ਗਾਂਧੀ





ਦੌਸਾ : ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਨੇ ਸ਼ੁੱਕਰਵਾਰ ਨੂੰ ਨਰਿੰਦਰ ਮੋਦੀ ਸਰਕਾਰ ’ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਇਸ ਦਾ ਇਕੋ-ਇਕ ਉਦੇਸ਼ ਸੱਤਾ ’ਚ ਬਣੇ ਰਹਿਣਾ ਹੈ, ਨਾ ਕਿ ਲੋਕ ਭਲਾਈ। ਇਹ ਸਿਰਫ ‘ਉਦਯੋਗਵਾਦੀ ਦੋਸਤਾਂ’ ਲਈ ਕੰਮ ਕਰਦੀ ਹੈ। ਉਸਨੇ ਲੋਕਾਂ ਨੂੰ ਪ੍ਰਧਾਨ ਮੰਤਰੀ ਅਤੇ ਭਾਜਪਾ ਨੇਤਾਵਾਂ ਤੋਂ ਪੁੱਛਣ ਲਈ ਕਿਹਾ ਕਿ ਉਹ ਚੋਣਾਂ ਦੌਰਾਨ ਵਿਕਾਸ ਦੀ ਬਜਾਏ ਧਰਮ ਅਤੇ ਜਾਤ ਦੀ ਗੱਲ ਕਿਉਂ ਕਰਦੇ ਹਨ।

ਰਾਜਸਥਾਨ ਦੇ ਦੌਸਾ ਜ਼ਿਲ੍ਹੇ ਦੇ ਸੀਕਰਾਈ ਵਿੱਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ, ਕਾਂਗਰਸ ਜਨਰਲ ਸਕੱਤਰ ਨੇ ਕਿਹਾ ਕਿ ਭਾਜਪਾ ਵੰਡ ਦਾ ਸਾਹਮਣਾ ਕਰ ਰਹੀ ਹੈ ਜਦੋਂ ਕਿ ਕਾਂਗਰਸ ਇੱਕਜੁੱਟ ਹੈ ਅਤੇ ਇਕੱਠੇ ਮੰਚ ’ਤੇ ਬੈਠੀ ਹੈ। ਉਨ੍ਹਾਂ ਨੇ ਮੋਦੀ ਦੇ ਚਿਹਰੇ ’ਤੇ ਰਾਜਸਥਾਨ ਵਿਧਾਨ ਸਭਾ ਚੋਣਾਂ ਲੜਨ ਲਈ ਭਾਜਪਾ ’ਤੇ ਨਿਸ਼ਾਨਾ ਸਾਧਦੇ ਹੋਏ ਪੁੱਛਿਆ ਕਿ ਕੀ ਮੋਦੀ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਕੇ ਰਾਜਸਥਾਨ ਦੇ ਮੁੱਖ ਮੰਤਰੀ ਬਣ ਜਾਣਗੇ।

ਮੋਦੀ ਅਤੇ ਭਾਜਪਾ ਦਾ ਧਿਆਨ ਤੁਹਾਡੀ ਭਲਾਈ ’ਤੇ ਨਹੀਂ ਹੈ। ਸੱਤਾ ਵਿਚ ਕਿਵੇਂ ਬਣੇ ਰਹਿਣਾ ਹੈ, ਆਪਣੇ ਆਪ ਨੂੰ ਕਿਵੇਂ ਮਜ਼ਬੂਤ ਕਰਨਾ ਹੈ, ਇਹ ਉਨ੍ਹਾਂ ਦਾ ਇੱਕੋ-ਇੱਕ ਟੀਚਾ ਹੈ ਅਤੇ ਉਨ੍ਹਾਂ ਦਾ ਧਿਆਨ ਸਿਰਫ਼ ਇਸ ਪਾਸੇ ਹੈ। ਗਰੀਬ ਲੋਕਾਂ ਦੀਆਂ ਜੇਬਾਂ ਵਿੱਚੋਂ ਪੈਸਾ ਕੱਢ ਕੇ ਵੱਡੇ ਉਦਯੋਗਪਤੀਆਂ ਨੂੰ ਦੇਣਾ ਉਨ੍ਹਾਂ ਦੀ ਨੀਤੀ ਬਣ ਗਈ ਹੈ।”

## ਰਾਹੁਲ ਗਾਂਧੀ ਵਲੋਂ ਆਵਾਸ ਨਿਆਂ ਸੰਮੇਲਨ ਦੌਰਾਨ ਨਾਰੀ ਸ਼ਕਤੀ ਸਮਿਤੀ ਸੁਸਾਇਟੀ ਨੂੰ ਕੀਤਾ ਚੈੱਕ ਭੇਟ




ਬਿਲਾਸਪੁਰ : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੈੱਕ ਭੇਟ ਕੀਤਾ। ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਅਤੇ ਰਾਜ ਦੇ ਉਪ ਮੁੱਖ ਮੰਤਰੀ ਟੀਐਸ ਸਿੰਘਦੇਓ ਸੋਮਵਾਰ ਨੂੰ ਬਿਲਾਸਪੁਰ ਵਿੱਚ ਆਵਾਸ ਨਿਆਂ ਸੰਮੇਲਨ ਦੌਰਾਨ ਨਾਰੀ ਸ਼ਕਤੀ ਸਮਿਤੀ ਸੁਸਾਇਟੀ ਨੂੰ 20 ਲੱਖ ਰੁਪਏ ਦਾ ਚੈਕ ਭੇਟ ਕੀਤਾ।

## ਜੇਕਰ ਅਸੀਂ ਘਰੇਲੂ ਸਮਰੱਥਾ ਨੂੰ ਅੱਗੇ ਵਧਾਉਂਦੇ ਹਾਂ ਤਾਂ 2047 ਤੱਕ ਪ੍ਰਾਹੁਣਚਾਰੀ ਉਦਯੋਗ 1 ਟ੍ਰਿਲੀਅਨ ਡਾਲਰ ਤੱਕ ਪਹੁੰਚ ਸਕਦਾ ਹੈ: ਹਰਦੀਪ ਸਿੰਘ ਪੁਰੀ

ਨਵੀਂ ਦਿੱਲੀ : ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਅਤੇ ਪੈਟਰੋਲੀਅਮ ਮੰਤਰਾਲੇ ਦੇ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਇਸ ਵੱਡੇ ਪ੍ਰਾਹੁਣਚਾਰੀ ਖੇਤਰ ਦੁਆਰਾ ਪੈਦਾ ਕੀਤੀਆਂ ਗਈਆਂ ਨੌਕਰੀਆਂ ਭਾਵੇਂ ਇਹ ਸਿੱਧੇ ਜਾਂ ਅਸਿੱਧੇ ਤੌਰ ’ਤੇ ਹੋਣ ਅਤੇ ਇਹ ਦੇਸ਼ ਦੀ ਆਰਥਿਕਤਾ ਦੇ ਲਿਹਾਜ਼ ਨਾਲ ਸਭ ਤੋਂ ਮਹੱਤਵਪੂਰਨ ਸੈਕਟਰਾਂ ਵਿੱਚੋਂ ਇੱਕ ਬਣ ਜਾਣਗੀਆਂ।

ਮੰਤਰੀ ਨੇ ਕਿਹਾ ਕਿ ਪਰਾਹੁਣਚਾਰੀ ਉਦਯੋਗ ਅੱਜ ਚੰਗਾ ਕੰਮ ਕਰ ਰਿਹਾ ਹੈ ਅਤੇ ਵਧ-ਫੁੱਲ ਰਿਹਾ ਹੈ ਕਿਉਂਕਿ ਇਸ ਨੂੰ ਸਥਾਪਿਤ ਹੋਟਲ ਚੇਨਾਂ ਤੋਂ ਨਿਵੇਸ਼ ਮਿਲਦਾ ਹੈ, ਸਗੋਂ ਇਸ ਲਈ ਵੀ ਕਿਉਂਕਿ ਵਕੀਲਾਂ ਤੋਂ ਲੈ ਕੇ ਵਾਧੂ ਨਕਦੀ ਰੱਖਣ ਵਾਲੇ ਲੋਕਾਂ ਦਾ ਇੱਕ ਵਿਭਿੰਨ ਸਮੂਹ ਇਸ ਉਦਯੋਗ ਵਿੱਚ ਨਿਵੇਸ਼ ਕਰ ਰਿਹਾ ਹੈ। ਉਸਨੇ ਅੱਗੇ ਕਿਹਾ ਕਿ ਹੋਟਲ ਉਦਯੋਗ 2047 ਤੱਕ $1 ਟ੍ਰਿਲੀਅਨ ਹੋ ਸਕਦਾ ਹੈ, ‘ਪਰ ਜੇਕਰ ਅਸੀਂ ਘਰੇਲੂ ਅਣਵਰਤੀ ਸਮਰੱਥਾ ਨੂੰ ਜਾਰੀ ਕਰਦੇ ਹਾਂ, ਤਾਂ ਅਸੀਂ ਇੱਕ ਵੱਡੀ ਸੰਖਿਆ ਨੂੰ ਮਾਰ ਸਕਦੇ ਹਾਂ ਅਤੇ ਇਹ ਸੰਖਿਆ ਵੀ ਰੂੜੀਵਾਦੀ ਹੋਵੇਗੀ।’

ਹੋਟਲ ਐਸੋਸੀਏਸ਼ਨ ਆਫ਼ ਇੰਡੀਆ ਦੀ ਇੱਕ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਉਸਨੇ ਕਿਹਾ ਕਿ 2022 ਵਿੱਚ ਭਾਰਤ ਦੇ ਜੀਡੀਪੀ ਵਿੱਚ ਹੋਟਲ ਉਦਯੋਗ ਦਾ ਸਿੱਧਾ ਯੋਗਦਾਨ ਡਾਲਰ 40 ਬਿਲੀਅਨ ਸੀ, 2027 ਤੱਕ ਡਾਲਰ 68 ਬਿਲੀਅਨ ਅਤੇ 2047 ਤੱਕ ਡਾਲਰ 1 ਟ੍ਰਿਲੀਅਨ ਨੂੰ ਛੂਹਣ ਦੀ ਸੰਭਾਵਨਾ ਹੈ। ਇੱਕ ਵਾਰ ਫਿਰ ਅਸੀਂ ਵਾਪਸ ਉਛਾਲ ਰਹੇ ਹਾਂ ਅਤੇ ਕੁਝ ਸਾਲਾਂ ਵਿੱਚ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੀ ਉਮੀਦ ਕਰ ਰਹੇ ਹਾਂ। ਨਾਲ ਹੀ, ਇਸ ਸਾਲ ਦੇ ਅੰਤ ਤੱਕ ਭਾਰਤ ਦੀ ਅਰਥਵਿਵਸਥਾ 4 ਟ੍ਰਿਲੀਅਨ ਡਾਲਰ ਹੋਵੇਗੀ, ਪੁਰੀ ਨੇ ਕਿਹਾ।




ਸ਼ਹਿਰੀ ਆਵਾਜਾਈ ਉਦਯੋਗ, ਜੋ ਕਿ ਹੋਟਲ ਉਦਯੋਗ ਵਿੱਚ ਇੱਕ ਵੱਡੀ ਭੂਮਿਕਾ ਨਿਭਾਉਂਦਾ ਹੈ, ਬਾਰੇ ਮੰਤਰੀ ਨੇ ਬੁਨਿਆਦੀ ਢਾਂਚੇ ਦੇ ਵਿਕਾਸ ’ਤੇ ਆਪਣੀ ਤਸੱਲੀ ਪ੍ਰਗਟ ਕੀਤੀ ਅਤੇ ਕਿਹਾ ਕਿ ਦੇਸ਼ ਵਿੱਚ ਚੀਨ ਤੋਂ ਬਾਅਦ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਸ਼ਹਿਰੀ ਆਵਾਜਾਈ ਮੈਟਰੋ ਪ੍ਰਣਾਲੀ ਹੋਵੇਗੀ। ਸਾਡੇ ਕੋਲ ਭਾਰਤ ਭਰ ਦੇ ਮਹਾਨਗਰਾਂ ਵਿੱਚ ਰੋਜ਼ਾਨਾ ਲਗਭਗ ਇੱਕ ਕਰੋੜ ਲੋਕ ਯਾਤਰਾ ਕਰਦੇ ਹਨ। ਨਾਗਰਿਕ ਹਵਾਬਾਜ਼ੀ ਖੇਤਰ ਵਿੱਚ, ਦੇਸ਼ ਨੇ ਹਵਾਈ ਅੱਡਿਆਂ ਦੀ ਗਿਣਤੀ 74 ਤੋਂ ਵਧਾ ਕੇ 148 ਕਰ ਦਿੱਤੀ ਹੈ ਅਤੇ ਇਨ੍ਹਾਂ ਹਵਾਈ ਅੱਡਿਆਂ ਦੀ ਢੋਆ-ਢੁਆਈ ਸਮਰੱਥਾ ਪ੍ਰੀ-ਕੋਵਿਡ ਪੱਧਰ ਨੂੰ ਪਾਰ ਕਰ ਗਈ ਹੈ। ਹਾਲਾਂਕਿ, ਮੰਤਰੀ ਨੇ ਹੋਟਲ ਉਦਯੋਗ ਨੂੰ ਸਾਵਧਾਨ ਕੀਤਾ ਅਤੇ ਇਸ ਨੂੰ ਵੱਧ ਕੀਮਤ ਵਾਲਾ ਲੇਬਲ ਦਿੱਤਾ। ਉਨ੍ਹਾਂ ਕਿਹਾ ਕਿ ਇਹ ਕਿਸੇ ਦੇ ਆਪਣੇ ਦੇਸ਼ ਵਿੱਚ ਕਿਸੇ ਹੋਰ ਦੇਸ਼ ਨਾਲੋਂ ਜ਼ਿਆਦਾ ਮਹਿੰਗੀ ਛੁੱਟੀ ਨਹੀਂ ਹੋਣੀ ਚਾਹੀਦੀ।

## ਆਂਗਣਵਾੜੀ ਸੇਵਿਕਾ ਸਹਾਇਕ ਮੈਂਬਰਾਂ ਨੇ ਆਪਣੀਆਂ ਤਨਖਾਹਾਂ ਵਿੱਚ ਵਾਧੇ ਦੀ ਮੰਗ ਨੂੰ ਲੈ ਕੇ ਦਿੱਤਾ ਧਰਨਾ



ਪਟਨਾ : ਆਂਗਣਵਾੜੀ ਸੇਵਿਕਾ ਸਹਾਇਕ ਮੈਂਬਰਾਂ ਨੇ ਮੰਗਲਵਾਰ ਨੂੰ ਪਟਨਾ ਵਿੱਚ ਆਪਣੀਆਂ ਤਨਖਾਹਾਂ ਵਿੱਚ ਵਾਧੇ ਅਤੇ ਨੌਕਰੀਆਂ ਨੂੰ ਨਿਯਮਤ ਕਰਨ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ।

## ਕੇਟੀ ਪਾਰਨਾਇਕ ਨੇ ਸਰਹੱਦੀ ਪਿੰਡ ਤੁਟਿੰਗ ਦਾ ਕੀਤਾ ਦੌਰਾ



ਅੱਪਰ ਸਿਆਂਗ : ਅਰੁਣਾਚਲ ਪ੍ਰਦੇਸ਼ ਦੇ ਰਾਜਪਾਲ ਲੈਫਟੀਨੈਂਟ ਜਨਰਲ (ਸੇਵਾਮੁਕਤ) ਕੇ.ਟੀ. ਪਾਰਨਾਇਕ ਨੇ ਸ਼ੁੱਕਰਵਾਰ ਨੂੰ ਅਰੁਣਾਚਲ ਪ੍ਰਦੇਸ਼ ਦੇ ਅੱਪਰ ਸਿਆਂਗ ਜ਼ਿਲੇ ਦੇ ਟੂਟਿੰਗ ਸਰਹੱਦੀ ਪਿੰਡ ਦਾ ਦੌਰਾ ਕਰਨ ਸਮੇਂ ਸਵਾਗਤ ਕੀਤਾ।

# ਕਲਸ਼ ਸਥਾਪਨਾ ਦਾ ਸ਼ੁਭ ਮੂਹਰਤ ਅਤੇ ਮਹੱਤਵ






ਸ਼ਰਧਾਲੂ ਸ਼ੁੱਕਰਵਾਰ ਨੂੰ ਸੋਨੀਤਪੁਰ ਵਿੱਚ ਦੁਰਗਾ ਪੂਜਾ ਤਿਉਹਾਰ ਦੀ ਮਹਾਂਸ਼ਤੀ ’ਤੇ ‘ਕਲਸ਼ ਯਾਤਰਾ’ ਵਿੱਚ ਹਿੱਸਾ ਲੈਣ ਲੈਂਦੇ ਹੋਏ।





ਲਵ-ਕੁਸ਼ ਰਾਮਲੀਲਾ ਵਿੱਚ ਅਦਾਕਾਰ ‘ਰਾਮਾਇਣ’ ਨਾਟਕ ਪੇਸ਼ ਕਰਦੇ ਹੋਏ

ਨਰਾਤੇ ਦੇ ਤਿਉਹਾਰ ਦਾ ਵਿਸ਼ੇਸ਼ ਮਹੱਤਵ ਹੈ। ਹਿੰਦੂ ਧਰਮ ’ਚ ਮਾਂ ਦੁਰਗਾ ਨੂੰ ਸ਼ਕਤੀ ਦਾ ਪ੍ਰਤੀਕ ਮੰਨਿਆ ਗਿਆ ਹੈ। ਨਰਾਤੇ ਦਾ ਤਿਉਹਾਰ ਮਾਂ ਦੁਰਗਾ ਨੂੰ ਸਮਰਪਿਤ ਹੈ। ਨਰਾਤੇ ’ਚ ਮਾਂ ਦੁਰਗਾ ਦੇ ਵੱਖ-ਵੱਖ ਸਵਰੂਪਾਂ ਦੀ ਪੂਜਾ ਤੇ ਉਪਾਸਨਾ ਕੀਤੀ ਜਾਂਦੀ ਹੈ। ਮਾਨਤਾ ਹੈ ਕਿ ਨਰਾਤੇ ’ਤੇ ਮਾਂ ਦੁਰਗਾ ਦੀ ਵਿਧੀ ਪੂਰਵਕ ਪੂਜਾ ਕਰਨ ਨਾਲ ਜ਼ਿੰਦਗੀ ’ਚ ਸੁੱਖ ਸ਼ਾਂਤੀ ਆਉਂਦੀ ਹੈ। ਨਰਾਤਿਆਂ ਦੇ ਮੌਕੇ ’ਤੇ ਮਾਂ ਦੁਰਗਾ ਦੇ ਭਗਤ 9 ਦਿਨਾਂ ਤਕ ਵਰਤ ਰੱਖ ਕੇ ਮਾਂ ਦੁਰਗਾ ਦੀ ਭਗਤੀ ’ਚ ਲੀਨ ਰਹਿੰਦੇ ਹਨ। ਜੇ ਅਸੀਂ ਨਰਾਤਾ ਸ਼ਬਦ ਦੀ ਸੰਧੀ ਨੂੰ ਤੋੜਦੇ ਹਾਂ, ਤਾਂ ਇਹ ਪਤਾ ਚਲਦਾ ਹੈ ਕਿ ਇਹ ਦੋ ਸ਼ਬਦਾਂ ਦੇ ਜੋੜ ਨਾਲ ਬਣਿਆ ਹੈ ਜਿਸ ਵਿਚ ਪਹਿਲਾ ਸ਼ਬਦ ’ਨਵ’ ਹੈ ਅਤੇ ਦੂਸਰਾ ਸ਼ਬਦ ’ਨਾਈਟ’ ਹੈ ਜਿਸਦਾ ਅਰਥ ਨੌਂ ਰਾਤ ਹੈ। ਮੁੱਖ ਤੌਰ ’ਤੇ ਭਾਰਤ, ਗੁਜਰਾਤ ਅਤੇ ਪੱਛਮੀ ਬੰਗਾਲ ਦੇ ਉੱਤਰੀ ਰਾਜਾਂ ਵਿੱਚ ਨਰਾਤਿਆਂ ਤਿਉਹਾਰ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਮਾਤਾ ਦੇ ਸ਼ਰਧਾਲੂ ਉਨ੍ਹਾਂ ਦੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਨੌਂ ਦਿਨ ਦੇ ਵਰਤ ਰੱਖਦੇ ਹਨ। ਇਸ ਸਮੇਂ ਦੌਰਾਨ ਸ਼ਰਾਬ, ਮੀਟ, ਪਿਆਜ਼, ਲੱਸਣ ਆਦਿ ਚੀਜ਼ਾਂ ਤੋਂ ਪਰਹੇਜ਼ ਕੀਤਾ ਜਾਂਦਾ ਹੈ। ਦਸਵੇਂ ਦਿਨ ਨੌਂ ਦਿਨਾਂ ਬਾਅਦ ਵਰਤ ਰੱਖਿਆ ਜਾਂਦਾ ਹੈ। ਨਰਾਤਿਆਂ ਦੇ ਦਸਵੇਂ ਦਿਨ ਨੂੰ ਵਿਜੇਦਸ਼ਾਮੀ ਜਾਂ ਦੁਸਹਿਰੇ ਵਜੋਂ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਦਿਨ ਭਗਵਾਨ ਰਾਮ ਨੇ ਰਾਵਣ ਦਾ ਕਤਲ ਕਰ ਦਿੱਤਾ ਅਤੇ ਲੰਕਾ ਨੂੰ ਜਿੱਤ ਲਿਆ।

# ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਵਲੋਂ ਦੁਸਹਿਰਾ ਮੌਕੇ ਕੱਢੀ ਰੈਲੀ






ਮੁੰਬਈ : ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਦੀ ਮੁੰਬਈ ਵਿਖੇ ‘ਦੁਸਹਿਰਾ ਰੈਲੀ’ ਕੱਢੀ ਗਈ, ਦੀਆਂ ਝਲਕੀਆਂ।

# ਰਾਸ਼ਟਰੀ ਸੇਵਿਕਾ ਸਮਿਤੀ ਦੇ ਮੈਂਬਰਾਂ ਨੇ ਵਿਜਯਾਦਸ਼ਮੀ ਉਤਸਵ ਸਮਾਰੋਹ ’ਚ ਲਿਆ ਹਿੱਸਾ




ਨਾਗਪੁਰ : ਰਾਸ਼ਟਰੀ ਸੇਵਿਕਾ ਸਮਿਤੀ (ਆਰਐਸਐਸ) ਦੇ ਮੈਂਬਰ ਨਾਗਪੁਰ ਵਿੱਚ ਵਿਜੇਦਸ਼ਮੀ ਉਤਸਵ ਸਮਾਰੋਹ ਵਿੱਚ ਹਿੱਸਾ ਲੈਂਦੇ ਹਨ।


ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥
ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ
ਪ੍ਰਕਾਸ਼ ਪੁਰਬ
'ਤੇ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈ।
ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ
ਜਥੇਦਾਰ ਪਾਖਰ ਸਿੰਘ ਅਕਾਲੀ
JOHN DEERE
Manhamir Singh Nijjar
ਜਥੇਦਾਰ ਸੌਦਾਗਰ ਸਿੰਘ ਅਕਾਲੀ
ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ
Varinder Singh Nijjar
Jagbir Singh Nijjar
ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ
ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)
ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ
ਨਿੱਝਰ ਬ੍ਰਦਰਜ਼ ਤੇ ਪਰਿਵਾਰ
ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577

# ਸਿੱਖੀ ਦੀ ਨਿਆਰੀ ਹੋਂਦ 'ਤੇ ਹਮਲੇ ਕਰਨ ਵਾਲੀਆਂ ਤਾਕਤਾਂ ਤੋਂ ਸੁਚੇਤ ਰਹੇ ਸਿੱਖ ਕੌਮ : ਜਥੇਦਾਰ ਗਿ. ਰਘਬੀਰ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਮੁੱਚੀ ਸਿੱਖ ਕੌਮ ਨੂੰ ਕੌਮ ਦੀ ਨਿਆਰੀ ਹੋਂਦ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਸਿੱਖ ਸਿਧਾਂਤਾਂ, ਸਿੱਖੀ ਸਰੂਪ ਅਤੇ ਸਿੱਖ ਰਹਿਤ ਮਰਿਆਦਾ ਪ੍ਰਤੀ ਗੁੰਮਰਾਹਕੁੰਨ ਪ੍ਰਚਾਰ ਕਰ ਰਹੀਆਂ ਸ਼ਕਤੀਆਂ ਤੋਂ ਸੁਚੇਤ ਰਹਿਣ ਦੀ ਹਦਾਇਤ ਕੀਤੀ ਹੈ।



ਅੱਜ ਇਥੇ ਅਕਾਲ ਤਖ਼ਤ ਸਕੱਤਰੇਤ ਤੋਂ ਜਾਰੀ ਬਿਆਨ ਵਿਚ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਹਰੇਕ ਸਿੱਖ ਨੂੰ ਇਸ ਗੱਲ ਵਿਚ ਰੱਤੀ ਭਰ ਵੀ ਸ਼ੰਕਾ ਨਹੀਂ ਹੈ ਕਿ ਕੇਸ ਸਿੱਖੀ ਦੀ ਮੋਹਰ ਹਨ। ਕਿਸੇ ਧਾਰਮਿਕ ਆਗੂ ਜਾਂ ਸੰਸਥਾ ਦਾ ਨਾਂਅ ਲਏ ਬਿਨਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਨੋਟਿਸ ਵਿਚ ਆਇਆ ਹੈ ਕਿ ਕੁੱਝ ਡੇਰੇਦਾਰ ਜਾਂ ਸਿੱਖ ਵਿਰੋਧੀ ਵਿਚਾਰਧਾਰਾ ਚਲਾ ਰਹੇ ਲੋਕ ਸਿੱਖ ਧਰਮ ਪ੍ਰਤੀ ਗੁੰਮਰਾਹਕੁੰਨ ਪ੍ਰਚਾਰ ਕਰਕੇ ਭਰਮ-ਭੁਲੇਖੇ ਖੜ੍ਹੇ ਕਰਨ ਦੇ ਯਤਨ ਕਰ ਰਹੇ ਹਨ ਕਿ ਸਿੱਖ ਬਣਨ ਲਈ ਕੇਸਾਂ ਦੀ ਰਹਿਤ ਲਾਜ਼ਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਜਾਂ ਸੰਸਥਾ ਸਿੱਖ ਧਰਮ ਸੰਬੰਧੀ ਗ਼ਲਤ ਬਿਆਨੀ ਕਰਕੇ ਸਿੱਖ ਕੌਮ ਦੀ ਨਿਰਾਲੀ ਪਛਾਣ 'ਤੇ ਹਮਲਾ ਕਰਨ ਦੇ ਯਤਨ ਕਰੇਗੀ ਤਾਂ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਸਿੱਖ ਕੌਮ ਨੂੰ ਅਜਿਹੀਆਂ ਸਿੱਖ ਵਿਰੋਧੀ ਸ਼ਕਤੀਆਂ ਨੂੰ ਪਛਾਨਣ ਅਤੇ ਉਨ੍ਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ।

# ਬੇਅਦਬੀ ਮਾਮਲਾ: ਪਿੰਡ ਮੋਹਲਗੜ੍ਹ ਦੀ ਸੰਗਤ ਨੂੰ ਤਨਖ਼ਾਹ ਲਾਈ



ਅੰਮ੍ਰਿਤਸਰ : ਜ਼ਿਲ੍ਹਾ ਪਟਿਆਲਾ ਦੇ ਪਿੰਡ ਮੋਹਲਗੜ੍ਹ ਦੇ ਗੁਰਦੁਆਰੇ ਵਿੱਚ 19 ਅਕਤੂਬਰ ਨੂੰ ਵਾਪਰੀ ਬੇਅਦਬੀ ਦੀ ਘਟਨਾ ਦੇ ਸਬੰਧ ਵਿੱਚ ਅੱਜ ਸ੍ਰੀ ਅਕਾਲ ਤਖ਼ਤ ਦੇ ਪੰਜ ਪਿਆਰਿਆਂ ਵੱਲੋਂ ਪਿੰਡ ਦੀ ਸਮੁੱਚੀ ਸੰਗਤ ਨੂੰ ਇਸ ਘਟਨਾ ਲਈ ਖਿਮਾਯਾਚਨਾ ਕਰਨ 'ਤੇ ਤਨਖ਼ਾਹ ਲਾਈ ਗਈ। ਮੋਹਲਗੜ੍ਹ ਵਾਸੀ ਅੱਜ ਇੱਥੇ ਸ੍ਰੀ ਅਕਾਲ ਤਖ਼ਤ 'ਤੇ ਭੁੱਲ ਬਖਸ਼ਾਉਣ ਆਏ ਸਨ। ਸ੍ਰੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਦੱਸਿਆ ਕਿ ਪੰਜ ਪਿਆਰਿਆਂ ਵੱਲੋਂ ਪਿੰਡ ਵਾਸੀਆਂ ਨੂੰ ਤਨਖ਼ਾਹ ਲਾਈ ਗਈ। ਉਨ੍ਹਾਂ ਦੱਸਿਆ ਕਿ ਪਿੰਡ ਵਾਸੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਪਟਿਆਲਾ ਵਿੱਚ ਲਗਾਤਾਰ ਪੰਜ ਦਿਨ ਉੱਥੇ ਤਿੰਨ ਘੰਟੇ ਸੇਵਾ ਨਿਭਾਉਣਗੇ। ਇਸ ਤਹਿਤ ਉਹ ਸੰਗਤ ਦੇ ਜੂਠੇ ਬਰਤਨ ਸਾਫ਼ ਕਰਨਗੇ, ਸੰਗਤ ਦੇ ਜੋੜੇ ਝਾੜਨਗੇ ਅਤੇ ਗੁਰੂ ਘਰ ਵਿੱਚ ਝਾੜੂ ਲਾ ਕੇ ਸਫ਼ਾਈ ਕਰਨਗੇ। ਅੱਜ ਇੱਥੇ ਪੁੱਜੇ ਪਿੰਡ ਵਾਸੀਆਂ ਵਿੱਚ ਸਾਬਕਾ ਸਰਪੰਚ ਸ਼ਾਮ ਸਿੰਘ, ਜਸਵਿੰਦਰ ਸਿੰਘ ਅਤੇ ਸਹਿਜਪ੍ਰੀਤ ਸਿੰਘ ਨੇ ਦੱਸਿਆ ਕਿ ਪਿੰਡ ਦੀ ਸਮੁੱਚੀ ਸੰਗਤ ਲਾਈ ਤਨਖ਼ਾਹ ਸਿਰ ਮੱਥੇ ਪ੍ਰਵਾਨ ਕਰਦੀ ਹੈ ਅਤੇ ਉਸ ਨੂੰ ਪੂਰਾ ਕਰੇਗੀ।

# ਪ੍ਰੋ. ਸਰਚਾਂਦ ਸਿੰਘ ਪੰਜਾਬ ਭਾਜਪਾ ਦੇ ਪੈਨਲਿਸਟ ਤੋਂ ਇਲਾਵਾ ਮੀਡੀਆ ਮੈਨੇਜਮੈਂਟ ਦੇ ਅਹੁਦੇ 'ਤੇ ਨਿਯੁਕਤ

ਅੰਮ੍ਰਿਤਸਰ : ਭਾਰਤੀ ਜਨਤਾ ਪਾਰਟੀ, ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਪਾਰਟੀ ਦਾ ਵਿਸਥਾਰ ਕਰਦਿਆਂ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਅਤੇ ਸਮੁੱਚੀ ਕੇਂਦਰੀ ਲੀਡਰਸ਼ਿਪ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਜਾਰੀ ਸੂਚੀ ਵਿਚ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੂੰ ਪੰਜਾਬ ਭਾਜਪਾ ਦਾ ਪੈਨਲਿਸਟ ਤੋਂ ਇਲਾਵਾ ਮੀਡੀਆ ਮੈਨੇਜਮੈਂਟ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਉਹ ਭਾਜਪਾ ਦੀ ਸੂਬਾ ਕਾਰਜਕਾਰਨੀ ਦੇ ਮੈਂਬਰ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਨਾਲ ਜੁੜੇ ਆ ਰਹੇ ਹਨ।



ਪ੍ਰੋ. ਸਰਚਾਂਦ ਸਿੰਘ ਪੰਥ ਅਤੇ ਪੰਜਾਬ ਦੇ ਸਿਆਸੀ ਧਰਾਤਲ ਅਤੇ ਨਬਜ਼ ਤੋਂ ਚੰਗੀ ਤਰਾਂ ਵਾਕਫ਼ ਹਨ ਅਤੇ ਜ਼ਮੀਨ ਨਾਲ ਜੁੜੇ ਹੋਏ ਇਕ ਇਮਾਨਦਾਰ ਅਤੇ ਰੌਸ਼ਨ ਦਿਮਾਗ਼ ਆਗੂ ਹਨ। ਉਨ੍ਹਾਂ ਦੀ ਅਣਥੱਕ ਮਿਹਨਤ ਅਤੇ ਯੋਗਤਾ ਸਦਕਾ ਪਾਰਟੀ ਉਨ੍ਹਾਂ ਨੂੰ ਮੀਡੀਆ ਨਾਲ ਜੁੜੀ ਅਹਿਮ ਵਕਾਰੀ ਜ਼ਿੰਮੇਵਾਰੀ ਸੌਂਪੀ ਹੈ। ਪ੍ਰੋ.ਸਰਚਾਂਦ ਸਿੰਘ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਵੀ ਰਹੇ। ਉਹ ਭਾਜਪਾ ਵਿਚ ਸ਼ਾਮਿਲ ਹੋਣ ਤੋਂ ਪਹਿਲਾਂ ਅਕਾਲੀ ਦਲ (ਬਾਦਲ) ਨਾਲ ਜੁੜੇ ਰਹੇ ਅਤੇ ਦਮਦਮੀ ਟਕਸਾਲ ਦੇ ਮੀਡੀਆ ਬੁਲਾਰੇ ਵੱਲੋਂ ਵੀ ਸੇਵਾ ਨਿਭਾਈ। ਉਹ ਤਾਈਕਵਾਂਡੋ ਫੈਡਰੇਸ਼ਨ, ਪੰਜਾਬ ਦੇ ਮੀਤ ਪ੍ਰਧਾਨ ਵੀ ਹਨ। ਇਸ ਮੌਕੇ ਪ੍ਰੋ. ਸਰਚਾਂਦ ਸਿੰਘ ਨੇ ਉਨ੍ਹਾਂ 'ਤੇ ਭਰੋਸਾ ਕਰਨ ਲਈ ਪੰਜਾਬ ਭਾਜਪਾ ਪ੍ਰਧਾਨ ਸ੍ਰੀ ਸੁਨੀਲ ਜਾਖੜ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿੱਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਸ੍ਰੀ ਜੇ ਪੀ ਨੱਢਾ, ਭਾਜਪਾ ਸੰਸਦੀ ਕਮੇਟੀ ਅਤੇ ਕੇਂਦਰੀ ਚੋਣ ਕਮੇਟੀ ਦੇ ਮੈਂਬਰ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ: ਇਕਬਾਲ ਸਿੰਘ ਲਾਲਪੁਰਾ, ਪੰਜਾਬ ਭਾਜਪਾ ਦੇ ਸੰਗਠਨ ਮੰਤਰੀ ਮੰਥਰੀ ਸ੍ਰੀ ਨਿਵਾਸਲੂ, ਜਨਰਲ ਸਕੱਤਰ ਪਰਮਿੰਦਰ ਸਿੰਘ ਬਰਾੜ ਅਤੇ ਪੰਜਾਬ ਭਾਜਪਾ ਦੀ ਸਮੂਹ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਸ਼ਿੱਦਤ ਨਾਲ ਨਿਭਾਉਣ ਦਾ ਵਿਸ਼ਵਾਸ ਦਵਾਇਆ। ਅਤੇ ਕਿਹਾ ਕਿ ਉਹ ਪਾਰਟੀ ਨੂੰ ਮਜ਼ਬੂਤ ਕਰਨ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਣਗੇ।

# ਭਾਰਤ 'ਚ ਗੁਰੂ ਅਤੇ ਸਿੱਖ ਦੋਵੇਂ ਹੀ ਸੁਰੱਖਿਅਤ ਨਹੀਂ : ਭਾਈ ਰਣਜੀਤ ਸਿੰਘ

ਅੰਮ੍ਰਿਤਸਰ : ਭਾਰਤ ਵਿੱਚ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਸਰੂਪ ਸੁਰੱਖਿਅਤ ਹਨ ਤੇ ਨਾ ਹੀ ਸਿੱਖ ਸੁਰੱਖਿਅਤ ਹਨ। ਸਿੱਖ ਬੇਚੈਨ ਨੇ, ਗ਼ੁਲਾਮ ਨੇ, ਜ਼ਲਾਲਤ ਝੱਲ ਰਹੇ ਨੇ, ਇਨਸਾਫ਼ ਦੀ ਕਿੱਧਰੇ ਕੋਈ ਉਮੀਦ ਨਜ਼ਰ ਨਹੀਂ ਆਉਂਦੀ, ਆਖ਼ਰ ਸਿੱਖ ਕਿਹੜੇ ਰਾਹੇ ਪੈਣ। ਇਹਨਾਂ ਗੰਭੀਰ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਬੇਅਦਬੀਆਂ ਦਾ ਚੱਲ ਰਿਹਾ ਦੌਰ ਹਰੇਕ ਸਿੱਖ ਲਈ ਅਸਹਿ ਹੈ। ਬੇਅਦਬੀ ਦੀ ਮੰਦਭਾਗੀ ਘਟਨਾ ਸਾਨੂੰ ਝੰਜੋੜ ਕੇ ਰੱਖ ਦਿੰਦੀ ਹੈ ਤੇ ਬੇਹੱਦ ਮਾਨਸਿਕ ਸੰਤਾਪ ਝੱਲਣਾ ਪੈਂਦਾ ਹੈ। ਸਰਕਾਰਾਂ ਨੂੰ ਸਾਡੇ ਗੁਰੂ ਦੇ ਅਦਬ, ਸਤਿਕਾਰ ਦਾ ਕੋਈ ਖ਼ਿਆਲ ਨਹੀਂ, ਸਰਕਾਰਾਂ ਲਈ ਹਰੇਕ ਮੁੱਦਾ ਸਿਰਫ਼ ਵੋਟ-ਬੈਂਕ ਬਣ ਚੁੱਕਾ ਹੈ, ਸਿਆਸਤ ਬੇਹੱਦ ਗੰਧਲੀ ਹੋ ਚੁੱਕੀ ਹੈ, ਲੀਡਰਾਂ ਦੇ ਦੀਨ-ਇਮਾਨ ਵਿਕ ਚੁੱਕੇ ਹਨ, ਆਪੋ-ਧਾਪੀ ਮੱਚੀ ਪਈ ਹੈ। ਸਰਕਾਰਾਂ ਤੋਂ ਇਨਸਾਫ਼ ਦੀ ਉਮੀਦ ਰੱਖਣੀ ਹੁਣ ਆਪਣੇ ਆਪ ਨੂੰ ਅਤੇ ਕੌਮ ਨੂੰ ਧੋਖਾ ਦੇਣ ਵਾਲੀ ਗੱਲ ਹੈ। ਗੁਰੂ ਸਾਡਾ ਹੈ, ਰਾਖੀ ਵੀ ਅਸੀਂ ਕਰਨੀ ਹੈ, ਸਤਿਕਾਰ ਵੀ ਖੁਦ ਕਾਇਮ ਰੱਖਣਾ ਪੈਣਾ ਹੈ, ਦੁਸ਼ਟ ਨੂੰ ਵੀ ਆਪ ਹੀ ਸੋਧਣਾ ਪੈਣਾ ਹੈ, ਤੇ ਅਗਾਂਹ ਵੀ ਸਾਵਧਾਨ ਹੋ ਕੇ ਪਹਿਰੇ ਦੇਣ ਦੀ ਲੋੜ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਜਿਸ ਦੇਸ਼ ਵਿੱਚ ਸਾਡਾ ਇਸ਼ਟ, ਧਰਮ, ਬੋਲੀ, ਸੱਭਿਆਚਾਰ, ਪਹਿਰਾਵਾ, ਦਸਤਾਰ, ਕਕਾਰ ਹੀ ਸੁਰੱਖਿਅਤ ਨਹੀਂ, ਉਸ ਨੂੰ ਆਪਣਾ ਕਿਵੇਂ ਮੰਨ ਲਈਏ? ਜਦ ਕਿ ਦੂਜੇ ਪਾਸੇ ਖ਼ਾਲਸਾ ਰਾਜ ਸਮੇਂ ਨਾ ਤਾਂ ਕਿਸੇ ਧਰਮ ਗ੍ਰੰਥ ਦੀ ਕਦੇ ਬੇਅਦਬੀ ਹੋਈ, ਨਾ ਹੀ ਕੋਈ ਦੰਗੇ-ਫਸਾਦ। ਅਸੀਂ ਅਜਿਹਾ ਰਾਜ ਸਿਰਜਣਾ ਚਾਹੁੰਦੇ ਹਾਂ ਜਿੱਥੇ ਹਰੇਕ ਧਰਮ ਦਾ ਸਤਿਕਾਰ ਹੋਵੇ, ਧਰਮ ਗ੍ਰੰਥਾਂ ਦੀ ਬੇਅਦਬੀ ਨਾ ਹੋਵੇ, ਸਾਡੇ ਕੁਦਰਤੀ ਸ੍ਰੋਤ ਮਹਿਫ਼ੂਜ ਰਹਿਣ, ਜਿੱਥੇ ਅਸੀਂ ਵੀ ਅਜ਼ਾਦੀ ਦਾ ਨਿੱਘ ਮਾਣ ਸਕੀਏ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਦੇ ਰੋਸ ਵਜੋਂ ਸਿੱਖ ਕੋਈ ਵੀ ਕਦਮ ਉਠਾ ਸਕਦੇ ਹਨ। ਉਹਨਾਂ ਕਿਹਾ ਕਿ ਸਰਕਾਰਾਂ ਸਾਡੇ ਸਬਰ ਦਾ ਹੋਰ ਇਮਤਿਹਾਨ ਨਾ ਲੈਣ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬੇਅਦਬੀਆਂ ਲਈ ਸਭ ਤੋਂ ਵੱਡੇ ਜ਼ਿੰਮੇਵਾਰ ਬਾਦਲਕੇ ਅਤੇ ਸ਼੍ਰੋਮਣੀ ਕਮੇਟੀ ਦੇ ਮਸੰਦ ਹਨ ਜੋ ਪਹਿਲਾਂ ਆਪਣੇ ਰਾਜ 'ਚ ਬੇਅਦਬੀ ਘਟਨਾਵਾਂ ਨੂੰ ਕੱਖ ਨਹੀਂ ਸਮਝਦੇ ਰਹੇ, ਫਿਰ ਕੈਪਟਨ ਅਤੇ ਭਗਵੰਤ ਮਾਨ ਵੀ ਇਹਨਾਂ ਦੀਆਂ ਪੈੜਾਂ 'ਤੇ ਚਲ ਰਿਹਾ ਹੈ ਪਰ ਗੁਰੂ ਬਹੁਤ ਬੇਅੰਤ ਹੈ, ਲੇਖਾ ਸਭ ਦਾ ਹੋਵੇਗਾ, ਗੁਰੂ ਨੇ ਕਿਸੇ ਨੂੰ ਮਾਫ਼ ਨਹੀਂ ਕਰਨਾ। ਜਿਸ ਖੱਡ 'ਚ ਬਾਦਲ-ਕੈਪਟਨ ਡਿੱਗੇ ਉਸੇ 'ਚ ਭਗਵੰਤ ਮਾਨ ਡਿੱਗੇਗਾ।



# 'ਅਗਨੀਕਾਂਡਾਂ' ਨਾਲ ਜਾਨਲੇਵਾ ਬਣ ਰਹੇ ਜੀਵਨ ਦੇਣ ਵਾਲੇ 'ਉਚ ਹਸਪਤਾਲ'

ਹਸਪਤਾਲਾਂ 'ਚ ਜਿਥੇ ਬੀਮਾਰ ਲੋਕ ਨਵਾਂ ਜੀਵਨ ਪਾਉਣ ਲਈ ਜਾਂਦੇ ਹਨ, ਉਥੇ ਹੀ ਸਮੇਂ-ਸਮੇਂ 'ਤੇ ਹੋਣ ਵਾਲੇ ਅਗਨੀ ਕਾਂਡਾਂ ਨਾਲ ਉਹ ਲੋਕ ਬੇਮੌਤ ਮਰ ਰਹੇ ਹਨ। ਇਕ ਰਿਪੋਰਟ ਅਨੁਸਾਰ ਅਗਸਤ 2020 ਤੋਂ ਅਪ੍ਰੈਲ 2022 ਦਰਮਿਆਨ ਦੇਸ਼ ਦੇ ਹਸਪਤਾਲਾਂ 'ਚ ਅੱਗ ਲੱਗਣ ਦੀਆਂ 29 ਵੱਡੀਆਂ ਘਟਨਾਵਾਂ 'ਚ 122 ਲੋਕਾਂ ਦੀ ਮੌਤ ਹੋਈ।

ਇਸ ਸਾਲ ਹਸਪਤਾਲਾਂ 'ਚ ਅਗਨੀਕਾਂਡਾਂ ਦੀਆਂ ਘਟਨਾਵਾਂ ਹੇਠਾਂ ਦਰਜ ਹਨ :

- 16 ਅਕਤੂਬਰ ਨੂੰ ਸਵੇਰ ਸਮੇਂ ਪੀ. ਜੀ. ਆਈ. ਚੰਡੀਗੜ੍ਹ ਦੇ 'ਐਡਵਾਂਸ ਆਈ ਸੈਂਟਰ' ਦੇ ਬੇਸਮੈਂਟ 'ਚ ਅੱਗ ਲੱਗਣ ਨਾਲ ਹਫੜਾ-ਦਫੜੀ ਮਚ ਗਈ। ਇਸ ਤੋਂ ਪਹਿਲਾਂ 9 ਅਕਤੂਬਰ ਨੂੰ ਵੀ ਪੀ. ਜੀ. ਆਈ. ਦੇ 'ਨਹਿਰੂ ਹਸਪਤਾਲ' 'ਚ ਭਿਆਨਕ ਅੱਗ ਲੱਗੀ ਸੀ।
- 12 ਅਕਤੂਬਰ ਨੂੰ ਇੰਦੌਰ (ਮੱਧ ਪ੍ਰਦੇਸ਼) ਦੇ ਸੀ. ਐੱਚ. ਐੱਲ. ਹਸਪਤਾਲ ਦੀ ਪਹਿਲੀ ਮੰਜ਼ਿਲ 'ਤੇ ਰਾਤ ਸਮੇਂ ਅੱਗ ਲੱਗ ਜਾਣ ਨਾਲ ਸਾਰੇ ਹਸਪਤਾਲ 'ਚ ਧੂੰਆਂ ਭਰ ਗਿਆ ਅਤੇ ਆਈ. ਸੀ. ਯੂ. 'ਚ ਦਾਖਲ 5 ਰੋਗੀ ਵਾਲ-ਵਾਲ ਬਚੇ।
- 23 ਅਗਸਤ ਨੂੰ ਹਿਸਾਰ ਦੇ ਇਕ ਹਸਪਤਾਲ 'ਚ ਅੱਗ ਲੱਗਣ ਨਾਲ ਇਕ ਮਰੀਜ਼ ਦੀ ਝੁਲਸ ਕੇ ਦਰਦਨਾਕ ਮੌਤ ਹੋ ਗਈ।
- 7 ਅਗਸਤ ਨੂੰ ਦਿੱਲੀ ਦੇ ਏਮਜ਼ ਦੀ ਦੂਜੀ ਮੰਜ਼ਿਲ 'ਤੇ ਅੱਗ ਲੱਗਣ ਨਾਲ ਹਫੜਾ-ਦਫੜੀ ਮਚ ਗਈ। ਫਾਇਰ ਬ੍ਰਿਗੇਡ ਦੀਆਂ 8 ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ ਅਤੇ ਮਰੀਜ਼ਾਂ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾਇਆ।
- 30 ਜੁਲਾਈ ਨੂੰ ਅਹਿਮਦਾਬਾਦ (ਗੁਜਰਾਤ) ਦੇ ਇਕ ਹਸਪਤਾਲ 'ਚ ਤੜਕੇ ਅੱਗ ਲੱਗ ਜਾਣ ਨਾਲ ਉੱਥੇ ਵੱਖ-ਵੱਖ ਵਾਰਡਾਂ 'ਚ ਇਲਾਜ ਅਧੀਨ 106 ਰੋਗੀਆਂ ਨੂੰ ਕਾਹਲੀ-ਕਾਹਲੀ 'ਚ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ।
- 12 ਜੁਲਾਈ ਨੂੰ ਕੋਟਾ (ਰਾਜਸਥਾਨ) ਦੇ ਮੈਡੀਕਲ ਕਾਲਜ 'ਚ ਇਕ ਰੋਗੀ ਨੂੰ ਲਗਾਏ ਆਕਸੀਜਨ ਮਾਸਕ 'ਚ ਭੜਕੀ ਚੰਗਿਆੜੀ ਨਾਲ ਅੱਗ ਲੱਗ ਜਾਣ ਕਾਰਨ ਮਾਸਕ ਮਰੀਜ਼ ਦੀ ਧੌਣ 'ਤੇ ਹੀ ਚਿਪਕ ਜਾਣ ਕਾਰਨ ਉਸ ਦੀ ਮੌਤ ਹੋ ਗਈ।
- 9 ਜੂਨ ਨੂੰ ਦਿੱਲੀ ਦੇ ਇਕ ਜੱਚਾ-ਬੱਚਾ ਹਸਪਤਾਲ 'ਚ ਅੱਗ ਲੱਗ ਗਈ ਪਰ ਸਮਾਂ ਰਹਿੰਦੇ ਪਹੁੰਚੀ ਫਾਇਰ ਬ੍ਰਿਗੇਡ ਦਲ ਨੇ ਉੱਥੋਂ 20 ਬੱਚਿਆਂ ਨੂੰ ਸੁਰੱਖਿਅਤ ਕੱਢ ਲਿਆ।
- 16 ਮਾਰਚ ਨੂੰ ਬਨਾਸਕਾਂਠਾ (ਗੁਜਰਾਤ) ਜ਼ਿਲੇ ਦੇ ਸ਼ਿਹੋਰੀ ਸ਼ਹਿਰ ਦੇ ਇਕ ਹਸਪਤਾਲ 'ਚ ਸ਼ਾਰਟ ਸਰਕਟ ਕਾਰਨ ਅੱਗ ਲੱਗਣ ਨਾਲ ਇਕ ਬੱਚੇ ਦੀ ਮੌਤ ਹੋ ਗਈ ਜਦਕਿ 2 ਹੋਰ ਬੱਚੇ ਬੁਰੀ ਤਰ੍ਹਾਂ ਝੁਲਸ ਗਏ।
- 28 ਜਨਵਰੀ ਰਾਤ ਨੂੰ ਧਨਬਾਦ (ਝਾਰਖੰਡ) ਦੇ ਹਜ਼ਾਰਾ ਹਸਪਤਾਲ 'ਚ ਲੱਗੀ ਭਿਆਨਕ ਅੱਗ ਕਾਰਨ ਡਾਕਟਰ ਜੋੜੇ ਸਮੇਤ 6 ਲੋਕਾਂ ਦੀ ਮੌਤ ਹੋ ਗਈ।
- 1 ਜਨਵਰੀ ਨੂੰ ਦਿੱਲੀ 'ਚ ਗ੍ਰੇਟਰ ਕੈਲਾਸ਼ ਇਲਾਕੇ ਦੇ ਇਕ ਨਰਸਿੰਗ ਹੋਮ 'ਚ ਅੱਗ ਲੱਗਣ ਨਾਲ 2 ਲੋਕਾਂ ਦੀ ਸੜ ਕੇ ਮੌਤ ਹੋ ਗਈ।
- 1 ਜਨਵਰੀ ਨੂੰ ਹੀ ਅਹਿਮਦਾਬਾਦ (ਗੁਜਰਾਤ) 'ਚ ਅੱਖਾਂ ਦੇ ਇਕ ਹਸਪਤਾਲ 'ਚ ਅੱਗ ਲੱਗ ਜਾਣ ਨਾਲ ਹਸਪਤਾਲ ਦੇ 2 ਕਰਮਚਾਰੀਆਂ ਦੀ ਮੌਤ ਹੋ ਗਈ।

ਹਸਪਤਾਲਾਂ 'ਚ ਇਲਾਜ ਅਧੀਨ ਵਧੇਰੇ ਰੋਗੀਆਂ ਦੇ ਚੱਲਣ-ਫਿਰਨ 'ਚ ਅਸਮਰੱਥ ਹੋਣ ਕਾਰਨ ਅੱਗ ਲੱਗਣ ਵਰਗੀ ਸਥਿਤੀ 'ਚ ਉਨ੍ਹਾਂ ਲਈ ਜਾਨ ਬਚਾਉਣਾ ਔਖਾ ਹੁੰਦਾ ਹੈ, ਇਸ ਲਈ ਉੱਥੇ ਬਚਾਅ ਦੇ ਸਮੁੱਚੇ ਪ੍ਰਬੰਧ ਹੋਣੇ ਜ਼ਰੂਰੀ ਹਨ।

ਇਸ ਦੇ ਬਾਵਜੂਦ ਹਸਪਤਾਲਾਂ 'ਚ ਸੁਰੱਖਿਆ ਮਾਪਦੰਡਾਂ ਦੀ ਅਣਦੇਖੀ ਅਤੇ ਸੁਰੱਖਿਆ ਆਡਿਟ ਨਾ ਕਰਵਾਏ ਜਾਣ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ ਅਤੇ ਦੇਸ਼ 'ਚ ਵੱਡੀ ਗਿਣਤੀ 'ਚ ਹਸਪਤਾਲ ਬਿਨਾਂ ਫਾਇਰ ਲਾਇਸੈਂਸ ਦੇ ਹੀ ਚੱਲ ਰਹੇ ਹਨ। ਇਕੱਲੇ ਮੱਧ ਪ੍ਰਦੇਸ਼ ਦੇ ਭੋਪਾਲ 'ਚ ਹੀ 190 ਹਸਪਤਾਲ ਅਜਿਹੇ ਹਨ ਜਿੱਥੇ ਅੱਗ ਨਾਲ ਨਜਿੱਠਣ ਦੇ ਤਸੱਲੀਬਖਸ਼ ਪ੍ਰਬੰਧ ਨਹੀਂ ਪਾਏ ਗਏ।

ਇਸੇ ਤਰ੍ਹਾਂ 'ਕੈਗ' ਨੇ ਇਸ ਸਾਲ ਅਪ੍ਰੈਲ 'ਚ ਇਕ ਰਿਪੋਰਟ 'ਚ ਦੱਸਿਆ ਸੀ ਕਿ ਹਿਮਾਚਲ ਪ੍ਰਦੇਸ਼ ਦੇ 99 ਪ੍ਰਮੁੱਖ ਹਸਪਤਾਲਾਂ 'ਚੋਂ ਕਿਸੇ ਨੇ ਵੀ ਫਾਇਰ ਬ੍ਰਿਗੇਡ ਵਿਭਾਗ ਤੋਂ ਇਤਰਾਜ਼ਹੀਣਤਾ ਪ੍ਰਮਾਣ ਪੱਤਰ (ਨੋ ਆਬਜੈਕਸ਼ਨ ਸਰਟੀਫਿਕੇਟ) ਪ੍ਰਾਪਤ ਨਹੀਂ ਕੀਤਾ।

ਕੇਂਦਰ ਸਰਕਾਰ ਨੇ 30 ਨਵੰਬਰ, 2020 ਨੂੰ ਜਾਰੀ ਹੁਕਮ ਅਧੀਨ ਦੇਸ਼ ਭਰ ਦੇ ਹਸਪਤਾਲਾਂ ਅਤੇ ਨਰਸਿੰਗ ਹੋਮਜ਼ ਨੂੰ ਅੱਗ ਤੋਂ ਸੁਰੱਖਿਆ ਦੇ ਉਪਾਵਾਂ ਦੀ ਪਾਲਣਾ ਕਰਨ ਲਈ ਕਿਹਾ ਸੀ ਅਤੇ ਸੁਪਰੀਮ ਕੋਰਟ ਵੀ ਸਾਰੇ ਸੂਬਿਆਂ ਦੇ ਹਸਪਤਾਲਾਂ 'ਚ ਫਾਇਰ ਸਿਕਿਓਰਿਟੀ ਆਡਿਟ ਕਰਾਉਣ ਅਤੇ ਫਾਇਰ ਡਿਪਾਰਟਮੈਂਟ ਤੋਂ ਐੱਨ. ਓ. ਸੀ. ਲੈਣ ਦਾ ਵੀ ਹੁਕਮ ਜਾਰੀ ਕਰ ਚੁੱਕੀ ਹੈ ਪਰ ਇਨ੍ਹਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ।

ਇਸ ਲਈ ਡਿਊਟੀ ਸਮੇਂ ਹਸਪਤਾਲ ਦੇ ਸਬੰਧਤ ਕਰਮਚਾਰੀਆਂ ਦੇ ਸੁਚੇਤ ਰਹਿਣ, ਕਿਸੇ ਵੀ ਖਰਾਬੀ ਲਈ ਉਨ੍ਹਾਂ 'ਤੇ ਜ਼ਿੰਮੇਵਾਰੀ ਤੈਅ ਕਰਨ, ਬਿਜਲੀ ਆਦਿ ਦੇ ਯੰਤਰਾਂ ਦੀ ਨਿਯਮਿਤ ਜਾਂਚ ਯਕੀਨੀ ਕਰਨ ਤੋਂ ਇਲਾਵਾ ਅਜਿਹੀਆਂ ਮੌਤਾਂ ਲਈ ਜ਼ਿੰਮੇਵਾਰ ਸਟਾਫ ਵਿਰੁੱਧ ਸਖਤ ਕਾਰਵਾਈ ਕਰਨ ਦੀ ਲੋੜ ਹੈ, ਨਹੀਂ ਤਾਂ ਹਸਪਤਾਲਾਂ 'ਚ ਲੋਕ ਬੇਮੌਤ ਮਰਦੇ ਹੀ ਰਹਿਣਗੇ।



# ਇਜ਼ਰਾਈਲ ਵਲੋਂ ਗਾਜ਼ਾ 'ਤੇ ਹਮਲੇ ਤੇਜ਼, ਇਕੋ ਦਿਨ 700 ਤੋਂ ਵੱਧ ਮੌਤਾਂ

## • ਫ਼ਰਾਂਸ ਦੇ ਰਾਸ਼ਟਰਪਤੀ ਮੈਕਰਨ ਨੇ ਇਜ਼ਰਾਈਲ ਜਾ ਕੇ ਇਕਜੁੱਟਤਾ ਦਾ ਕੀਤਾ ਪ੍ਰਗਟਾਵਾ

## • ਹਮਾਸ ਨੇ ਦੋ ਇਜ਼ਰਾਈਲੀ ਔਰਤਾਂ ਨੂੰ ਕੀਤਾ ਰਿਹਾਅ

ਰਾਫਾਹ : ਇਜ਼ਰਾਈਲ ਤੇ ਗਾਜ਼ਾ ਪੱਟੀ 'ਚ ਜਾਰੀ ਯੁੱਧ ਦਰਮਿਆਨ ਇਜ਼ਰਾਇਲੀ ਸੈਨਾ ਨੇ ਗਾਜ਼ਾ 'ਤੇ ਬੰਬਾਰੀ ਤੇਜ਼ ਕਰ ਦਿੱਤੀ ਹੈ ਅਤੇ ਇਕੋ ਦਿਨ 'ਚ 700 ਤੋਂ ਵੱਧ ਲੋਕਾਂ ਦੀ ਮੌਤ ਹੋਣ ਦੀ ਖ਼ਬਰ ਹੈ। ਫ਼ੌਜ ਨੇ ਕਿਹਾ ਕਿ ਹਮਾਸ ਦੇ ਅੱਤਵਾਦੀਆਂ ਖ਼ਿਲਾਫ਼ ਜ਼ਮੀਨੀ ਹਮਲੇ ਤੋਂ ਪਹਿਲਾਂ ਅਮਰੀਕਾ ਨੂੰ ਡਰ ਹੈ ਕਿ ਅਮਰੀਕੀ ਸੈਨਿਕਾਂ 'ਤੇ ਹਮਲੇ ਸਮੇਤ ਖੇਤਰ 'ਚ ਵਿਆਪਕ ਸੰਘਰਸ਼ ਹੋ ਸਕਦਾ ਹੈ। ਵਧਦੇ ਹਮਲਿਆਂ ਅਤੇ ਗਾਜ਼ਾ 'ਚ ਤੇਜ਼ੀ ਨਾਲ ਵਧ ਰਹੀ ਮੌਤਾਂ ਦੀ ਗਿਣਤੀ ਦਰਮਿਆਨ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰਨ ਤਲ ਅਵੀਵ ਪੁੱਜੇ ਅਤੇ ਇਜ਼ਰਾਈਲ ਦੇ ਚੋਟੀ ਦੇ ਆਗੂਆਂ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਉਨ੍ਹਾਂ ਯੁੱਧ 'ਚ ਮਾਰੇ ਗਏ ਜਾਂ ਬੰਧਕ ਬਣਾਏ ਗਏ ਫਰਾਂਸੀਸੀ ਨਾਗਰਿਕਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਇਜ਼ਰਾਈਲ ਦੇ ਰਾਸ਼ਟਰਪਤੀ ਇਸਾਕ ਹਰਜ਼ੋਗ, ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ, ਸਾਬਕਾ ਰੱਖਿਆ ਮੰਤਰੀ ਬੇਨੀ ਗੈਂਟਜ਼ ਅਤੇ ਵਿਰੋਧੀ ਧਿਰ ਦੇ ਨੇਤਾ ਯਾਯਰ ਲੈਪਿਡ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਉਹ ਆਪਣਾ ਸਮਰਥਨ ਅਤੇ ਇਕਜੁੱਟਤਾ ਪ੍ਰਗਟ ਕਰਨ ਦੇ ਨਾਲ ਇਜ਼ਰਾਈਲ ਨੂੰ ਭਰੋਸਾ ਦੇਣ ਆਏ ਹਨ ਕਿ ਅੱਤਵਾਦ ਖ਼ਿਲਾਫ਼ ਯੁੱਧ 'ਚ ਉਸ ਨੂੰ ਇਕੱਲਾ ਨਹੀਂ ਛੱਡਿਆ ਜਾਵੇਗਾ। ਇਸੇ ਦੌਰਾਨ ਹਮਾਸ ਨੇ ਦੋ ਬਜ਼ੁਰਗ ਇਜ਼ਰਾਇਲੀ ਔਰਤਾਂ ਨੂੰ ਰਿਹਾਅ ਕਰ ਦਿੱਤਾ, ਜੋ ਦੱਖਣੀ ਇਜ਼ਰਾਈਲ ਦੇ ਸ਼ਹਿਰਾਂ 'ਤੇ 7 ਅਕਤੂਬਰ ਨੂੰ ਹੋਏ ਹਮਲਿਆਂ ਦੌਰਾਨ ਬੰਧਕ ਬਣਾਏ ਵਿਅਕਤੀਆਂ 'ਚ ਸ਼ਾਮਲ ਸਨ। ਇਸੇ ਦੌਰਾਨ ਇਜ਼ਰਾਈਲ ਨੇ ਕਿਹਾ ਕਿ ਉਸ ਨੇ ਪਿਛਲੇ ਦਿਨ ਕੀਤੇ 400 ਹਵਾਈ ਹਮਲਿਆਂ ਦੌਰਾਨ ਹਮਾਸ ਕਮਾਂਡਰਾਂ ਅਤੇ ਅੱਤਵਾਦੀਆਂ ਨੂੰ ਮਾਰਿਆ, ਕਿਉਂਕਿ ਉਹ ਇਜ਼ਰਾਈਲ 'ਤੇ ਰਾਕੇਟ ਦਾਗ਼ਣ ਦੀ ਤਿਆਰੀ ਕਰ ਰਹੇ ਸਨ। ਹਮਾਸ ਦੇ ਸਿਹਤ ਮੰਤਰਾਲੇ ਅਨੁਸਾਰ ਯੁੱਧ 'ਚ ਹੁਣ ਤੱਕ 5000 ਤੋਂ ਵੱਧ ਫਿਲਸਤੀਨੀ ਮਾਰੇ ਗਏ ਹਨ, ਜਿਨ੍ਹਾਂ 'ਚ 2 ਹਜ਼ਾਰ ਤੋਂ ਵੱਧ ਬੱਚੇ ਅਤੇ 1100 ਔਰਤਾਂ ਵੀ ਸ਼ਾਮਿਲ ਹਨ। ਜਦੋਂਕਿ ਇਜ਼ਰਾਈਲ 'ਚ 1400 ਤੋਂ ਵੱਧ ਨਾਗਰਿਕ ਮਾਰੇ ਗਏ ਹਨ।


ਯੈਰੂਸ਼ਲਮ ਵਿਖੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਨ ਨੇਤਨਯਾਹੂ ਨਾਲ ਮੁਲਾਕਾਤ ਦੌਰਾਨ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰਨ


ਅਲ ਕਾਸਮ ਬ੍ਰਿਗੇਡ ਵੱਲੋਂ ਆਪਣੇ ਟੈਲੀਗ੍ਰਾਮ ਚੈਨਲ 'ਤੇ ਜਾਰੀ ਕੀਤੀ ਗਈ ਵੀਡੀਓ 'ਚੋਂ ਲਈ ਗਈ ਤਸਵੀਰ ਜਿਸ ਵਿੱਚ ਹਮਾਸ ਵੱਲੋਂ ਰਿਹਾਅ ਕੀਤੀਆਂ ਦੋ ਬਿਰਧ ਔਰਤਾਂ ਨਜ਼ਰ ਆ ਰਹੀਆਂ ਹਨ।





(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)













# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM


ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ
ਪ੍ਰਕਾਸ਼ ਪੁਰਬ
ਦੀ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈ
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਕੈਲੀਫੋਰਨੀਆਂ ਦੇ ਨੌਜਵਾਨ ਸਿੱਖ ਆਗੂ ਦਹਾਕਿਆਂ ਤੋਂ ਪੰਥ ਦੀ ਸੇਵਾ ਕਰਦੇ ਆ ਰਹੇ ਸੰਗਤਾਂ ਦੇ ਸੇਵਾਦਾਰ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ ਦੇ ਖਜ਼ਾਨਚੀ
CHARKHA's
ਦੀ ਚੇਨ ਦੇ ਮਾਲਕ
Pabla Beverages inc &
Pauls Liquors & Markets
Www.bevstore.com 408-515-5330,
San Jose Morgan Hill Gilroy California
Surinder Singh Pabla
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ
ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ

# ਬੁਰਾਈ ਦੇ ਨਾਸ਼ ਲਈ ਅਸੀਂ ਗੀਤਾ ਦਾ ਗਿਆਨ ਵੀ ਜਾਣਦੇ ਹਾਂ ਅਤੇ ਵਿਗਿਆਨ ਵੀ : ਨਰਿੰਦਰ ਮੋਦੀ

## ਦਿੱਲੀ ਵਿਖੇ ਦੁਸਹਿਰਾ ਸਮਾਗਮ 'ਚ ਕੀਤੀ ਸ਼ਮੂਲੀਅਤ








ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁਸਹਿਰੇ ਮੌਕੇ ਲੋਕਾਂ ਨੂੰ ਜਾਤੀਵਾਦ ਅਤੇ ਖੇਤਰਵਾਦ ਨਾਲ ਦੇਸ਼ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਤਾਕਤਾਂ ਨੂੰ ਜੜ੍ਹੋਂ ਪੁੱਟਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਤਿਉਹਾਰ ਮੌਕੇ ਉਨ੍ਹਾਂ ਵਿਚਾਰਧਾਰਾਵਾਂ ਨੂੰ ਵੀ ਸਾੜਨਾ ਚਾਹੀਦਾ ਹੈ, ਜੋ ਭਾਰਤ ਦੇ ਵਿਕਾਸ ਲਈ ਨਹੀਂ, ਬਲਕਿ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਹਨ। ਇਥੇ ਦਵਾਰਕਾ ਵਿਖੇ ਦੁਸਹਿਰੇ ਮੌਕੇ ਕਰਵਾਏ ਸਮਾਗਮ ਦੌਰਾਨ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਤਿਉਹਾਰ ਕੇਵਲ ਰਾਵਣ ਦੇ ਪੁਤਲੇ ਸਾੜਨ ਅਤੇ ਭਗਵਾਨ ਰਾਮ ਦੀ ਬੁਰਾਈ 'ਤੇ ਜਿੱਤ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ, ਬਲਕਿ ਦੇਸ਼ 'ਚ ਹਰ ਬੁਰਾਈ 'ਤੇ ਦੇਸ਼ ਭਗਤੀ ਦੀ ਜਿੱਤ ਦਾ ਪ੍ਰਤੀਕ ਵੀ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਦੀਆਂ ਇਹ ਟਿੱਪਣੀਆਂ ਵਿਰੋਧੀ ਪਾਰਟੀਆਂ 'ਤੇ ਸਪਸ਼ਟ ਵਾਰ ਸਨ, ਜਿਨ੍ਹਾਂ 'ਤੇ ਉਹ ਵਾਰ-ਵਾਰ ਦੋਸ਼ ਲਗਾਉਂਦੇ ਰਹੇ ਹਨ ਕਿ ਉਹ ਸਿਆਸੀ ਲਾਹਾ ਲੈਣ ਲਈ ਜਾਤ ਅਤੇ ਖੇਤਰ ਦੇ ਨਾਂਅ 'ਤੇ ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੁਸਹਿਰੇ ਦੇ ਤਿਉਹਾਰ ਮੌਕੇ ਸਾਨੂੰ ਸਮਾਜਿਕ ਬੁਰਾਈਆਂ ਅਤੇ ਭੇਦਭਾਵ ਨੂੰ ਖ਼ਤਮ ਕਰਨ ਦਾ ਸੰਕਲਪ ਲੈਣਾ ਚਾਹੀਦਾ ਹੈ ਅਤੇ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਵਾਲੀ ਹਰ ਬੁਰਾਈ ਨੂੰ ਵੀ ਸਾੜ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਜੇਦਸ਼ਮੀ ਅਨਿਆਂ 'ਤੇ ਨਿਆਂ ਦੀ ਜਿੱਤ, ਅਹੰਕਾਰ 'ਤੇ ਨਿਮਰਤਾ ਅਤੇ ਗੁੱਸੇ 'ਤੇ ਸਬਰ ਦੀ ਜਿੱਤ ਦਾ ਤਿਉਹਾਰ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਗਵਾਨ ਰਾਮ ਦੀ ਜਨਮ ਭੂਮੀ 'ਤੇ ਬਣ ਰਿਹਾ ਮੰਦਰ ਸਦੀਆਂ ਦੀ ਉਡੀਕ ਦੇ ਬਾਅਦ ਭਾਰਤ ਵਾਸੀਆਂ ਦੇ ਸਬਰ ਨੂੰ ਮਿਲੀ ਜਿੱਤ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅਗਲੀ ਰਾਮ ਨੌਮੀ ਮੌਕੇ ਮੰਦਰ 'ਚ ਪੂਜਾ ਕਰਨ ਨਾਲ ਪੂਰੀ ਦੁਨੀਆ 'ਚ ਖ਼ੁਸ਼ੀਆਂ ਫੈਲਣਗੀਆਂ। ਉਨ੍ਹਾਂ ਕਿਹਾ ਕਿ ਰਾਮ ਮੰਦਰ ਦਾ ਨਿਰਮਾਣ ਕਈ ਸ਼ੁੱਭ ਵਿਕਾਸ ਕਾਰਜਾਂ ਦੇ ਵਿਚਕਾਰ ਹੋ ਰਿਹਾ ਹੈ ਅਤੇ ਉਨ੍ਹਾਂ ਇਸ ਮੌਕੇ ਭਾਰਤ ਦੇ ਸਫ਼ਲ ਚੰਦਰਮਾ



ਮਿਸ਼ਨ, ਨਵੇਂ ਸੰਸਦ ਭਵਨ ਦੇ ਉਦਘਾਟਨ ਅਤੇ ਔਰਤਾਂ ਦੇ ਰਾਖਵਾਂਕਰਨ ਕਾਨੂੰਨ ਨੂੰ ਲਾਗੂ ਕਰਨ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਅੱਜ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਨਾਲ-ਨਾਲ ਸਭ ਤੋਂ ਭਰੋਸੇਮੰਦ ਲੋਕਤੰਤਰ ਵਜੋਂ ਉੱਭਰ ਰਿਹਾ ਹੈ। ਭਗਵਾਨ ਰਾਮ ਅਜਿਹੇ ਸ਼ੁੱਭ ਸੰਕੇਤਾਂ 'ਚ ਆ ਰਹੇ ਹਨ, ਆਜ਼ਾਦੀ ਦੇ 75 ਸਾਲ ਬਾਅਦ ਹੁਣ ਭਾਰਤ ਦੀ ਕਿਸਮਤ ਚਮਕਣ ਵਾਲੀ ਹੈ।

# ਭਗਵਾਨ ਰਾਮ ਦੇ ਸਿਧਾਂਤ ਸਾਡੇ ਸਮਾਜ ਵਿੱਚ ਬੁਰਾਈਆਂ ਨਾਲ ਲੜਨ ਵਿੱਚ ਮਦਦ ਕਰ ਸਕਦੇ ਹਨ : ਰਾਸ਼ਟਰਪਤੀ ਦ੍ਰੋਪਦੀ ਮੁਰਮੂ









ਨਵੀਂ ਦਿੱਲੀ : ਦੁਸਹਿਰੇ ਦੇ ਹਿੰਦੂ ਤਿਉਹਾਰ ਜੋ ਬੁਰਾਈ 'ਤੇ ਚੰਗਿਆਈ ਦੀ ਜਿੱਤ ਦਾ ਚਿੰਨ੍ਹ ਹੈ, ਇਸ ਮੌਕੇ 'ਤੇ ਹਿੰਦੂ ਦੈਂਤ ਰਾਜੇ 'ਰਾਵਣ' ਦੇ ਪੁਤਲੇ ਨੂੰ ਸਾੜਨ ਤੋਂ ਪਹਿਲਾਂ ਇਕ ਸਮਾਗਮ ਦੌਰਾਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਧਨੁਸ਼ ਅਤੇ ਤੀਰ ਫੜੇ ਹੋਏ ਹਨ। ਵਿਜੇਦਸ਼ਮੀ ਦੇ ਸ਼ੁਭ ਮੌਕੇ 'ਤੇ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਭਗਵਾਨ ਰਾਮ ਦੇ ਸਿਧਾਂਤ ਸਮਾਜ ਵਿੱਚ ਪ੍ਰਚਲਿਤ ਵੱਖ-ਵੱਖ ਬੁਰਾਈਆਂ ਨਾਲ ਲੜਨ ਲਈ ਦਿਸ਼ਾ ਪ੍ਰਦਾਨ ਕਰ ਸਕਦੇ ਹਨ। ਰਾਸ਼ਟਰਪਤੀ ਨੇ ਇਹ ਟਿੱਪਣੀਆਂ ਲਾਲ ਕਿਲ੍ਹੇ ਵਿਖੇ ਧਰਮ ਲੀਲਾ ਕਮੇਟੀ ਵੱਲੋਂ ਕਰਵਾਏ ਦੁਸਹਿਰਾ ਸਮਾਗਮ ਵਿੱਚ ਸ਼ਮੂਲੀਅਤ ਕਰਨ ਮੌਕੇ ਕੀਤੀਆਂ। ਅੱਜ ਵੀ ਅਸੀਂ ਬਹੁਤ ਸਾਰੀਆਂ ਬੁਰਾਈਆਂ ਦਾ ਸਾਹਮਣਾ ਕਰ ਰਹੇ ਹਾਂ। ਭ੍ਰਿਸ਼ਟਾਚਾਰ ਤੋਂ ਲੈ ਕੇ ਅੱਤਵਾਦ ਤੱਕ ਬਹੁਤ ਸਾਰੀਆਂ ਬੁਰਾਈਆਂ ਸਾਡੇ ਸਾਹਮਣੇ ਹਨ। ਭਗਵਾਨ ਰਾਮ ਦੇ ਸਿਧਾਂਤ ਇਨ੍ਹਾਂ ਬੁਰਾਈਆਂ ਨਾਲ ਪੈਦਾ ਹੋਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਸਾਡੀ ਮਦਦ ਕਰ ਸਕਦੇ ਹਨ। ਉਸਨੇ ਇਹਨਾਂ ਸਮਾਜਿਕ ਬੁਰਾਈਆਂ ਨੂੰ ਜਿੱਤਣ ਲਈ ਸਮੂਹਿਕ ਏਕਤਾ ਦੀ ਲੋੜ ਨੂੰ ਉਜਾਗਰ ਕੀਤਾ, ਜਿਵੇਂ ਕਿ ਭਗਵਾਨ ਰਾਮ ਨੇ ਰਾਵਣ ਨੂੰ ਹਰਾਉਣ ਲਈ ਸਾਰਿਆਂ ਨੂੰ ਇਕੱਠਾ ਕੀਤਾ ਸੀ। ਜਿਸ ਤਰ੍ਹਾਂ ਭਗਵਾਨ ਰਾਮ ਨੇ ਬੁਰਾਈ ਨੂੰ ਹਰਾਉਣ ਲਈ ਸਾਰਿਆਂ ਦੀ ਮਦਦ ਲਈ। ਅਸੀਂ ਇੱਕਜੁੱਟ ਹੋ ਕੇ ਆਪਣੇ ਸਮਾਜ ਵਿੱਚ ਰਾਵਣ ਨੂੰ ਵੀ ਹਰਾ ਸਕਦੇ ਹਾਂ। ਸਾਡੇ ਸਮਾਜ ਵਿੱਚ, ਹਰ ਕੋਈ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਭਾਵੇਂ ਉਹ ਕਿਸਾਨ ਹੋਵੇ ਜਾਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਵਾਲਾ ਸਿਪਾਹੀ। ਵਿਗਿਆਨੀ ਅਤੇ ਸਿਆਸਤਦਾਨ ਸਾਰੇ ਸਮਾਜ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦੇ ਹਨ। ਵਿਜਯਾਦਸ਼ਮੀ, ਜਿਸ ਨੂੰ ਦੁਸਹਿਰਾ ਵੀ ਕਿਹਾ ਜਾਂਦਾ ਹੈ, ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ। ਇਹ ਉਸ ਦਿਨ ਦੀ ਯਾਦ ਦਿਵਾਉਂਦਾ ਹੈ ਜਦੋਂ ਭਗਵਾਨ ਰਾਮ ਨੇ ਰਾਵਣ ਨੂੰ ਹਰਾਇਆ ਸੀ ਅਤੇ ਇਸ ਵਿਸ਼ਵਾਸ ਨੇ ਰਾਵਣ ਦੇ ਪੁਤਲੇ ਸਾੜਨ ਦੀ ਪਰੰਪਰਾ ਨੂੰ ਜਨਮ ਦਿੱਤਾ।




ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ
ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ
ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ ਦੇਖਦੇ
ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ ਆਪਣਾ ਚੇਲਾ,
ਫਿਰ ਜਵਾਈ ਅਤੇ ਅੰਤ ਵਿਚ ਆਪਣਾ ਉਤਰਾਧਿਕਾਰੀ
ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।
Best Western
Holiday Inn Express & Suites
ਸਿਟੀ ਆ.ਫ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ
ਸ. ਪਰਗਟ ਸਿੰਘ ਸੰਧੂ

# ਗਿਆਨੀ ਪਿੰਦਰਪਾਲ ਸਿੰਘ 29 ਤੋਂ 16 ਦਿਨ ਲਗਾਤਾਰ ਸੰਗਤਾਂ ਨੂੰ ਸਰਵਣ ਕਰਾਉਣਗੇ ਕਥਾ ਅਤੇ ਗੁਰਮਤਿ ਵਿਚਾਰਾਂ



ਅੰਮ੍ਰਿਤਸਰ : ਨਾਮਵਰ ਕਥਾਵਾਚਕ ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਅਤੇ ਬੰਦੀ ਛੋੜ ਦਿਵਸ ਦੀਵਾਲੀ ਮੌਕੇ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਦੀਵਾਨ ਹਾਲ ਸ੍ਰੀ ਮੰਜੀ ਸਾਹਿਬ ਤੋਂ ਲਗਾਤਾਰ 16 ਦਿਨ ਸੰਗਤਾਂ ਨੂੰ ਹੁਕਮਨਾਮੇ ਦੀ ਕਥਾ ਤੇ ਗੁਰਮਤਿ ਵਿਚਾਰਾਂ ਸਰਵਣ ਕਰਾਉਣਗੇ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਇਸ ਵਾਰ ਗਿਆਨੀ ਪਿੰਦਰਪਾਲ ਸਿੰਘ ਪ੍ਰਕਾਸ਼ ਪੁਰਬ ਤੋਂ ਇਕ ਦਿਨ ਪਹਿਲਾਂ 29 ਅਕਤੂਬਰ ਨੂੰ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਤੋਂ ਕਥਾ ਸਮਾਗਮਾਂ ਦੀ ਅਰੰਭਤਾ ਕਰਨਗੇ ਤੇ ਬੰਦੀ ਛੋੜ ਦਿਵਸ ਦੀਵਾਲੀ ਤੋਂ ਅਗਲੇ ਦਿਨ, 13 ਨਵੰਬਰ ਤੱਕ ਰੋਜ਼ਾਨਾ ਸਵੇਰੇ 7.45 ਤੋਂ 9.00 ਵਜੇ ਤੱਕ ਸੰਗਤਾਂ ਨੂੰ ਸਿੱਧੇ ਪ੍ਰਸਾਰਨ ਦੌਰਾਨ ਹੁਕਮਨਾਮੇ ਦੀ ਕਥਾ ਤੇ ਗੁਰਮਤਿ ਵਿਚਾਰਾਂ ਸਰਵਣ ਕਰਾਉਣਗੇ।

# ਬਾਬਾ ਬੁੱਢਾ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਸਮਾਗਮ



ਚੇਤਨਪੁਰਾ : ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਮਹਿਲ ਜੰਡਿਆਲਾ (ਨੇੜੇ ਸੰਤੂਨੰਗਲ) ਵਿਖੇ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਜਾਏ ਗਏ ਧਾਰਮਿਕ ਦੀਵਾਨਾਂ ਦੌਰਾਨ ਬਾਬਾ ਹਰਭਜਨ ਸਿੰਘ ਕੰਦੋਵਾਲੀ ਕਾਰ ਸੇਵਾ ਵਾਲੇ, ਭਾਈ ਬੀਰ ਸਿੰਘ ਗ੍ਰੰਥੀ ਗੁ. ਡੇਰਾ ਸਾਹਿਬ, ਬਾਬਾ ਬਲਜੀਤ ਸਿੰਘ ਗ੍ਰੰਥੀ ਗੁ. ਮਹਿਲ ਜੰਡਿਆਲਾ, ਗਿਆਨੀ ਗੁਰਮੇਜ ਸਿੰਘ ਬੀ.ਏ. ਢਾਡੀ ਜਥਾ ਆਦਿ ਵੱਲੋਂ ਸੰਗਤਾਂ ਨੂੰ ਗੁਰੂ ਜੱਸ ਦੁਆਰਾ ਨਿਹਾਲ ਕੀਤਾ ਗਿਆ ਅਤੇ ਦੀਵਾਨਾਂ ਦੀ ਸਮਾਪਤੀ ਉਪਰੰਤ ਗੁਰਦੁਆਰਾ ਮਹਿਲ ਜੰਡਿਆਲਾ ਵਿਖੇ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਵੱਲੋਂ ਗਤਕੇ ਦੇ ਜੌਹਰ ਦਿਖਾਏ ਗਏ। ਇਸ ਤੋਂ ਇਲਾਵਾ ਸ਼ਾਮ ਨੂੰ ਵੱਖ-ਵੱਖ ਨਾਮਵਰ ਕਬੱਡੀ ਦੀਆਂ ਟੀਮਾਂ ਦਰਮਿਆਨ ਮੁਕਾਬਲੇ ਵੀ ਕਰਵਾਏ ਗਏ ਅਤੇ ਪ੍ਰਬੰਧਕਾਂ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

# ਪਰਵਾਸੀਆਂ ਦੇ ਕੇਸਾਂ ਨੂੰ ਨਿਪਟਾਉਣ ਲਈ ਚੀਫ਼ ਜਸਟਿਸ ਨੂੰ ਬੇਨਤੀ ਕਰਾਂਗੇ: ਧਾਲੀਵਾਲ



ਅਜਨਾਲਾ : ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਵੱਖ-ਵੱਖ ਦੇਸ਼ਾਂ ਵਿੱਚ ਵਸੇ ਪਰਵਾਸੀ ਭਾਰਤੀਆਂ ਦੇ ਅਦਾਲਤੀ ਕੇਸਾਂ ਨੂੰ ਸਮਾਂਬੱਧ ਨਿਪਟਾਉਣ ਲਈ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਮਿਲਣਗੇ। ਉਹ ਉਨ੍ਹਾਂ ਨੂੰ ਸੂਬੇ ਅੰਦਰ ਵੱਖ-ਵੱਖ ਅਦਾਲਤਾਂ ਵਿੱਚ ਪਰਵਾਸੀ ਭਾਰਤੀਆਂ ਦੇ ਚਲਦੇ ਕੇਸਾਂ ਨੂੰ ਜਲਦ ਨਿਪਟਾਉਣ ਦੀ ਬੇਨਤੀ ਕਰਨਗੇ ਤਾਂ ਜੋ ਪਰਵਾਸੀਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ। ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅੱਜ ਅਜਨਾਲਾ ਸ਼ਹਿਰ ਦੀ ਬਾਰ ਕੌਂਸਲ ਵਿੱਚ ਪੁੱਜੇ। ਇਸ ਦੌਰਾਨ ਉਨ੍ਹਾਂ ਬਾਰ ਕੌਂਸਲ ਦੇ ਅਹੁਦੇਦਾਰਾਂ ਨੂੰ ਦੋ ਲੱਖ ਰੁਪਏ ਦਾ ਚੈੱਕ ਦਿੱਤਾ। ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਰਵਾਸੀ ਪੰਜਾਬੀ ਭਰਾਵਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਦਾ ਸਥਾਈ ਹੱਲ ਕਰਦੇ ਹੋਏ ਇਕ ਵਟਸਐਪ ਨੰਬਰ 90560-09884 ਵੀ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨੰਬਰ ’ਤੇ ਪ੍ਰਾਪਤ ਹੋਈ ਸ਼ਿਕਾਇਤ ਨੂੰ ਸਬੰਧਿਤ ਅਧਿਕਾਰੀਆਂ ਤੱਕ ਪਹੁੰਚਾਇਆ ਜਾਵੇਗਾ ਅਤੇ ਸ਼ਿਕਾਇਤ ਦੀ ਅਪਡੇਟ ਵੀ ਸਬੰਧਤ ਪਰਵਾਸੀ ਪੰਜਾਬੀ ਨੂੰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਪਰਵਾਸੀਆਂ ਦੀਆਂ ਜਾਇਦਾਦਾਂ ’ਤੇ ਕਬਜ਼ੇ ਨਹੀਂ ਹੋਣ ਦੇਵੇਗੀ ਅਤੇ ਸ਼ਰਾਰਤੀ ਅਨਸਰਾਂ ’ਤੇ ਨੱਥ ਪਾਈ ਜਾਵੇਗੀ। ਉਨ੍ਹਾਂ ਅਜਨਾਲਾ ਦੇ ਬਾਰ ਕੌਂਸਲ ਦੇ ਵਕੀਲਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਰਵਾਸੀ ਪੰਜਾਬੀਆਂ ਦੇ ਕੇਸਾਂ ਨੂੰ ਪਹਿਲ ਦੇ ਆਧਾਰ ’ਤੇ ਦੇਖਣ ਤਾਂ ਜੋ ਉਨ੍ਹਾਂ ਦੇ ਕੇਸਾਂ ਨੂੰ ਜ਼ਿਆਦਾ ਸਮਾਂ ਨਾ ਲੱਗੇ। ਇਸ ਮੌਕੇ ਬਾਰ ਐਸੋਸੀਏਸ਼ਨ ਅਜਨਾਲਾ ਦੇ ਪ੍ਰਧਾਨ ਐਡਵੋਕੇਟ ਹਰਪਾਲ ਸਿੰਘ ਨਿੱਝਰ, ਐਡਵੋਕੇਟ ਰਾਜੀਵ ਮਦਾਨ ਆਦਿ ਹਾਜ਼ਰ ਸਨ।

# ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ’ਚ ਬੁੱਢਾ ਦਲ ਵਲੋਂ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਬਰਸੀ ਮਨਾਈ

### *ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਧਾਰਮਿਕ ਸਖਸ਼ੀਅਤਾਂ ਨੇ ਸਮੂਲੀਅਤ ਕੀਤੀ*



ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਆਪਣੇ ਚੌਥੇ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ 240ਵੀਂ ਬਰਸੀ ਦੇ ਗੁਰਮਤਿ ਸਮਾਗਮ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਅਤੇ ਗੁ: ਮੱਲ ਅਖਾੜਾ ਪਾ:ਛੇਵੀਂ ਵਿਖੇ ਪੂਰਨ ਸ਼ਰਧਾ ਸਤਿਕਾਰ ਨਾਲ ਮਨਾਏ ਗਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਅਖੰਡ ਪਾਠਾਂ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਹਾਂਬੀਰ ਸਿੰਘ, ਬਾਬਾ ਸਰੂਪ ਸਿੰਘ ਸੰਪਰਦਾਇ ਬਾਬਾ ਬਿਧੀ ਚੰਦ ਤਰਨਾ ਦਲ ਸੁਰ ਸਿੰਘ, ਨਿਹੰਗ ਬਾਬਾ ਸੁਖਵਿੰਦਰ ਸਿੰਘ ਟਿੱਬੇ ਵਾਲੇ, ਬਾਬਾ ਬੋਤਾ ਸਿੰਘ ਸੁਖਮਨੀ ਸੇਵਾ ਸੁਸਾਇਟੀ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਅਤੇ ਭਾਈ ਸੁਖਜੀਤ ਸਿੰਘ ਕੱਨਈਆ ਨੇ ਸਿੱਖ ਇਤਿਹਾਸ ਬਾਰੇ ਕਥਾ ਰਾਹੀ ਹਾਜ਼ਰੀ ਲਵਾਈ। ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ, ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਜਥੇਦਾਰ ਰਘੁਬੀਰ ਸਿੰਘ ਨੇ ਸੰਬੋਧਨ ਕਰਦਿਆ ਕਿਹਾ ਕਿ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਕੌਮ ਨੂੰ ਅਦੁਤੀ ਤੇ ਫ਼ਖ਼ਰਯੋਗ ਦੇਣ ਹੈ। ਜੋ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ਼ ਹੈ। ਉਨ੍ਹਾਂ ਕਿਹਾ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਕੀਤੀ ਕਮਾਈ ਸਿੱਖ ਜਗਤ ਲਈ ਵੱਡਾ ਮਾਨ ਹੈ। ਅੱਜ ਦੇ ਨੇਤਾਵਾਂ ਨੂੰ ਸੂਰਬੀਰ ਜਰਨੈਲ ਮੁਖੀਆਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ ਉਨ੍ਹਾਂ ਕਿਹਾ ਬਾਬਾ ਬਲਬੀਰ ਸਿੰਘ ਜੋ ਬੁੱਢਾ ਦਲ ਦੇ 14 ਵੇਂ ਮੁਖੀ ਹਨ ਆਪਣੇ ਦਲ ਪੰਥ ਦੇ ਮੁਖੀ ਸਾਹਿਬਾਨਾਂ ਦੀਆਂ ਸਲਾਨਾ ਯਾਦ ਸਮਾਗਮ ਮਨਾ ਕੇ ਸਤਿਕਾਰ ਭੇਟ ਕਰਦੇ ਹਨ ਪ੍ਰਸ਼ੰਸਾ ਜਨਕ ਬਾਤ ਹੈ। ਪੰਥਕ ਕਾਰਜ ਹੀ ਕੌਮ ਅੰਦਰ ਪੰਥਕ ਰੂਹ ਫੂਕਦੇ ਹਨ, ਇਸ ਤਰ੍ਹਾਂ ਦਾ ਇਤਿਹਾਸ ਹੀ ਕੌਮ ਦੀ ਜਵਾਨੀ ਨੂੰ ਊਰਜਾ ਪ੍ਰਦਾਨ ਕਰਦਾ ਹੈ।

ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਬਰਸੀ ਸਮਾਗਮ ਵਿੱਚ ਆਈਆ ਧਾਰਮਿਕ ਸਖਸੀਅਤਾਂ ਦਾ ਸਨਮਾਨ ਕੀਤਾ ਅਤੇ ਧੰਨਵਾਦ ਕਰਦਿਆਂ ਕਿਹਾ ਕਿ ਬੁੱਢਾ ਦਲ ਮੁਖੀ ਆਗੂਆਂ ਨੇ ਔਖੇ ਸਮੇਂ ਕੌਮ ਦੀ ਅਗਵਾਈ ਕੀਤੀ ਹੈ। ਜਿਥੇ ਉਹ ਬੁੱਢਾ ਦਲ ਦੇ ਮੁਖੀ ਸਨ। ਉਥੇ ਉਹ ਨਾਲ ਨਾਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਵੀ ਸੇਵਾ ਨਿਭਾਉਂਦੇ ਰਹੇ ਹਨ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਬਾਬਾ ਕੁੰਦਨ ਸਿੰਘ ਭਲਾਈ ਟਰੱਸਟ ਲਧਿਆਣਾ ਦੀ ਮੁੱਖੀ ਮਾਤਾ ਵਿਪਨਪ੍ਰੀਤ ਕੌਰ, ਇੰਗਲੈਂਡ ਤੋਂ ਪੁਜੇ ਸ. ਭੁਪਿੰਦਰ ਸਿੰਘ, ਸੇਵਾ ਪੰਥੀ ਬਾਬਾ ਸੁਰਿੰਦਰ ਸਿੰਘ ਮਿੱਠਾ ਟਿਵਾਣੇ ਵਾਲੇ ਨੂੰ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁੱਖੀ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਸ. ਈਸ਼ਰ ਸਿੰਘ ਦੋਰਾਹਾ, ਬਾਬਾ ਤਜਿੰਦਰ ਸਿੰਘ ਨਾਨਕਸਰ ਵਾਲੇ, ਕਾਰ ਸੇਵਾ ਸੰਪ੍ਰਦਾਇ ਸਤਲਾਣੀ ਸਾਹਿਬ ਵਾਲੇ ਬਾਬਾ ਗੁਰਪਿੰਦਰ ਸਿੰਘ ਵਡਾਲਾ, ਬਾਬਾ ਦਿਲਜੀਤ ਸਿੰਘ ਬੇਦੀ ਸਕੱਤਰ, ਸ. ਬਿਜੈ ਸਿੰਘ ਬਾਦੀਆਂ, ਬਾਬਾ ਇੰਦਰਬੀਰ ਸਿੰਘ, ਸ. ਜਗਬੀਰ ਸਿੰਘ ਆਹਲੂਵਾਲੀਆ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਸਰਵਣ ਸਿੰਘ ਮਝੈਲ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਮਲੂਕ ਸਿੰਘ ਲਾਡੀ, ਸ. ਹਰਮੀਤ ਸਿੰਘ ਸਲੂਜਾ, ਸ. ਭਗਵਾਨ ਸਿੰਘ ਪੀ.ਏ, ਸ. ਐਸ.ਪੀ ਸਿੰਘ, ਸ. ਪਰਮਜੀਤ ਸਿੰਘ ਬਾਜਵਾ, ਬਾਬਾ ਗੁਰਮੁੱਖ ਸਿੰਘ, ਬਾਬਾ ਰਣਜੋਧ ਸਿੰਘ, ਬਾਬਾ ਭਗਤ ਸਿੰਘ, ਬਾਬਾ ਦਲੇਰ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀ ਕੋਆਰਡੀਨੇਟਰ ਬੀਬੀ ਤੇਜ ਕੌਰ, ਬੀਬੀ ਸੁਖਜੀਤ ਕੌਰ ਈਸਟ ਮੋਹਨ ਨਗਰ ਅਤੇ ਹੋਰ ਵੱਖ-ਵੱਖ ਸੁਸਾਇਟੀਆਂ ਦੇ ਮੈਂਬਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਐੱਸਜੀਪੀਸੀ: ਜਨਰਲ ਇਜਲਾਸ ’ਚ ਬਾਦਲ ਧੜੇ ਨੂੰ ਚੁਣੌਤੀ ਦੇਣਗੀਆਂ ਵਿਰੋਧੀ ਧਿਰਾਂ

### *ਮੌਕਾ ਮਿਲਿਆ ਤਾਂ ਬਾਦਲ ਧੜੇ ਖ਼ਿਲਾਫ਼ ਮੈਦਾਨ ਵਿੱਚ ਆਵਾਂਗੀ: ਜਗੀਰ ਕੌਰ*



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਾਸਤੇ 8 ਨਵੰਬਰ ਨੂੰ ਹੋਣ ਵਾਲੇ ਇਜਲਾਸ ਵਿੱਚ ਹਾਕਮ ਧਿਰ ਦੇ ਏਕਾਅਧਿਕਾਰ ਨੂੰ ਚੁਣੌਤੀ ਦੇਣ ਲਈ ਵਿਰੋਧੀ ਧਿਰਾਂ ਨੇ ਤਿਆਰੀ ਸ਼ੁਰੂ ਕਰ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵੀ ਇਸ ਸਾਲ ਦੇ ਅੰਤ ਵਿੱਚ ਜਾਂ ਅਗਲੇ ਵਰ੍ਹੇ ਵਿੱਚ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ। ਅਜਿਹੀ ਸਥਿਤੀ ਵਿੱਚ 8 ਨਵੰਬਰ ਨੂੰ ਹੋਣ ਵਾਲਾ ਜਨਰਲ ਇਜਲਾਸ ਮੌਜੂਦਾ ਹਾਊਸ ਦਾ ਆਖ਼ਰੀ ਇਜਲਾਸ ਹੋਵੇਗਾ। ਸ਼੍ਰੋਮਣੀ ਕਮੇਟੀ ਵਿੱਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਬਾਦਲ ਜੋ ਇਸ ਵੇਲੇ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਦੋਵੇਂ ਪਾਸਿਓਂ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ, ਦੇ ਏਕਾਅਧਿਕਾਰ ਨੂੰ ਵਿਰੋਧੀ ਧਿਰਾਂ ਖ਼ਤਮ ਕਰਨ ਵਾਸਤੇ ਯਤਨਸ਼ੀਲ ਹਨ। ਇਹ ਸਾਰੀਆਂ ਧਿਰਾਂ ਆਉਣ ਵਾਲੀਆਂ ਆਗਾਮੀ ਚੋਣਾਂ ਅਤੇ ਮੌਜੂਦਾ ਇਜਲਾਸ ਦੌਰਾਨ ਵੀ ਬਾਦਲ ਧੜੇ ਨੂੰ ਚੁਣੌਤੀ ਦੇਣਗੀਆਂ।

ਮਿਲੇ ਵੇਰਵਿਆਂ ਮੁਤਾਬਕ ਬਾਦਲ ਵਿਰੋਧੀ ਧੜਿਆਂ ਵੱਲੋਂ 8 ਨਵੰਬਰ ਨੂੰ ਹੋਣ ਵਾਲੇ ਜਨਰਲ ਇਜਲਾਸ ਵਿੱਚ ਪ੍ਰਧਾਨ ਤੇ ਹੋਰ ਅਹੁਦਿਆਂ ਵਾਸਤੇ ਆਪਣੇ ਸਾਂਝੇ ਉਮੀਦਵਾਰ ਖੜ੍ਹੇ ਕਰਨ ਲਈ ਵਿਚਾਰ ਚਰਚਾ ਕੀਤੀ ਜਾ ਰਹੀ ਹੈ। ਇਨ੍ਹਾਂ ਵਿਰੋਧੀ ਧਿਰਾਂ ਵੱਲੋਂ ਇਸ ਵਾਰ ਵੀ ਸਾਬਕਾ ਪ੍ਰਧਾਨ ਜਗੀਰ ਕੌਰ ਨੂੰ ਆਪਣਾ ਉਮੀਦਵਾਰ ਬਣਾਇਆ ਜਾ ਸਕਦਾ। ਪਿਛਲੇ ਸਾਲ ਵੀ ਅਹੁਦੇਦਾਰਾਂ ਦੀ ਹੋਈ ਚੋਣ ਵਿੱਚ ਵਿਰੋਧੀ ਧਿਰਾਂ ਵੱਲੋਂ ਜਗੀਰ ਕੌਰ ਨੂੰ ਪ੍ਰਧਾਨ ਦਾ ਉਮੀਦਵਾਰ ਬਣਾਇਆ ਗਿਆ ਸੀ ਅਤੇ ਉਨ੍ਹਾਂ ਨੇ ਮੌਜੂਦਾ ਹਾਊਸ ਵਿੱਚੋਂ 42 ਵੋਟਾਂ ਹਾਸਲ ਕੀਤੀਆਂ ਸਨ। ਵਿਰੋਧੀ ਧਿਰਾਂ ਕੋਲ ਮੌਜੂਦਾ ਹਾਊਸ ਵਿੱਚ 20 ਤੋਂ ਵੱਧ ਵੋਟਾਂ ਨਹੀਂ ਸਨ। ਸ਼੍ਰੋਮਣੀ ਕਮੇਟੀ ਵਿੱਚ ਵਿਰੋਧੀ ਧਿਰ ਦੇ ਮੈਂਬਰ ਵਜੋਂ ਸ਼ਾਮਲ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਜੋ ਕਿ ਅੰਤ੍ਰਿੰਗ ਕਮੇਟੀ ਮੈਂਬਰ ਵੀ ਹਨ, ਨੇ ਦੱਸਿਆ ਕਿ ਸਮੂਹ ਵਿਰੋਧੀ ਧਿਰਾਂ ਵੱਲੋਂ ਆਪਣਾ ਸਾਂਝਾ ਉਮੀਦਵਾਰ ਉਤਾਰਨ ਬਾਰੇ ਵਿਚਾਰ ਕੀਤਾ ਜਾ ਰਿਹਾ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਵੇਲੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ। ਉਹ ਪਿਛਲੇ ਵਰ੍ਹੇ ਵੀ ਸਿੱਖ ਸੰਸਥਾ ਦੇ ਪ੍ਰਧਾਨ ਸਨ। ਉਨ੍ਹਾਂ ਦੀ ਕਾਰਗੁਜ਼ਾਰੀ ਹੁਣ ਤੱਕ ਤਸੱਲੀਬਖ਼ਸ਼ ਰਹੀ ਹੈ ਤੇ ਉਹ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਲਈ ਅਗਲੇ ਉਮੀਦਵਾਰ ਵੀ ਹੋ ਸਕਦੇ ਹਨ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿੱਚ ਕੁੱਲ 185 ਮੈਂਬਰਾਂ ਵਿੱਚੋਂ 29 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਮੈਂਬਰ ਅਸਤੀਫ਼ਾ ਦੇ ਚੁੱਕੇ ਹਨ। ਇਸ ਵੇਲੇ ਮੌਜੂਦਾ 153 ਮੈਂਬਰ 8 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਨਗੇ। ਸਿੱਖ ਗੁਰਦੁਆਰਾ ਐਕਟ 1925 ਦੇ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿੱਚੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਸਮੇਤ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਹਰ ਸਾਲ ਚੋਣ ਕੀਤੀ ਜਾਂਦੀ ਹੈ।

ਸਾਬਕਾ ਪ੍ਰਧਾਨ ਜਗੀਰ ਕੌਰ ਨੇ ਕਿਹਾ ਕਿ ਉਹ ਆਗਾਮੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਨਾਲ ਨਾਲ 8 ਨਵੰਬਰ ਨੂੰ ਹੋਣ ਵਾਲੇ ਜਨਰਲ ਇਜਲਾਸ ’ਤੇ ਵੀ ਆਪਣਾ ਧਿਆਨ ਕੇਂਦਰਿਤ ਕਰ ਰਹੇ ਹਨ। ਪਿਛਲੇ ਸਾਲ ਵਾਂਗ ਇਸ ਵਾਰ ਵੀ ਵਿਰੋਧੀ ਧਿਰਾਂ ਵੱਲੋਂ ਪ੍ਰਧਾਨ ਅਤੇ ਹੋਰ ਅਹੁਦਿਆਂ ਲਈ ਸਾਂਝੇ ਉਮੀਦਵਾਰ ਖੜ੍ਹੇ ਹੋਣਗੇ। ਉਨ੍ਹਾਂ ਕਿਹਾ ਕਿ ਸਾਂਝੇ ਉਮੀਦਵਾਰ ਖੜ੍ਹੇ ਕਰਨ ਬਾਰੇ ਸਹਿਯੋਗੀ ਪਾਰਟੀਆਂ ਵੱਲੋਂ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਜਾਵੇਗਾ। ਜੇ ਉਨ੍ਹਾਂ ਨੂੰ ਮੌਕਾ ਮਿਲਿਆ ਤਾਂ ਉਹ ਬਾਦਲ ਧੜੇ ਖ਼ਿਲਾਫ਼ ਮੈਦਾਨ ਵਿੱਚ ਆਉਣਗੇ। ਦੱਸਣਯੋਗ ਹੈ ਕਿ ਜਗੀਰ ਕੌਰ ਪਹਿਲਾਂ ਸ਼ ?ਰੋਮਣੀ ਅਕਾਲੀ ਦਲ ਬਾਦਲ ਦੇ ਨਾਲ ਸਨ ਤੇ ਉਹ ਕਈ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਪਰ ਆਪਸੀ ਮਤਭੇਦਾਂ ਦੇ ਕਾਰਨ ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਪਾਰਟੀ ਛੱਡ ਦਿੱਤੀ ਸੀ।




ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

# ਸ੍ਰੀ ਰਾਮ ਮੂਰਤੀ ਸਰੋਏ ਤੇ ਸ੍ਰੀਮਤੀ ਸੱਤਿਆਵਤੀ ਸਰੋਏ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

# ਸ਼੍ਰੋਮਣੀ ਕਮੇਟੀ ਦੇ ਵੋਟ ਫਾਰਮ ਵਿੱਚ ਮਕਾਰੀ ਭਰੀਆਂ ਤਰੁੱਟੀਆਂ

## ਸਿੱਖ ਸੰਸਥਾਵਾਂ ਦੀ ਲਾਪਰਵਾਹੀ ਅਤੇ ਆਪਸੀ ਪਾਟੋਧਾੜ ਦਾ ਨਤੀਜਾ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨੂੰ ਲੈ ਕੇ ਕਾਫੀ ਚਰਚਾਵਾਂ ਚੱਲ ਰਹੀਆਂ ਹਨ, 2011ਤੋਂ ਬਾਅਦ ਸ਼੍ਰੋਮਣੀ ਕਮੇਟੀ ਚੋਣਾਂ ਨਹੀਂ ਕਰਵਾਈਆਂ ਗਈਆਂ, ਜਿਸ ਕਾਰਨ ਸਿੱਖਾਂ ਵਿੱਚ ਕਾਫੀ ਰੋਸ ਵੀ ਪਾਇਆ ਜਾ ਰਿਹਾ ਹੈ, ਪ੍ਰੰਤੂ ਸਿੱਖਾਂ ਦੇ ਰੋਸ਼ ਨੂੰ ਮਹਿਸੂਸ ਕੌਣ ਕਰੇ, ਇਹ ਵੀ ਸੋਚਣ ਦਾ ਵਿਸ਼ਾ ਹੈ। ਚੋਣਾਂ ਨਾ ਕਰਵਾਉਣ ਪਿੱਛੇ ਸਿੱਧੇ ਤੌਰ ’ਤੇ ਉਹ ਧਿਰਾਂ ਹੀ ਜ਼ੁੰਮੇਵਾਰ ਹਨ, ਜਿਹੜੀਆਂ ਪਿਛਲੇ ਲੰਮੇ ਸਮੇਂ ਤੋ ਕੇਂਦਰ ਦੀ ਮਿਹਰਬਾਨੀ ਸਦਕਾ ਗੁਰਦੁਆਰਾ ਪ੍ਰਬੰਧ ਤੇ ਕਾਬਜ਼ ਹਨ। ਪੰਥਕ ਧਿਰਾਂ ਭਾਵੇਂ ਕੇਂਦਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਕਰਵਾਉਣ ਦੀ ਮੰਗ ਕਰਦੀਆਂ ਆ ਰਹੀਆਂ ਹਨ, ਪਰ ਉਹਨਾਂ ਦੀ ਆਪਸੀ ਪਾਟੋਧਾੜ, ਹਾਉਮੈ, ਹੰਕਾਰ ਅਤੇ ਈਰਖਾ ਨੇ ਉਹਨਾਂ ਦੀ ਤਾਕਤ ਨੂੰ ਬੇਹੱਦ ਕਮਜ਼ੋਰ ਕਰ ਦਿੱਤਾ ਹੈ, ਜਿਸ ਕਰਕੇ ਕੇਂਦਰ ਉਹਨਾਂ ਦੀ ਕਿਸੇ ਵੀ ਗੱਲ ਨੂੰ ਅਹਿਮੀਅਤ ਨਹੀ ਦਿੰਦਾ ਜੇਕਰ ਪਿੱਛੇ ਵੱਲ ਝਾਤ ਮਾਰੀਏ, ਸਿੱਖ ਆਪਣੀ ਪਾਟੋ ਧਾੜ ਦੇ ਕਾਰਨ ਮੁੱਢੋਂ ਹੀ ਕੌਮੀ ਨੁਕਸਾਨ ਝੱਲਦੇ ਆ ਰਹੇ ਹਨ। ਇਹ ਅਲਾਮਤ ਸਿੱਖਾਂ ਦੇ ਪਿੱਛੇ ਗੁਰੂ ਕਾਲ ਤੋ ਹੀ ਪਈ ਹੋਈ ਹੈ। ਉਹ ਤਾਕਤਾਂ ਜਿਹੜੀਆਂ ਮੁੱਢ ਤੋਂ ਹੀ ਸਿੱਖੀ ਨੂੰ ਵੱਧਦਾ ਫੁੱਲਦਾ ਦੇਖ ਕੇ ਨਹੀ ਸਨ ਸੁਖਾਂਦੀਆਂ, ਉਹਨਾਂ ਨੇ ਸਿੱਖਾਂ ਨੂੰ ਗੁਰੂ ਤੋ ਬੇਮੁੱਖ ਕਰਨ ਦੇ ਕੋਝੇ ਯਤਨ ਅਤੇ ਹਕੂਮਤਾਂ ਨਾਲ ਮਿਲ ਕੇ ਸਿੱਖੀ ਨੂੰ ਖਤਮ ਕਰਨ ਦੇ ਮਨਸੂਬੇ ਬਣਾਏ, ਫਲਸਰੂਪ ਗੁਰੂ ਨਾਨਕ ਸਾਹਿਬ ਨੂੰ ਕਰਾਹੀਆ ਕਹਿ ਕੇ ਭੰਡਿਆ, ਉਹਨਾਂ ਨੂੰ ਸੱਚ ਬੋਲਣ ਦੀ ਸਜ਼ਾ ਦੇ ਰੂਪ ਵਿੱਚ ਜੇਲ੍ਹ ਦੀਆਂ ਚੱਕੀਆਂ ਪੀਹਣੀਆਂ ਪਈਆਂ, ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਨੂੰ ਤੱਤੀ ਤਬੀ ਤੇ ਬੈਠ ਕੇ ਸ਼ਹਾਦਤ ਦੇਣੀ ਪਈ, ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਉਪਰੋਕਤ ਸਾਜਿਸ਼ਾਂ ਅਤੇ ਹਕੂਮਤਾਂ ਦੇ ਜਬਰ ਨੂੰ ਚੈਲੰਜ ਦੇ ਰੂਪ ਵਿੱਚ ਸਵੀਕਾਰਿਆ ਅਤੇ ਸਿੱਖਾਂ ਦੀ ਅਜਾਦ ਪ੍ਰਭੂ ਸੱਤਾ ਦਾ ਐਲਾਨ ਕਰ ਦਿੱਤਾ। ਨੌਂਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਪਣੇ ਤਿੰਨ ਸਿੱਖਾਂਉਤ ਸਮੇਤ ਦਿੱਲੀ ਵਿੱਚ ਸ਼ਹਾਦਤ ਦੇਣੀ ਪਈ, ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਮੌਕੇ ਦੇ ਸਿੱਖਾਂ ਦੀ ਹਾਲਤ ਨੂੰ ਦੇਖਦਿਆਂ, ਖਾਲਸਾ ਸਾਜਨਾ ਦਾ ਨਵਾਂ ਸੰਕਲਪ ਲੈ ਕੇ ਆਂਦਾ। ਲਤਾੜੇ ਨਪੀੜੇ ਲੋਕਾਂ ਨੂੰ ਨਵਾ ਜਨਮ ਦਿੱਤਾ,ਨਵਾਂ ਰੂਪ, ਸਰੂਪ ਦੇ ਕੇ ਸਿਰਦਾਰੀਆਂ ਦੀ ਬਖਸ਼ਿਸ਼ ਕੀਤੀ। “ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ” ਦਾ ਸੰਕਲਪ ਦ੍ਰਿੜ ਕਰਵਾ ਕੇ ਜਬਰ ਜੁਲਮ ਨਾਲ ਟੱਕਰ ਲੈਣ ਦੇ ਸਮਰੱਥ ਬਣਾਇਆ।ਖ਼ਾਲਸੇ ਨੂੰ ਅਜਿਹੇ ਨਿੱਗਰ ਸਿਧਾਂਤਾਂ ਦੀ ਬਖਸ਼ਿਸ਼ ਕਰਕੇ ਆਪਣੀ ਹੋਣੀ ਆਪ ਘੜਨ ਦੇ ਜਨਮ ਸਿੱਧ ਅਧਿਕਾਰਾਂ ਦੇ ਨਾਲ ਸਾਰੀ ਦੁਨੀਆਂ ਤੋ ਨਿਆਰਾ, ਨਿਰਾਲਾ ਸਰੂਪ ਦੇ ਕੇ ਸਥਾਪਤੀ ਨੂੰ ਕੰਬਣੀ ਛੇੜ ਦਿੱਤੀ। ਇੱਕ ਦਿਨ ਅਜਿਹਾ ਵੀ ਆਇਆ ਜਦੋਂ ਦੁਨੀਆਂ ਦੀ ਵੱਡੀ ਸਲਤਨਤ ਦਾ ਬਾਦਸ਼ਾਹ ਗੁਰੂ ਸਾਹਿਬ ਨਾਲ ਮੁਲਾਕਾਤ ਲਈ ਸਮਾ ਮੰਗਣ ਲਈ ਮਜਬੂਰ ਹੋ ਗਿਆ। ਇਸ ਦੇ ਬਾਵਜੂਦ ਵੀ ਉਹ ਤਾਕਤਾਂ ਜਿਹੜੀਆਂ ਸਿੱਖੀ ਤੋ ਖਾਰ ਖਾਂਦੀਆਂ ਸਨ, ਸਾਜਿਸ਼ਾਂ ਰਚਣ ਵਿੱਚ ਮਸ਼ਰੂਫ ਰਹੀਆਂ, ਫਲਸਰੂਪ ਨੰਦੇੜ ਦੀ ਧਰਤੀ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉੱਪਰ ਵੀ ਜਾਨਲੇਵਾ ਹਮਲਾ ਹੋ ਗਿਆ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦਾ ਕਾਰਨ ਉਹ ਹਮਲਾ ਹੀ ਸੀ। ਇਸ ਤੋ ਪਹਿਲਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਬੈਰਾਗੀ ਨੂੰ ਅਮ੍ਰਿਤ ਛਕਾ ਕੇ ਬਾਬਾ ਬੰਦਾ ਸਿੰਘ ਬਹਾਦਰ ਬਣਾਇਆ ਅਤੇ ਸਰਹਿੰਦ ਦੇ ਸੂਬੇਦਾਰ ਸਮੇਤ ਜਾਬਰਾਂ ਤੋ ਜੁਲਮਾਂ ਦਾ ਹਿਸਾਬ ਚੁਕਤਾ ਕਰਨ ਲਈ ਥਾਪੜਾ ਦੇ ਕੇ ਭੇਜਿਆ।ਬਾਬਾ ਜੀ ਨੇ ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਬਦਲਾ ਹੀ ਨਹੀਂ ਲਿਆ, ਬਲਕਿ ਪਹਿਲਾ ਖਾਲਸਾ ਰਾਜ ਸਥਾਪਤ ਕਰਕੇ ਗੁਰੂ ਸਾਹਿਬ ਦੇ ਨਾਮ ਦਾ ਛਿੱਕਾ ਚਲਾ ਦਿੱਤਾ। ਪਰੰਤੂ ਉਹਨਾਂ ਨੂੰ ਵੀ ਉਪਰੋਕਤ ਸਾਜਿਸ਼ਾਂ ਦਾ ਸ਼ਿਕਾਰ ਹੋਣਾ ਪਿਆ, ਫਲਸਰੂਪ ਸਿੱਖਾਂ ਦਾ ਪਹਿਲਾ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ, ਜਿਹੜਾ ਹਮੇਸਾਂ ਆਪਣੇ ਗੁਰੂ ਨੂੰ ਸਮੱਰਪਿਤ ਰਿਹਾ, ਗੁਰੂ ਦੀ ਚੜ੍ਹਦੀ ਕਲਾ ਦਾ ਸੈਦਾਈ ਬਣ ਕੇ ਜੀਵਿਆ, ਉਹਨੂੰ ਵੀ ਅੰਦਰੂਨੀ ਤੇ ਬਾਹਰੀ ਸਾਜਿਸ਼ਾਂ ਦਾ ਸ਼ਿਕਾਰ ਹੋ ਕੇ ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਕਾਇਮ ਕੀਤਾ ਖਾਲਸਾ ਰਾਜ ਗੁਆ ਕੇ ਆਪਣੇ ਚਾਰ ਸਾਲ ਦੇ ਪੁੱਤਰ ਸਮੇਤ ਸੱਤ ਸੌ ਚਾਲੀ ਸਿੱਖ ਮਰਜੀਵੜਿਆਂ ਦੇ ਨਾਲ ਸ਼ਹਾਦਤ ਦੇਣੀ ਪਈ, 9 ਜੂਨ 1716 ਈਸਵੀ ਵਿੱਚ ਉਸ ਮੌਕੇ ਦੇ ਦਿੱਲੀ ਦੇ ਬਾਦਸ਼ਾਹ ਫਰਖ਼ਸ਼ੀਅਰ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰ ਦਿੱਤਾ। ਉਹਨਾਂ ਤੋ ਬਾਅਦ ਭਾਂਵੇਂ ਸਿੱਖ ਆਪਣੇ ਗੁਰੂ ਸਾਹਿਬਾਨ ਦੀ ਕਿਰਪਾ ਦ੍ਰਿਸ਼ਟੀ ਸਦਕਾ ਜੰਗਲਾਂ ਬੇਲਿਆਂ ਚ ਰਹਿਣ ਦੇ ਬਾਵਜੂਦ ਵੀ ਵੱਡੀਆਂ ਤਾਕਤਾਂ ਦੇ ਨੱਕ ਵਿੱਚ ਦਮ ਕਰਨ ਦਾ ਹੌਸਲਾ ਅਤੇ ਹਿੰਮਤ ਰੱਖਦੇ ਸਨ। ਲਿਹਾਜਾ ਸਿੱਖਾਂ ਨੇ ਇੱਕ ਨਹੀ ਅਨੇਕਾਂ ਵਾਰੀ ਖਤਮ ਹੋਣ ਦੀ ਕਾਗਾਰ ਤੋ ਮੁੜ ਕੇ ਵੱਡੇ ਵੱਡੇ ਕੀਰਤੀਮਾਨ ਸਥਾਪਤ ਕੀਤੇ, ਪ੍ਰੰਤੂ ਸਿੱਖ ਵਿਰੋਧੀ ਤਾਕਤਾਂ ਨੇ ਖਹਿੜਾ ਨਹੀ ਛੱਡਿਆ। ਸਮੇ ਦੇ ਨਾਲ ਨਾਲ ਇਹ ਤਾਕਤਾਂ ਹੋਰ ਚਲਾਕ ਅਤੇ ਮਕਾਰ ਹੁੰਦੀਆਂ ਗਈਆਂ, ਜਿਸ ਕਰਕੇ ਸਿੱਖਾਂ ਅੰਦਰ ਸੰਨ ਲਾਉਣ ਵਿੱਚ ਕਾਮਯਾਬ ਹੋ ਗਈਆਂ। 1849 ਵਿੱਚ ਖੁੱਸਿਆ ਸਿੱਖ ਰਾਜ ਵੀ ਅਜਿਹੀਆਂ ਹੀ ਅਣਹੋਣੀਆਂ ਦਾ ਨਤੀਜਾ ਸੀ,ਜਿਸ ਤੋ ਬਾਅਦ ਸਿੱਖ ਬੇਘਰੇ ਹੋ ਕੇ ਜੀਅ ਰਹੇ ਹਨ।ਰਾਜ ਭਾਗ ਖੁੱਸ ਜਾਣ ਤੋ ਬਾਅਦ ਤਾਂ ਸਿੱਖਾਂ ਨੂੰ ਕਦੇ ਆਪਣੇ ਰਾਜ ਭਾਗ ਬਾਰੇ ਸੋਚਣ ਦੀ ਵਿਹਲ ਹੀ ਨਹੀ ਮਿਲ ਸਕੀ। ਇਹ ਕੌੜਾ ਸੱਚ ਹੈ ਕਿ ਖਾਲਸਾ ਰਾਜ ਸਮੇ ਸੌ ਫੀਸਦੀ ਸਾਖਰ ਕੌਮ ਰਾਜ ਭਾਗ ਖੁੱਸਦਿਆਂ ਹੀ ਅਨਪੜਾਂ ਦੀ ਕੌਮ ਬਣ ਕੇ ਰਹਿ ਗਈ। ਨਿੱਜੀ ਲਾਲਸਾਵਾਂ ਅਤੇ ਖੁਦਗਰਜ਼ੀਆਂ ਐਨੀਆਂ ਕੁ ਭਾਰੀ ਪੈ ਗਈਆਂ ਕਿ ਆਪਣੇ ਘਰ ਦੀ ਯਾਦ ਹੀ ਵਿੱਸਰ ਗਈ। ਦੂਰ ਅੰਦੇਸੀ ਵਰਗੇ ਸਰਲ ਪਰ ਨਿੱਗਰ ਸਬਦ ਸਿੱਖਾਂ ਦੇ ਸਬਦ-ਕੋਸ਼ ਵਿੱਚੋ ਹੀ ਗਾਇਬ ਹੋ ਗਏ। ਐਨਾ ਕੁੱਝ ਗਵਾਉਣ ਦੇ ਬਾਵਜੂਦ ਵੀ ਗੁਰੂ ਸਾਹਿਬ ਨੇ ਸਿੱਖਾਂ ਅੰਦਰੋ ਗੈਰਤ ਦਾ ਕਣ ਕਦੇ ਵੀ ਮਰਨ ਨਹੀ ਦਿੱਤਾ। ਆਪਣੇ ਗੁਰੂ ਪ੍ਰਤੀ ਸ਼ਰਧਾ ਸਤਿਕਾਰ ਹੀ ਸੀ, ਜਿਸ ਦੇ ਸਦਕਾ ਸਿੱਖਾਂ ਨੇ ਵੱਡੇ ਵੱਡੇ ਜਾਬਰਾਂ ਨੂੰ ਲੋਹੇ ਦੇ ਚਨੇ ਚਬਾ ਦਿੱਤੇ, ਸੋ ਸਿੱਖਾਂ ਦੀ ਸ਼ਕਤੀ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕਰਕੇ ਸਿੱਖਾਂ ਦੀ ਗੁਰੂ ਸਾਹਿਬ ਪ੍ਰਤੀ ਸ਼ਰਧਾ, ਸਤਿਕਾਰ ਨੂੰ ਢਾਹ ਲਾਉਣ ਦੀ ਖਾਤਰ ਸਭ ਤੋ ਪਹਿਲਾਂ ਅੰਗਰੇਜੀ ਹਕੂਮਤ ਨੇ ਸਿੱਖਾਂ ਤੋ ਗੁਰਦੁਆਰਾ ਪ੍ਰਬੰਧ ਖੋਹ ਕੇ ਮਹੰਤ ਕਾਬਜ ਕਰਵਾ ਦਿੱਤੇ, ਜਿੰਨਾਂ ਤੋ ਖਹਿੜਾ ਛੁਡਵਾਉਣ ਲਈ ਸਿੱਖਾਂ ਨੂੰ ਭਾਰੀ ਕੀਮਤ ਚੁਕਾਉਣੀ ਪਈ। ਬਿਨਾਂ ਸ਼ੱਕ ਸਿੱਖਾਂ ਨੇ ਆਪਣੇ ਗੁਰੂ ਦੀ ਕਿਰਪਾ ਸਦਕਾ ਅਡੋਲ ਸ਼ਹਾਦਤਾਂ ਦੇ ਕੇ ਗੁਰਦੁਆਰਾ ਪਰਬੰਧ ਲੈਣ ਵਿੱਚ ਕਾਮਯਾਬੀ ਹਾਸਲ ਕਰ ਲਈ। ਉਸ ਤੋ ਬਾਅਦ ਵੀ ਸਿੱਖ ਲਗਾਤਾਰ ਮਕਾਰੀ ਸਾਜਿਸ਼ਾਂ ਦਾ ਸ਼ਿਕਾਰ ਹੁੰਦੇ ਰਹੇ। ਸਿੱਖ ਆਗੂਆਂ ਨੇ ਗੁਰਦੁਆਰਾ ਪਰਬੰਧ ਨੂੰ ਸੁਚਾਰੂ ਰੂਪ ਚ ਚਲਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਲਿਆਂਦੀ,ਪ੍ਰੰਤੂ ਏਥੇ ਉਹ ਫਿਰ



ਬਘੇਲ ਸਿੰਘ ਧਾਲੀਵਾਲ
99142-58142

ਇੱਕ ਵਾਰ ਜਿੱਤ ਕੇ ਬਾਜ਼ੀ ਹਾਰ ਗਏ, ਜਿਸ ਦਾ ਖਮਿਆਜਾ ਸਿੱਖ ਪਤਾ ਨਹੀ ਕਦੋਂ ਤੱਕ ਭੁਗਤਦੇ ਰਹਿਣਗੇ। ਉਹਨਾਂ ਨੇ ਕਿਸੇ ਮਕਾਰ ਗੈਰ ਸਿੱਖ ਲੀਡਰ ਦੀਆਂ ਗੱਲਾਂ ਵਿੱਚ ਆ ਕੇ ਸ਼੍ਰੋਮਣੀ ਕਮੇਟੀ ਨੂੰ ਸੰਵਿਧਾਨ ਦੇ ਦਾਇਰੇ ਵਿੱਚ ਲੈ ਕੇ ਆਉਣਾ ਸਵੀਕਾਰ ਕਰ ਲਿਆ।ਏਥੇ ਆ ਕੇ ਫਿਰ ਸਿੱਖ ਪਾਟੋਧਾੜ ਦਾ ਸ਼ਿਕਾਰ ਹੋ ਗਏ, ਕੁੱਝ ਇੱਸ ਕਨੂੰਨ ਨਾਲ ਸਹਿਮਤ ਹੋ ਕੇ ਜੇਲ ਤੋਂ ਰਿਹਾਅ ਹੋ ਗਏ ਅਤੇ ਕੁੱਝ ਅਸਹਿਮਤ ਹੋ ਕੇ ਜੇਲ ਅੰਦਰ ਹੀ ਬੈਠੇ ਰਹੇ।ਭਾਂਵੇ ਜੇਲ੍ਹ ਅੰਦਰ ਬੈਠੇ ਸਿੱਖ ਆਗੂਆਂ ਦੀ ਭਾਵਨਾ ਪਾਕ ਪਵਿੱਤਰ ਸੀ,ਪਰ ਦੂਰਦ੍ਰਿਸ਼ਟੀ ਦੀ ਘਾਟ ਕਾਰਨ ਉਹ ਕੁੱਝ ਵੀ ਹਾਸਲ ਨਾ ਕਰ ਸਕੇ,ਲਿਹਾਜ਼ਾ ਹਮੇਸਾਂ ਲਈ ਸਮੁੱਚਾ ਗੁਰਦੁਆਰਾ ਪਰਬੰਧ 1925 ਦੇ ਗੁਰਦੁਆਰਾ ਐਕਟ ਪਾਸ ਹੋਣ ਤੋ ਬਾਅਦ ਕੇਂਦਰ ਦੇ ਅਧੀਨ ਚਲਾ ਗਿਆ। 1947 ਵਿੱਚ ਭਾਰਤ ਦੇਸ਼ ਤਾਂ ਅਜਾਦ ਹੋ ਗਿਆ, ਪਰ ਮੁਲਕ ਨੂੰ ਅਜਾਦ ਕਰਵਾਉਣ ਲਈ ਸਭ ਤੋ ਵੱਧ ਸ਼ਹਾਦਤਾਂ ਦੇਣ ਅਤੇ ਸਜ਼ਾਵਾਂ ਕੱਟਣ ਵਾਲੇ ਹਮੇਸਾਂ ਲਈ ਆਪਣੇ ਗੁਰੂ ਘਰ ਵੀ ਗੁਲਾਮ ਕਰਵਾ ਕੇ ਬੈਠ ਗਏ। ਅੱਜ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾੜੇ ਪਰਬੰਧ ਨੂੰ ਲੈ ਕੇ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨੂੰ ਲੈ ਕੇ ਚਰਚਾ ਹੋ ਰਹੀ ਹੈ, ਉਸ ਦਾ ਕਾਰਨ ਇਹ ਹੀ ਹੈ ਕਿ ਸਿੱਖਾਂ ਵਿੱਚ ਏਕਾ ਨਾਮ ਦੀ ਕੋਈ ਗੱਲ ਹੀ ਨਹੀਂ ਰਹੀ, ਚੌਧਰ ਦੀ ਭੁੱਖ ਸਿੱਖ ਆਗੂਆਂ ਦੇ ਸਿਰ ਚੜ ਕੇ ਬੋਲਦੀ ਹੈ, ਜਿਸ ਲਈ ਉਹ ਆਪਣੀ ਕੌਮ ਨਾਲ ਵੱਡੇ ਤੋ ਵੱਡਾ ਧਰੋਹ ਕਮਾਉਣ ਵਿੱਚ ਰੱਤੀ ਮਾਤਰ ਵੀ ਹਿਚਕਚਾਹਟ ਮਹਿਸੂਸ ਨਹੀ ਕਰਦੇ, ਜਿਸ ਦੇ ਫਲਸਰੂਪ ਗੁਰਦੁਆਰਾ ਪਰਬੰਧ ਹਮੇਸਾਂ ਉਹਨਾਂ ਧਿਰਾਂ ਦੇ ਕੋਲ ਰਹਿੰਦਾ ਹੈ, ਜਿਹੜੀਆਂ ਕੇਂਦਰ ਨਾਲ ਵਫਾਦਾਰੀ ਪਾਲਦੀਆਂ ਹਨ। ਪਿਛਲੇ ਦਿਨਾਂ ਵਿੱਚ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟ ਬਨਾਉਣ ਲਈ ਜਾਰੀ ਕੀਤੇ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫਾਰਮ ਵਿੱਚ ਊਣਤਾਈਆਂ ਸਾਹਮਣੇ ਆਈਆਂ ਹਨ। ਉਪਰੋਕਤ ਫਾਰਮ ਵਿੱਚ ਕੇਸਧਾਰੀ ਸਿੱਖ ਦੀ ਗੱਲ ਕੀਤੀ ਗਈ ਹੈ,ਪਰ ਉਪਰੋਕਤ ਫਾਰਮ ਵਿੱਚ ਸਿੱਖ ਧਰਮ ਨੂੰ ਮੰਨਣ,ਸ੍ਰੀ ਗੁਰੂ ਗਰੰਥ ਸਾਹਿਬ ਅਤੇ ਗੁਰੂ ਸਹਿਬਾਨਾਂ ਨੂੰ ਮੰਨਣ ਜਾਂ ਸਤਿਕਾਰ ਕਰਨ ਦੇ ਸਬੰਧ ਵਿੱਚ ਕੁੱਝ ਵੀ ਨਹੀ ਸੀ ਲਿਖਿਆ ਗਿਆ, ਪਰ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਕੱਤਰ, ਮੈਂਬਰ ਜਾਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਉਹਦਾ ਕੋਈ ਨੋਟਿਸ ਨਹੀ ਲਿਆ। ਉਹ ਤਾਂ ਭਲਾ ਹੋਵੇ ਦਮਦਮਾ ਸਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਜਿਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਅਤੇ ਕੌਮ ਨੂੰ ਜਗਾਉਣ ਦਾ ਕੁੱਝ ਹੌਸਲਾ ਕੀਤਾ। ਉਹਨਾਂ ਦੇ ਬੋਲਣ ਅਤੇ ਸ਼ੋਸ਼ਲ ਮੀਡੀਏ ਤੇ ਹੋਏ ਹੋ ਹੱਲੇ ਤੋ ਬਾਅਦ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਉਹ ਪੁਰਾਣਾ ਫਾਰਮ ਵਾਪਸ ਲੈ ਕੇ ਨਵਾਂ ਫਾਰਮ ਜਾਰੀ ਕੀਤਾ ਗਿਆ ਹੈ,ਜਿਸ ਵਿੱਚ ਹੇਠਾਂ ਵਿਸ਼ੇਸ਼ ਤੌਰ ਤੇ ਸਵੈ ਘੋਸ਼ਣਾ ਦੇ ਰੂਪ ਵਿੱਚ ਇਹ ਦਰਜ ਕਰ ਦਿੱਤਾ ਗਿਆ ਹੈ ਕਿ “ਮੈ ਧਰਮ ਨਾਲ ਬਿਆਨ ਕਰਦਾ/ਕਰਦੀ ਹਾਂ ਕਿ ਮੈ ਸਿੱਖ ਹਾਂ, ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਾਂ ਗੁਰੂ ਸਹਿਬਾਨਾਂ ਨੂੰ ਮੰਨਦਾ/ਮੰਨਦੀ ਹਾਂ ਅਤੇ ਮੇਰਾ ਹੋਰ ਕੋਈ ਧਰਮ ਨਹੀ ਹੈ”, ਪ੍ਰੰਤੂ ਪੁਰਾਣੇ ਫਾਰਮ ਵਿੱਚ ਅਜਿਹਾ ਕੁੱਝ ਵੀ ਨਹੀ ਸੀ ਲਿਖਿਆ ਗਿਆ। ਇਸ ਗੱਲ ਲਈ ਗੁਰਦੁਆਰਾ ਚੋਣ ਕਮਿਸ਼ਨ ਦੀ ਸ਼ਲਾਘਾ ਕਰਨੀ ਬਣਦੀ ਹੈ ਕਿ ਉਹਨਾਂ ਨੇ ਸਿੱਖ ਧਿਰਾਂ ਦੇ ਪੂਰੀ ਤਰ੍ਹਾਂ ਕੇਂਦਰ ਅੱਗੇ ਗੋਡੇ ਟੇਕਣ ਦੇ ਬਾਵਜੂਦ ਵੀ ਸਿੱਖ ਭਾਵਨਾਵਾਂ ਨੂੰ ਸਮਝਦਿਆਂ ਇਹ ਦੋ ਸਤਰਾਂ ਸਵੈ ਘੋਸ਼ਣਾ ਦੇ ਰੂਪ ਵਿੱਚ ਸ਼ਾਮਲ ਕਰ ਦਿੱਤੀਆਂ ਹਨ, ਨਹੀਂ ਤਾਂ ਜਿਸਤਰਾਂ ਨਾਮਧਾਰੀ ਮੁਖੀ ਠਾਕਰ ਦਲੀਪ ਸਿੰਘ ਦਾ ਸਿੱਖ ਕੌਮ ਨੂੰ ਸ਼ਰਮਸਾਰ ਕਰਨ ਵਾਲਾ ਬਿਆਨ ਆਇਆ ਸੀ, ਜਿਸ ਵਿੱਚ ਉਹਨਾਂ ਕਿਹਾ ਹੈ ਕਿ “ਸਿੱਖ ਬਨਣ ਵਾਸਤੇ ਅਮ੍ਰਿਤ ਛਕਣਾ ਅਤੇ ਕੇਸ ਰੱਖਣੇ ਜ਼ਰੂਰੀ ਨਹੀਂ, ਸ਼ਰਧਾ ਹੀ ਜ਼ਰੂਰੀ ਹੈ” ਉਹਨਾਂ ਨੇ ਸਿੱਖ ਇਤਿਹਾਸ ਤੋ ਉਦਾਹਰਣਾਂ ਦੇ ਕੇ ਆਪਣੀ ਬੇਹੱਦ ਹਲਕੀ ਗੱਲ ਨੂੰ ਵਜ਼ਨਦਾਰ ਬਣਾਉਣ ਦੀ ਉਸ ਮੌਕੇ ਕੋਸ਼ਿਸ਼ ਕੀਤੀ ਹੈ, ਜਦੋਂ ਸਿੱਖ ਆਪਣੀ ਹੋਂਦ ਹਸਤੀ ਬਚਾਉਣ ਲਈ ਜੱਦੋ ਜਹਿਦ ਕਰ ਰਹੇ ਹਨ। ਭਾਵੇਂ ਇਸ ਬਿਆਨ ਦੀ ਕੋਈ ਅਹਿਮੀਅਤ ਨਹੀ ਸਮਝੀ ਜਾ ਰਹੀ, ਪ੍ਰੰਤੂ ਫਿਰ ਵੀ ਇਹ ਬਿਆਨ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀ ਸਿੱਖੀ ਸਿਧਾਂਤਾਂ ਦਾ ਮਲੀਆਮੇਟ ਕਰਵਾਉਣ ਲਈ ਚੱਲ ਰਹੀਆਂ ਸਾਜਿਸ਼ਾਂ ਦੀ ਕੜੀ ਨੂੰ ਅੱਗੇ ਵਧਾਉਣ ਵਿੱਚ ਵੱਡੀ ਭੂਮਿਕਾ ਅਦਾ ਕਰਨ ਵੱਲ ਇਸ਼ਾਰਾ ਜਰੂਰ ਕਰਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਸਿੱਖ ਵਿਰੋਧੀ ਸੋਚ ਸੌਖਿਆਂ ਹੀ ਗੁਰਦੁਆਰਾ ਪਰਬੰਧ ਤੇ ਕਾਬਜ ਹੋਣ ਵਿੱਚ ਸਫਲ ਹੋ ਸਕਦੀ ਸੀ। ਭਾਵੇਂ ਸਿੱਖ ਵਿਰੋਧੀ ਸੋਚ ਨੂੰ ਦਾਖਲ ਹੋਣ ਤੋ ਰੋਕਣ ਲਈ ਅਜੇ ਵੀ ਕੋਈ ਤਸੱਲੀਬਖਸ਼ ਹੱਲ ਨਹੀ ਕਰਵਾਇਆ ਜਾ ਸਕਿਆ, ਅਜੇ ਵੀ ਖਤਰੇ ਦਰਪੇਸ਼ ਹਨ, ਪਰ ਕੁੱਝ ਨਾ ਕੁੱਝ ਰਾਹਤ ਜਰੂਰ ਮਹਿਸੂਸ ਕੀਤੀ ਜਾ ਰਹੀ ਹੈ, ਇਸ ਦਾ ਕਾਰਨ ਇਹ ਹੈ ਕਿ ਸਿੱਖ ਆਪਣੇ ਬਲਬੂਤੇ ਤੇ ਕੇਂਦਰ ਤੋ ਕੋਈ ਵੀ ਮੰਗ ਮਨਵਾਉਣ ਦੇ ਸਮਰੱਥ ਨਹੀ ਰਹੇ,ਜਿਸ ਕਰਕੇ ਕੇਂਦਰ ਵੱਲੋਂ ਆਪਣੇ ਰਹਿਮੋ ਕਰਮ ਤੇ ਦਿੱਤੀ ਤੁੱਛ ਜਿਹੀ ਰਾਹਤ ਹੀ ਸਿੱਖਾਂ ਨੂੰ ਵੱਡੀ ਪਰਾਪਤੀ ਜਾਪਦੀ ਹੈ। ਸੋ ਕੁੱਝ ਵੀ ਹੋਵੇ,ਪਰ ਆਮ ਸਿੱਖ ਵੋਟਰ ਨੂੰ ਸੁਚੇਤ ਹੋ ਕੇ ਜ਼ੁੰਮੇਵਾਰੀ ਸੰਭਾਲਣੀ ਪਵੇਗੀ, ਉਪਰੋਕਤ ਸਮੱਸਿਆਵਾਂ ਪ੍ਰਤੀ ਗੰਭੀਰਤਾ ਅਤੇ ਦੂਰਅੰਦੇਸੀ ਨਾਲ ਸੋਚਣਾ ਹੋਵੇਗਾ, ਫਿਰ ਹੀ ਗੁਰਦੁਆਰਾ ਪ੍ਰਬੰਧ ਦੇ ਸਹੀ ਹੱਥਾਂ ਵਿੱਚ ਜਾਣ ਦੀ ਆਸ ਕੀਤੀ ਜਾ ਸਕਦੀ ਹੈ। ਜਦੋਂ ਪ੍ਰਬੰਧ ਸਹੀ ਹੱਥਾਂ ਵਿੱਚ ਹੋਵੇਗਾ, ਫਿਰ ਸਿੱਖੀ ਸਿਧਾਂਤ ਵੀ ਰਲਗੱਡ ਨਹੀਂ ਹੋਣਗੇ, ਫਲਸ਼ਰੂਪ ਸਿੱਖੀ ਦੇ ਬੋਲਬਾਲੇ ਦੀ ਅਰਦਾਸ ਵੀ ਸੁਣੀ ਜਾਵੇਗੀ।

# ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ’ਤੇ ‘ਦੁਸਹਿਰਾ ਰੈਲੀ’ ਦੌਰਾਨ ਕੀਤਾ ਸੰਬੋਧਨ

ਮੁੰਬਈ : ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਮੰਗਲਵਾਰ ਨੂੰ ਮੁੰਬਈ ਦੇ ਆਜ਼ਾਦ ਮੈਦਾਨ ’ਚ ਦੁਸਹਿਰੇ ਦੇ ਮੌਕੇ ’ਤੇ ਦੁਸਹਿਰਾ ਰੈਲੀ ਦੌਰਾਨ ਸੰਬੋਧਨ ਕੀਤਾ।









ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਮੰਗਲਵਾਰ ਨੂੰ ਸ਼ਿਵ ਸੈਨਾ (ਯੂਬੀਟੀ) ਧੜੇ ਦੇ ਮੁਖੀ ਊਧਵ ਠਾਕਰੇ ’ਤੇ ਵਰ੍ਹਦਿਆਂ ਉਨ੍ਹਾਂ ’ਤੇ ਸੱਤਾ ਲਈ ਸੈਨਾ ਦੇ ਸੰਸਥਾਪਕ ਬਾਲ ਠਾਕਰੇ ਦੀ ਹਿੰਦੂਤਵ ਵਿਚਾਰਧਾਰਾ ਨੂੰ ਦਫ਼ਨ ਕਰਨ ਦਾ ਦੋਸ਼ ਲਗਾਇਆ। ਮੁੰਬਈ ਦੇ ਆਜ਼ਾਦ ਮੈਦਾਨ ’ਤੇ ਦੁਸਹਿਰਾ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਿੰਦੇ ਨੇ ਠਾਕਰੇ ਦਾ ਨਾਂ ਲਏ ਬਿਨਾਂ ਉਨ੍ਹਾਂ ’ਤੇ ਮਰਹੂਮ ਸੈਨਾ ਸੰਸਥਾਪਕ ਦੀ ਪਿੱਠ ’ਚ ਛੁਰਾ ਮਾਰਨ ਦਾ ਦੋਸ਼ ਲਗਾਇਆ। ਤੁਸੀਂ ਸੱਤਾ ਲਈ ਕਾਂਗਰਸ ਅਤੇ ਸਮਾਜਵਾਦੀਆਂ ਨਾਲ ਜਾ ਕੇ ਬਾਲਾ ਸਾਹਿਬ ਠਾਕਰੇ ਦੀ ਹਿੰਦੂਤਵੀ ਵਿਚਾਰਧਾਰਾ ਨੂੰ ਦਫਨ ਕਰ ਦਿੱਤਾ ਹੈ। ਬਾਲਾ ਸਾਹਿਬ ਨੇ ਸ਼ਿਵਤੀਰਥ (ਸ਼ਿਵਾਜੀ ਪਾਰਕ ਮੈਦਾਨ) ਤੋਂ ‘ਗਰਵ ਸੇ ਕਹੋ ਹਮ ਹਿੰਦੂ ਹੈਂ’ ਦਾ ਨਾਅਰਾ ਦਿੱਤਾ ਸੀ ਪਰ ‘ਗਰਵ ਸੇ ਕਹੋ ਹਮ ਕਾਂਗਰਸੀ’ ਅਤੇ ਉਸ ਸਥਾਨ ਤੋਂ ਸਮਾਜਵਾਦੀ ਹੈ’ ਦਿੱਤਾ ਜਾ ਰਿਹਾ ਹੈ। ਇਹ ਦੇਸ਼ ਦੀ ਵਿੱਤੀ ਰਾਜਧਾਨੀ ਵਿੱਚ ਸ਼ਿਵ ਸੈਨਾ ਦੇ ਦੋ ਧੜਿਆਂ ਦਰਮਿਆਨ ਰੈਲੀਆਂ ਦੀ ਲੜਾਈ ਸੀ। ਠਾਕਰੇ ਨੇ ਦਾਦਰ ਦੇ ਸ਼ਿਵਾਜੀ ਪਾਰਕ ’ਚ ਆਪਣੀ ਸਾਲਾਨਾ ਦੁਸਹਿਰਾ ਰੈਲੀ ਨੂੰ ਵੀ ਸੰਬੋਧਨ ਕੀਤਾ।


ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ
ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ
ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ ਦੇਖਦੇ ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ

# ਬੰਗਲਾਦੇਸ਼ ਖ਼ਿਲਾਫ਼ ਭਾਰਤ ਦੀ 'ਵਿਰਾਟ' ਜਿੱਤ









ਵਿਰਾਟ ਕੋਹਲੀ ਜੇਤੂ ਦੌੜਾਂ ਬਣਾਉਣ ਅਤੇ ਆਪਣਾ ਸੈਂਕੜਾ ਪੂਰਾ ਕਰਨ ਤੋਂ ਬਾਅਦ ਕੇ ਐਲ ਰਾਹੁਲ ਨਾਲ ਜਸ਼ਨ ਮਨਾਉਂਦੇ ਹੋਏ

ਪੂਣੇ : ਇਥੇ ਖੇਡੇ ਗਏ ਇਕ ਦਿਨਾਂ ਵਿਸ਼ਵ ਕੱਪ 2023 ਦੇ 17ਵੇਂ ਮੁਕਾਬਲੇ 'ਚ ਭਾਰਤੀ ਟੀਮ ਨੇ ਬੰਗਲਾਦੇਸ਼ ਨੂੰ ਸੱਤ ਵਿਕਟਾਂ ਨਾਲ ਹਰਾ ਦਿੱਤਾ। ਇਸ ਟੂਰਨਾਮੈਂਟ 'ਚ ਇਹ ਭਾਰਤ ਦੀ ਲਗਾਤਾਰ ਚੌਥੀ ਜਿੱਤ ਹੈ ਅਤੇ ਅੰਕਾਂ ਦੀ ਸੂਚੀ 'ਚ ਭਾਰਤ ਦੂਸਰੇ ਸਥਾਨ 'ਤੇ ਹੈ। ਬੰਗਲਾਦੇਸ਼ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 8 ਵਿਕਟਾਂ ਦੇ ਨੁਕਸਾਨ 'ਤੇ 256 ਦੌੜਾਂ ਬਣਾਈਆਂ। ਜਿਸ ਦੇ ਜਵਾਬ ਵਿਚ ਭਾਰਤ ਨੇ 41.3 ਓਵਰਾਂ 'ਚ 3 ਵਿਕਟਾਂ ਦੇ ਨੁਕਸਾਨ 'ਤੇ 261 ਦੌੜਾਂ ਬਣਾ ਲਈਆਂ ਅਤੇ ਮੈਚ ਆਪਣੇ ਨਾਮ ਕਰ ਲਿਆ। ਭਾਰਤ ਲਈ ਵਿਰਾਟ ਕੋਹਲੀ ਨੇ ਛੱਕਾ ਮਾਰ ਕੇ ਮੈਚ ਨੂੰ ਖ਼ਤਮ ਕੀਤਾ ਅਤੇ ਇਸ ਛੱਕੇ ਦੇ ਨਾਲ ਹੀ ਉਸ ਨੇ ਇਕ ਦਿਨਾਂ ਕ੍ਰਿਕਟ 'ਚ ਆਪਣਾ 48ਵਾਂ ਸੈਂਕੜਾ ਵੀ ਪੂਰਾ ਕੀਤਾ। ਵਿਰਾਟ ਕੋਹਲੀ ਨੇ ਸਭ ਤੋਂ ਤੇਜ਼ 26 ਹਜ਼ਾਰ ਅੰਤਰਰਾਸ਼ਟਰੀ ਦੌੜਾਂ ਵੀ ਪੂਰੀਆਂ ਕਰ ਲਈਆਂ। ਉਨ੍ਹਾਂ ਨੇ 567 ਪਾਰੀਆਂ 'ਚ ਉਕਤ ਪ੍ਰਾਪਤੀ ਹਾਸਲ ਕੀਤੀ। ਕੋਹਲੀ ਤੋਂ ਪਹਿਲਾਂ ਸਚਿਨ ਤੇਂਦੂਲਕਰ ਨੇ 600 ਪਾਰੀਆਂ 'ਚ ਏਨੀਆਂ ਦੌੜਾਂ ਬਣਾਈਆਂ ਸਨ। ਕੋਹਲੀ ਤੋਂ ਇਲਾਵਾ ਸ਼ੁਭਮਨ ਗਿੱਲ (53 ਦੌੜਾਂ) ਨੇ 10ਵਾਂ ਅਰਧ ਸੈਂਕੜਾ ਮਾਰਿਆ ਜਦਕਿ ਕਪਤਾਨ ਰੋਹਿਤ ਸ਼ਰਮਾ ਨੇ 48 ਦੌੜਾਂ ਦਾ ਯੋਗਦਾਨ ਦਿੱਤਾ। ਇਸ ਤੋਂ ਪਹਿਲਾਂ ਬੰਗਲਾਦੇਸ਼ ਲਈ ਸਭ ਤੋਂ ਜ਼ਿਆਦਾ 66 ਦੌੜਾਂ ਲਿਟਨ ਦਾਸ ਨੇ ਬਣਾਈਆਂ। ਉੱਧਰ ਤੰਜੀਦ ਹਸਨ ਨੇ 51 ਦੌੜਾਂ ਦੀ ਪਾਰੀ ਖੇਡੀ। ਅੰਤ 'ਚ ਮਹਿਮੂਦੁੱਲਾ ਨੇ 46 ਦੌੜਾਂ ਦੀ ਪਾਰੀ ਖੇਡ ਕੇ ਆਪਣੀ ਟੀਮ ਦਾ ਸਕੋਰ 250 ਦੌੜਾਂ ਦੇ ਨੇੜੇ ਪਹੁੰਚਾਇਆ। ਮੁਸ਼ਫਿਕੁਰ ਰਹੀਮ ਨੇ 38 ਦੌੜਾਂ ਦਾ ਯੋਗਦਾਨ ਦਿੱਤਾ। ਭਾਰਤ ਲਈ ਜਸਪ੍ਰੀਤ ਬੁਮਰਾਹ, ਮੁਹੰਮਦ ਸਿਰਾਜ ਅਤੇ ਰਵਿੰਦਰ ਜਡੇਜਾ ਨੇ 2-2 ਵਿਕਟਾਂ ਲਈਆਂ ਜਦਕਿ ਸ਼ਰਦੁਲ ਠਾਕੁਰ ਅਤੇ ਕੁਲਦੀਪ ਯਾਦਵ ਨੇ 1-1 ਵਿਕਟ ਲਈ। ਵਿਰਾਟ ਕੋਹਲੀ ਨੂੰ ਮੈਨ ਆਫ਼ ਦਾ ਮੈਚ ਐਲਾਨਿਆ ਗਿਆ।

**ਵਿਸ਼ਵ ਕੱਪ 'ਚ 8 ਸਾਲ ਬਾਅਦ ਕੀਤੀ ਗੇਂਦਬਾਜ਼ੀ**

: ਭਾਰਤੀ ਟੀਮ ਦੇ ਸਟਾਰ ਬੱਲੇਬਾਜ਼ ਵਿਰਾਟ ਕੋਹਲੀ ਨੇ ਵਿਸ਼ਵ ਕੱਪ 'ਚ ਅੱਠ ਸਾਲ ਬਾਅਦ ਗੇਂਦਬਾਜ਼ੀ ਕੀਤੀ। ਉਨ੍ਹਾਂ ਨੇ ਬੰਗਲਾਦੇਸ਼ ਖ਼ਿਲਾਫ਼ ਖੇਡੇ ਗਏ ਮੈਚ 'ਚ ਹਾਰਦਿਕ ਦੇ ਜ਼ਖ਼ਮੀ ਹੋਣ ਤੋਂ ਬਾਅਦ ਉਸ ਦੇ ਓਵਰ ਦੀਆਂ ਰਹਿੰਦੀਆਂ 3 ਗੇਂਦਾਂ ਕਰਵਾਈਆਂ। 2015 'ਚ ਆਸਟ੍ਰੇਲੀਆ ਖ਼ਿਲਾਫ਼ ਹਾਰਦਿਕ ਪਾਂਡਿਆ ਨੇ ਸੈਮੀਫਾਈਨਲ ਮੈਚ 'ਚ ਗੇਂਦਬਾਜ਼ੀ ਕੀਤੀ ਸੀ ਤਾਂ ਉੱਧਰ ਇਕ ਦਿਨਾਂ ਮੈਚ 'ਚ ਵਿਰਾਟ ਨੇ ਅਗਸਤ 2017 'ਚ ਕਲੰਬੋ ਦੇ ਪ੍ਰੇਮਦਾਸਾ ਸਟੇਡੀਅਮ 'ਚ ਸ੍ਰੀਲੰਕਾ ਖ਼ਿਲਾਫ਼ ਗੇਂਦਬਾਜ਼ੀ ਕੀਤੀ ਸੀ। ਇਸ ਤੋਂ ਇਲਾਵਾ ਵਿਰਾਟ ਕੋਹਲੀ ਨੇ ਸਾਲ 2011 ਵਿਸ਼ਵ ਕੱਪ ਦੇ ਫਾਈਨਲ ਮੈਚ 'ਚ ਸ੍ਰੀਲੰਕਾ ਖ਼ਿਲਾਫ਼ ਗੇਂਦਬਾਜ਼ੀ ਕੀਤੀ ਸੀ ਅਤੇ ਸਾਲ 2011 'ਚ ਹੀ ਆਸਟ੍ਰੇਲੀਆ ਖ਼ਿਲਾਫ਼ ਕੁਆਰਟਰ ਫਾਈਨਲ 'ਚ ਵੀ ਗੇਂਦਬਾਜ਼ੀ ਕੀਤੀ ਸੀ।




ਵਿਰਾਟ ਕੋਹਲੀ ਜੇਤੂ ਦੌੜਾਂ ਬਣਾਉਣ ਤੋਂ ਬਾਅਦ ਕੇਐਲ ਰਾਹੁਲ, ਈਸ਼ਾਨ ਕਿਸ਼ਨ ਅਤੇ ਕਪਤਾਨ ਰੋਹਿਤ ਸ਼ਰਮਾ ਨਾਲ ਜਸ਼ਨ ਮਨਾਉਂਦੇ ਹੋਏ।




ਵਿਰਾਟ ਕੋਹਲੀ ਜੇਤੂ ਦੌੜਾਂ ਬਣਾਉਣ ਅਤੇ ਆਪਣਾ ਸੈਂਕੜਾ ਪੂਰਾ ਕਰਨ ਤੋਂ ਬਾਅਦ ਬੰਗਲਾਦੇਸ਼ ਦੇ ਖਿਡਾਰੀਆਂ ਨਾਲ ਹੱਥ ਮਿਲਾਉਂਦੇ ਹੋਏ

## ਨੀਦਰਲੈਂਡ ਦੇ ਸਰਦਾਰ ਵਿਕਰਮਜੀਤ ਸਿੰਘ ਨੂੰ ਆਸਟਰੇਲੀਆ ਦੇ ਗਲੇਨ ਮੈਕਸਵੈੱਲ ਨੇ ਜਦੋਂ ਰਨਆਊਟ ਕੀਤਾ




ਨਵੀਂ ਦਿੱਲੀ : ਨੀਦਰਲੈਂਡ ਦੇ ਉਘੇ ਖਿਡਾਰੀ ਸਰਦਾਰ ਵਿਕਰਮਜੀਤ ਸਿੰਘ ਬੁੱਧਵਾਰ ਨੂੰ ਨਵੀਂ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਆਈਸੀਸੀ ਪੁਰਸ਼ ਕ੍ਰਿਕਟ ਵਿਸ਼ਵ ਕੱਪ 2023 ਵਿੱਚ ਆਪਣੇ ਮੈਚ ਦੌਰਾਨ ਆਸਟਰੇਲੀਆ ਦੇ ਗਲੇਨ ਮੈਕਸਵੈੱਲ ਤੋਂ ਰਨਆਊਟ ਕੀਤਾ ਤਾਂ ਬੜੇ ਅਫਸੋਸ ਨਾਲ ਸਿੰਘ ਸਾਹਿਬ ਪਾਵੀਲੀਅਨ ਨੂੰ ਵਾਪਸ ਜਾਂਦੇ ਹੋਏ।


## ਆਸਟ੍ਰੇਲੀਆ ਦੇ ਡੇਵਿਡ ਵਾਰਨਰ ਨੇ ਫੇਰ ਜੜਿਆ ਸੈਂਕੜਾ ਤੇ ਮਨਾਇਆ ਜਸ਼ਨ

ਨਵੀਂ ਦਿੱਲੀ : ਆਸਟਰੇਲੀਆ ਦੇ ਡੇਵਿਡ ਵਾਰਨਰ ਨੇ ਨਵੀਂ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਆਈਸੀਸੀ ਪੁਰਸ਼ ਕ੍ਰਿਕਟ ਵਿਸ਼ਵ ਕੱਪ 2023 ਵਿੱਚ ਨੀਦਰਲੈਂਡ ਖ਼ਿਲਾਫ਼ ਮੈਚ ਦੌਰਾਨ ਆਪਣਾ ਜਦੋ ਸੈਂਕੜਾ ਜੜਿਆ ਤਾਂ ਪੂਰਾ ਸਟੇਡੀਅਮ ਚੀਕਾਂ ਮਾਰਨ ਲੱਗ ਪਿਆ। ਆਸਟਰੇਲੀਆ ਦੇ ਮਿਸਟਰ ਡੇਵਿਡ ਵਾਰਨਰ ਜਸ਼ਨ ਮਨਾਉਂਦੇ ਤੇ ਇੱਕ ਤਰ੍ਹਾਂ ਨਾਲ ਭੰਗੜਾ ਪਾਉਂਦੇ ਹੋਏ।





## ਆਸਟ੍ਰੇਲੀਆ ਦੇ ਗਲੇਨ ਮੈਕਸਵੈੱਲ ਨੇ ਵਿਸ਼ਵ ਕੱਪ 'ਚ ਸਭ ਤੋਂ ਤੇਜ਼ ਸੈਂਕੜਾ ਲਾਕੇ ਇਤਿਹਾਸ ਰਚਿਆ






ਨਵੀਂ ਦਿੱਲੀ : ਆਸਟ੍ਰੇਲੀਆ ਦੇ ਗਲੇਨ ਮੈਕਸਵੈੱਲ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿਚ ਕ੍ਰਿਕਟ ਵਿਸ਼ਵ ਕੱਪ 2023 ਵਿਚ ਨੀਦਰਲੈਂਡ ਦੇ ਖਿਲਾਫ ਮੈਚ ਦੌਰਾਨ ਆਪਣਾ 40 ਬਾਲ ਉਪਰ ਸੈਂਕੜਾ ਜੜਕੇ ਕ੍ਰਿਕਟ ਦੀ ਦੁਨੀਆ ਵਿੱਚ ਨਵਾਂ ਇਤਿਹਾਸ ਸਿਰਜ ਦਿੱਤਾ ਅਤੇ ਇਸ ਮੈਚ 'ਚ ਅਸਟਰੇਲੀਆ ਨੇ 399 ਰਨ ਬਣਾਏ ਅਤੇ ਵਿਰੋਧੀ ਨੀਦਰਲੈਂਡ ਦੀ ਸਾਰੀ ਟੀਮ 90 ਰਨ ਉਪਰ ਹੀ ਆਉਟ ਹੋ ਗਈ।

## ਆਸਟ੍ਰੇਲੀਆ ਦੇ ਡੇਵਿਡ ਵਾਰਨਰ ਨੇ ਜਦੋਂ ਕੈਚ ਫੜਿਆ ਤਾਂ ਸਟੇਡੀਅਮ ਗੂੰਝਾ ਉਠਿਆ

ਨਵੀਂ ਦਿੱਲੀ : ਆਸਟ੍ਰੇਲੀਆ ਦੇ ਡੇਵਿਡ ਵਾਰਨਰ ਨੇ ਨਵੀਂ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਕ੍ਰਿਕਟ ਵਿਸ਼ਵ ਕੱਪ 2023 ਵਿੱਚ ਆਪਣੇ ਮੈਚ ਦੌਰਾਨ ਨੀਦਰਲੈਂਡ ਦੇ ਸਾਈਬ੍ਰੈਂਡ ਏਂਜਲਬੇਚਟ ਦਾ ਇਤਿਹਾਸਕ ਕੈਚ ਫੜਿਆ ਤਾਂ ਸਟੇਡੀਅਮ ਗੂੰਝ ਉਠਿਆ।



# ਮੌਜੂਦਾ ਸਵਾਰਥੀ ਸਮੇਂ ਵਿੱਚ ਨਿਸਵਾਰਥ ਮਾਨਵਤਾ ਪ੍ਰਤੀ ਸੇਵਾ ਨਿਭਾਉਣ ਵਾਲੇ ਇਨਸਾਨ ਹਨ ਬਰਿੰਦਰ ਸਿੰਘ ਮਸੀਤੀਂ

## ਬਰਿੰਦਰ ਸਿੰਘ ਮਸੀਤੀਂ ਦੀ ਪ੍ਰਬਲ ਇੱਛਾ ਹੈ ਕਿ ਉਸਦੇ ਜੀਵਨ ਦਾ ਹਰ ਪਲ ਜਨ ਹਿੱਤ ਲਈ ਲੱਗੇ













ਅਕਸਰ ਦੇਖਿਆ ਜਾਂਦਾ ਹੈ ਕਿਸੇ ਵੀ ਕੰਮ ਨੂੰ ਜਨੂੰਨ ਦੀ ਹੱਦ ਤੱਕ ਕਰਨ ਲਈ ਕੋਈ ਉਮਰ, ਸਮਾਂ ਜਾਂ ਸਾਧਨ ਨਹੀਂ ਦੇਖਿਆ ਜਾਂਦਾ ਬਸ ਜਦੋਂ ਲੱਗਣ ਲੱਗ ਗਈ ਮਨ ਵਿੱਚ ਫੁਰਨਾ ਫੁਰਿਆ ਤੇ ਫਿਰ ਕੰਮ ਦੀ ਚਾਲ ਆਪਣੇ ਆਪ ਚੱਲ ਪੈਂਦੀ ਹੈ ਬਸ ਜ਼ਰੂਰਤ ਸਿਰਫ ਇੰਨੀ ਹੁੰਦੀ ਹੈ ਕਿ ਸਮੇਂ-ਸਮੇਂ ਤੇ ਸਹੀ ਮਾਰਗ ਦਰਸ਼ਨ ਮਿਲਦਾ ਰਹੇ ਜਿਸ ਲਈ ਨਾਲ ਕੰਮ ਕਰਨ ਵਾਲੇ ਤੇ ਮਾਰਗ ਦਰਸ਼ਕ ਵੀ ਸਮਰਪਿਤ ਭਾਵਨਾ ਨਾਲ ਕੰਮ ਕਰਨ ਵਾਲਾ ਹੋਵੇ ਫਿਰ ਤੇ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ।

ਸੋ ਅੱਜ ਇਸੇ ਤਰ੍ਹਾਂ ਦੀ ਸ਼ਖ਼ਸੀਅਤ ਬਰਿੰਦਰ ਸਿੰਘ ਮਸੀਤੀਂ ਨਾਲ ਹੋਈ ਗੱਲਬਾਤ ਨੂੰ ਅਮਰੀਕਾ ਦੇ ਸ਼ਹਿਰ ਕੈਲੇਫੋਨੀਆ ਤੋਂ ਛਪਦੇ ਅਖ਼ਬਾਰ 'ਸਾਡੇ ਲੋਕ' ਦੇ ਬਿਊਰੋ ਚੀਫ਼ ਦਲਜੀਤ ਅਜਨੋਹਾ ਵਲੋਂ ਆਪਣੇ ਪਾਠਕਾਂ ਦੇ ਨਾਲ ਸ਼ਬਦਾਂ ਦੇ ਰੂਪ ਵਿੱਚ ਦੇ ਸਾਂਝੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ

ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਕੋਟ ਮਸੀਤਪਲ (ਮਸੀਤੀਂ) ਦੇ ਵਸਨੀਕ ਬਰਿੰਦਰ ਸਿੰਘ ਮਸੀਤੀਂ ਜਿਨ੍ਹਾਂ ਦਾ ਜਨਮ 18/8/1960 ਨੂੰ ਹੋਇਆ ਤੇ ਆਪਣੇ ਕੰਮਕਾਰ ਦੇ ਨਾਲ ਨਾਲ ਜਦੋਂ ਕਿਧਰੇ ਉਨ੍ਹਾਂ ਨੂੰ ਕੋਈ ਜਨ ਹਿੱਤ ਦੇ ਕੰਮ ਕਰਨ ਦਾ ਮੌਕੇ ਮਿਲਦਾ ਤਾਂ ਇਹ ਪਹਿਲ ਦੇ ਆਧਾਰ 'ਤੇ ਉਸਨੂੰ ਕਰਦੇ। ਇਸੇ ਤਰ੍ਹਾਂ ਆਪਣੇ ਕੰਮ ਦੇ ਨਾਲ ਉਹ ਲੋਕਾਂ ਨੂੰ ਪ੍ਰੇਰਿਤ ਕਰਦੇ ਤੇ ਸਮਾਂ ਆਪਣੀ ਚਾਲ ਚੱਲਦਾ ਗਿਆ ਤੇ 2002 ਵਿੱਚ ਉਨ੍ਹਾਂ ਦਾ ਸੰਪਰਕ ਹੁਸ਼ਿਆਰਪੁਰ ਦੀ ਪ੍ਰਮੁੱਖ ਨੇਤਰਦਾਨ ਸੰਸਥਾ ਦੇ ਪ੍ਰਤੀਨਿਧਾਂ ਨਾਲ ਹੋ ਗਿਆ। ਗੱਲ ਕੀ ਉਸ ਸਮੇਂ ਤੋਂ ਹੀ ਬਰਿੰਦਰ ਸਿੰਘ ਮਸੀਤੀਂ ਨੇ ਆਪਣੀ ਜ਼ਿੰਦਗੀ ਦਾ ਉਦੇਸ਼ ਬਣਾ ਲਿਆ ਕਿ ਲੋਕਾਂ ਨੂੰ ਅੱਖਾਂ ਦਾਨ, ਸਰੀਰ ਦਾਨ ਕਰਨ ਲਈ ਪ੍ਰੇਰਤ ਕਰਨ ਦਾ ਤੇ ਅੱਜ ਵੀ ਤੁਹਾਨੂੰ ਜ਼ਿਲਾ ਹੁਸ਼ਿਆਰਪੁਰ ਦੇ ਇਲਾਕੇ ਟਾਂਡਾ, ਭੂੰਗਾ ਤੇ ਭੋਗਪੁਰ ਵਿੱਚ ਸਾਈਕਲ ਤੇ ਨੀਲੀ ਦਸਤਾਰ ਸਜਾਈ ਪੀਲਾ ਕੁੜਤਾ ਤੇ ਚਿੱਟਾ ਪਜਾਮਾ ਹੱਥ ਵਿਚ ਕਾਲਾ ਬੈਗ ਫੜੇ ਬਜ਼ੁਰਗ



ਦਲਜੀਤ ਸਿੰਘ ਅਜਨੋਹਾ
98721-83601


ਵਿਅਕਤੀ ਅਕਸਰ ਦਿਖਾਈ ਦਿੰਦਾ ਜਿਸ ਦਾ ਮਕਸਦ ਹੀ ਹੈ ਕਿ ਲੋਕਾਂ ਨੂੰ ਅੱਖਾਂ, ਸਰੀਰ ਦਾਨ ਕਰਨ ਲਈ ਪ੍ਰੇਰਤ ਕਰਨਾ ਬਰਿੰਦਰ ਸਿੰਘ ਮਸੀਤੀਂ ਇੰਨੀ ਉਮਰ ਵਿੱਚ ਵੀ ਚੁਸਤ ਤੇ ਬੇਬਾਕ ਗੱਲਬਾਤ ਦੇ ਨਾਲ ਲੋਕਾਂ ਨੂੰ ਪ੍ਰੇਰਤ ਕਰਦੇ ਹਨ। ਉਨ੍ਹਾਂ ਮੁਤਾਬਕ ਇਸ ਕੰਮ ਦੀ ਚੇਟਕ ਉਨ੍ਹਾਂ ਨੂੰ ਭਾਈ ਘਨੱਈਆ ਚੈਰੀਟੇਬਲ ਟਰੱਸਟ ਉੱਜਲ ਸਿੰਘ ਹੋਰਾਂ ਤੋਂ ਲੱਗੀ। ਉਨ੍ਹਾਂ ਦੱਸਿਆ ਕਿ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਤੇ ਸੇਵਾ ਮੁਕਤ ਡਿਪਟੀ ਡਾਇਰੈਕਟਰ ਡਾ. ਕੇਵਲ ਸਿੰਘ ਦੀ ਅਗਵਾਈ ਵਿੱਚ ਲੋਕਾਂ ਵਿਚ ਅੱਖਾਂ ਦਾਨ ਤੇ ਸਰੀਰ ਦਾਨ ਕਰਨ ਦੀ ਮੁਹਿਮ ਨੂੰ ਬਾਖੂਬੀ ਨਿਭਾਅ ਰਿਹਾ ਹੈ। ਉਥੇ ਉਹ ਲੋਕਾਂ ਦੇ ਕਈ ਵਹਿਮ ਵੀ ਦੂਰ ਕਰਦਾ ਹੈ ਜੋ ਲੋਕਾਂ ਦੇ ਮਨਾਂ ਵਿੱਚ ਇਨ੍ਹਾਂ ਅੰਗਾਂ ਦੇ ਦਾਨ ਨੂੰ ਲੈ ਕਹਿੰਦੇ ਹਨ। ਉਹ ਸਾਈਕਲ ਤੇ ਰੋਜ਼ਾਨਾ 30 ਕਿਲੋਮੀਟਰ ਤੋਂ ਵੱਧ ਸਫ਼ਰ ਕਰਦਿਆਂ ਲੋਕਾਂ ਨੂੰ ਜਾਗਰੂਕ ਕਰਦੇ ਹਨ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਟੀਮ ਹੁਣ ਤੱਕ 29 ਪਰਿਵਾਰਾਂ ਦੀਆਂ 58 ਅੱਖਾਂ ਦਾਨ ਕਰਵਾ ਕੇ ਸਰਕਾਰੀ ਹਸਪਤਾਲ ਅੰਮ੍ਰਿਤਸਰ ਭੇਜ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਹ ਅੱਖਾਂ ਜ਼ਰੂਰਤਮੰਦ ਲੋਕਾਂ ਨੂੰ ਮੁਫ਼ਤ ਲਗਾਈਆਂ ਜਾਂਦੀਆਂ ਹਨ ਤੇ ਹੁਸ਼ਿਆਰਪੁਰ ਵਲੋਂ ਹੁਣ ਤਕ 1054 ਅੱਖਾਂ ਦਾ ਯੋਗਦਾਨ ਪਾਇਆ ਜਾ ਚੁੱਕਾ ਹੈ। ਉਨ੍ਹਾਂ ਇਸ ਸਬੰਧੀ ਜਾਣਕਾਰੀ ਦਿੱਤੀ ਕਿ ਦਾਨ ਕਰਨ ਵਾਲੇ ਵਿਆਤੀ ਦੀ ਮੌਤ ਤੋਂ ਬਾਅਦ 6 ਤੋਂ 8 ਘੰਟੇ ਵਿੱਚ ਮਾਹਿਰ ਡਾਕਟਰਾਂ ਵਲੋਂ ਅੱਖਾਂ ਲੈਣੀਆਂ ਜ਼ਰੂਰੀ ਹਨ ਤੇ 24 ਤੋਂ 36 ਘੰਟਿਆਂ ਵਿੱਚ ਜ਼ਰੂਰਤਮੰਦ ਨੂੰ ਅੱਖਾਂ ਪਾਈਆਂ ਜਾਣੀਆਂ ਜ਼ਰੂਰੀ ਹਨ। ਬਰਿੰਦਰ ਸਿੰਘ ਮਸੀਤੀਂ ਲੋਕਾਂ ਨੂੰ ਖ਼ੂਨਦਾਨ ਕਰਨ ਲਈ ਵੀ ਪ੍ਰੇਰਤ ਕਰਦੇ ਰਹਿੰਦੇ ਹਨ। ਉਥੇ ਉਨ੍ਹਾਂ ਆਪ ਵੀ ਕਈ ਵਾਰ ਖ਼ੂਨਦਾਨ ਕੀਤਾ। ਪਿਛਲੇ ਸਮੇਂ ਦੌਰਾਨ ਉਨ੍ਹਾਂ ਨੇ ਆਪਣੀ ਬੇਟੀ ਨਾਲ ਖ਼ੂਨਦਾਨ ਕਰਕੇ ਆਪਣਾ ਜਨਮ ਦਿਨ ਮਨਾਇਆ। ਉਨਾਂ ਦੇ ਇਸ ਨਿਸਵਾਰਥ ਕੰਮ ਲਈ 15 ਅਗਸਤ ਤੇ ਸਟੇਟ ਐਵਾਰਡ ਦਿੱਤਾ ਗਿਆ।
















# ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ
# ਪ੍ਰਕਾਸ਼ ਪੁਰਬ
## ਦੀ ਸਮੂਹ ਸੰਗਤਾਂ ਨੂੰ
# ਲੱਖ-ਲੱਖ ਵਧਾਈ।



ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਜਾਰੀ ਕਰਤਾ

**ਸ:ਹਰਮਿੰਦਰ ਸਿੰਘ ਸਮਾਣਾ**

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

**(209) 481-7750**

# ਮਹਾਨ ਸਪਿੰਨਰ ਬਿਸ਼ਨ ਸਿੰਘ ਬੇਦੀ ਦਾ ਦੇਹਾਂਤ

## ਲੰਮੇ ਸਮੇਂ ਤੋਂ ਬਿਮਾਰ ਸਨ; ਇੱਕ ਦਹਾਕੇ ਤੋਂ ਵੱਧ ਸਮਾਂ ਭਾਰਤੀ ਗੇਂਦਬਾਜ਼ੀ ਦਾ ਅਹਿਮ ਹਿੱਸਾ ਰਹੇ

ਭਾਰਤ ਦੇ ਸਾਬਕਾ ਕ੍ਰਿਕਟ ਸਟਾਰ ਬਿਸ਼ਨ ਸਿੰਘ ਬੇਦੀ ਲੰਬਾ ਸਮਾਂ ਬਿਮਾਰ ਰਹਿਣ ਤੋਂ ਬਾਅਦ 77 ਸਾਲ ਦੀ ਉਮਰ 'ਚ ਅਕਾਲ ਚਲਾਣਾ ਕਰ ਗਏ ਹਨ ਜਿਸ ਕਾਰਨ ਸਮੁੱਚੇ ਭਾਰਤ, ਖ਼ਾਸ ਤੌਰ 'ਤੇ ਖੇਡ ਜਗਤ 'ਚ ਸੋਗ ਦੀ ਲਹਿਰ ਦੌੜਨੀ ਸੁਭਾਵਕ ਹੈ। ਅੰਮ੍ਰਿਤਸਰ ਦੇ ਜੰਮਪਲ਼ ਬਿਸ਼ਨ ਸਿੰਘ ਬੇਦੀ ਖੱਬੀ ਬਾਂਹ ਨਾਲ ਸਪਿੰਨ ਬਾਊਲਿੰਗ ਕਰਵਾਉਣ ਦੇ ਮਾਹਰ ਸਨ। ਉਨ੍ਹਾਂ ਦੇ ਓਵਰ ਨੂੰ ਅਕਸਰ 'ਕਲਾਕਾਰੀ' ਆਖਿਆ ਜਾਂਦਾ ਸੀ ਕਿਉਂਕਿ ਬਹੁਤੀ ਵਾਰ ਬੈਟਸਮੈਨ ਨੂੰ ਅਗਾਊਂ ਕੋਈ ਅਨੁਮਾਨ ਹੀ ਨਹੀਂ ਸੀ ਲੱਗਦਾ ਕਿ ਗੇਂਦ ਕਿਹੜੇ ਪਾਸੇ ਨੂੰ ਜਾਵੇਗੀ ਤੇ ਗੇਂਦ ਜ਼ਿਆਦਾਤਰ ਉਸ ਦੀ ਸੋਚ ਦੇ ਉਲਟ ਪਾਸੇ ਮੁੜ ਜਾਂਦੀ ਸੀ।



ਉਹ 1966 ਤੋਂ ਲੈ ਕੇ 1979 ਤੱਕ ਦੇਸ਼ ਦੀ ਕ੍ਰਿਕਟ ਟੀਮ 'ਚ ਰਹੇ। ਉਨ੍ਹਾਂ 67 ਟੈਸਟ ਮੈਚਾਂ ਵਿਚ 268 ਵਿਕਟਾਂ ਲਈਆਂ। ਉਨ੍ਹਾਂ 14 ਮੈਚਾਂ ਵਿਚ ਪੰਜ-ਪੰਜ ਵਿਕਟਾਂ ਲਈਆਂ ਸਨ ਤੇ ਇਕ ਵਾਰ ਤਾਂ ਉਨ੍ਹਾਂ ਵਿਰੋਧੀ ਟੀਮ ਦੀਆਂ ਦਸ ਦੀਆਂ ਦਸ ਵਿਕਟਾਂ ਲਈਆਂ ਸਨ। ਬਿਸ਼ਨ ਸਿੰਘ ਬੇਦੀ ਨੇ 10 ਇਕ-ਰੋਜ਼ਾ ਕੌਮਾਂਤਰੀ ਮੈਚ ਵੀ ਖੇਡੇ ਸਨ ਜਿਨ੍ਹਾਂ 'ਚ ਉਨ੍ਹਾਂ ਸੱਤ ਵਿਕਟਾਂ ਹਾਸਲ ਕੀਤੀਆਂ ਸਨ। ਸਾਲ 1990 'ਚ ਨਿਊਜ਼ੀਲੈਂਡ ਤੇ ਇੰਗਲੈਂਡ ਦੌਰਿਆਂ ਦੌਰਾਨ ਉਹ ਭਾਰਤੀ ਟੀਮ ਦੇ ਕੋਚ ਵੀ ਰਹੇ ਸਨ। ਇਸ ਤੋਂ ਪਹਿਲਾਂ 1975 'ਚ ਜਦੋਂ ਕਪਤਾਨ ਮਨਸੂਰ ਅਲੀ ਖ਼ਾਨ ਪਟੌਦੀ ਨੇ ਕ੍ਰਿਕਟ ਤੋਂ ਸੰਨਿਆਸ ਲੈ ਲਿਆ ਸੀ ਤਦ ਬਿਸ਼ਨ ਸਿੰਘ ਬੇਦੀ ਨੇ ਹੀ ਭਾਰਤੀ ਕ੍ਰਿਕਟ ਟੀਮ ਦੀ ਵਾਗਡੋਰ 1979 ਤੱਕ ਸੰਭਾਲੀ ਸੀ।

ਇਸ ਦੇ ਨਾਲ-ਨਾਲ ਉਨ੍ਹਾਂ ਨੇ 1974 ਤੋਂ ਲੈ ਕੇ 1982 ਤੱਕ ਦਿੱਲੀ ਰਣਜੀ ਟੀਮ ਦੀ ਵੀ ਕਮਾਂਡ ਸੰਭਾਲੀ ਰੱਖੀ ਸੀ ਜੋ ਕਿ ਆਪਣੇ-ਆਪ ਵਿਚ ਇਕ ਰਿਕਾਰਡ ਹੈ ਕਿਉਂਕਿ ਹਾਲੇ ਤੱਕ ਹੋਰ ਕਿਸੇ ਖਿਡਾਰੀ ਨੂੰ ਇੰਨਾ ਲੰਮੇਰਾ ਸਮਾਂ ਇਸ ਰਣਜੀ ਟੀਮ ਦੀ ਅਗਵਾਈ ਕਰਨ ਦਾ ਮੌਕਾ ਨਹੀਂ ਮਿਲਿਆ। ਉਨ੍ਹਾਂ ਦੀ ਗੇਂਦਬਾਜ਼ੀ ਦੀ ਇਹ ਖ਼ਾਸੀਅਤ ਹੁੰਦੀ ਸੀ ਕਿ ਮੈਚ ਦੇ ਆਰੰਭ 'ਚ ਉਨ੍ਹਾਂ ਅੰਦਰ ਜਿੰਨਾ ਜੋਸ਼ ਵਿਖਾਈ ਦਿੰਦਾ ਸੀ, ਓਨਾ ਹੀ ਬਾਕੀ ਮੈਚ ਦੌਰਾਨ ਹੁੰਦਾ ਸੀ।

ਇਸੇ ਲਈ ਉਨ੍ਹਾਂ ਦੀ ਅਗਵਾਈ ਹੇਠ ਭਾਰਤੀ ਟੀਮ ਨੇ ਕਈ ਯਾਦਗਾਰੀ ਪਾਰੀਆਂ ਖੇਡੀਆਂ ਸਨ। ਅੱਵਲ ਦਰਜੇ ਦੀ ਕ੍ਰਿਕਟ ਖੇਡਦਿਆਂ ਉਨ੍ਹਾਂ ਆਪਣੇ ਕਰੀਅਰ ਦੌਰਾਨ ਕੁੱਲ 1,560 ਵਿਕਟਾਂ ਲਈਆਂ। ਉਨ੍ਹਾਂ ਦੀਆਂ ਅਜਿਹੀਆਂ ਪ੍ਰਾਪਤੀਆਂ ਸਦਕਾ ਹੀ ਉਨ੍ਹਾਂ ਨੂੰ 1970 'ਚ ਪਦਮ ਸ਼ ?ਰੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ। ਸਾਲ 2004 'ਚ ਬਿਸ਼ਨ ਸਿੰਘ ਬੇਦੀ ਨੂੰ ਸੀਕੇ ਨਾਇਡੂ ਲਾਈਫਟਾਈਮ ਅਚੀਵਮੈਂਟ ਪੁਰਸਕਾਰ ਹਾਸਲ ਹੋਇਆ ਸੀ।

ਇਹ ਵੀ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਨੇ ਆਪਣੇ ਖੇਡ ਕਰੀਅਰ ਦੀ ਸ਼ੁਰੂਆਤ ਉੱਤਰੀ ਪੰਜਾਬ ਦੀ ਟੀਮ 'ਚ ਖੇਡ ਕੇ ਕੀਤੀ ਸੀ ਜਦੋਂ ਉਹ ਹਾਲੇ ਸਿਰਫ਼ 15 ਸਾਲਾਂ ਦੇ ਸਨ। ਉਹ 13 ਸਾਲਾਂ ਦੀ ਉਮਰ 'ਚ ਇਸ ਖੇਡ ਵਿਚ ਮੱਲਾਂ ਮਾਰਨ ਲੱਗ ਪਏ ਸਨ। ਇਸੇ ਲਈ ਉਨ੍ਹਾਂ ਦੀ ਚੋਣ ਸੂਬਾ ਪੱਧਰੀ ਟੀਮ 'ਚ ਹੋਈ ਸੀ। ਇਕੱਲੇ ਸੰਨ 1974-75 'ਚ ਰਣਜੀ ਟਰਾਫੀ ਕ੍ਰਿਕਟ ਦੀ ਸ਼ੁਰੂਆਤ ਦੌਰਾਨ ਹੀ ਉਨ੍ਹਾਂ ਨੇ 64 ਵਿਕਟਾਂ ਲੈ ਕੇ ਦੁਨੀਆ ਨੂੰ ਵਿਖਾ ਦਿੱਤਾ ਸੀ ਕਿ ਇਕ ਨਵੇਂ ਖੇਡ-ਸਿਤਾਰੇ ਦੀ ਆਮਦ ਹੋ ਗਈ ਹੈ। ਇਸ ਤੋਂ ਬਿਨਾਂ ਉਨ੍ਹਾਂ ਕਈ ਵਰ੍ਹੇ ਇੰਗਲਿਸ਼ ਕਾਊਂਟੀ ਕ੍ਰਿਕਟ ਖੇਡਦਿਆਂ ਨੌਰਥਐਂਪਟਨਸ਼ਾਇਰ ਦੀ ਵੀ ਨੁਮਾਇੰਦਗੀ ਕੀਤੀ ਸੀ। ਬਿਸ਼ਨ ਸਿੰਘ ਬੇਦੀ ਜਦੋਂ ਭਾਰਤੀ ਟੀਮ ਦੇ ਕੋਚ ਹੁੰਦੇ ਸਨ ਤਾਂ ਇਕ ਵਿਦੇਸ਼ ਦੌਰੇ ਦੌਰਾਨ ਭਾਰਤੀ ਟੀਮ ਦਾ ਪ੍ਰਦਰਸ਼ਨ ਵਧੀਆ ਨਹੀਂ ਰਿਹਾ ਸੀ। ਤਦ ਉਨ੍ਹਾਂ ਮਜ਼ਾਕ 'ਚ ਆਖਿਆ ਸੀ ਕਿ ਉਹ ਵਤਨ ਵਾਪਸੀ ਮੌਕੇ ਸਾਰੀ ਟੀਮ ਨੂੰ ਸਮੁੰਦਰ 'ਚ ਧੱਕਾ ਦੇ ਦੇਣਗੇ। ਉਨ੍ਹਾਂ ਦੀ ਇਸ ਟਿੱਪਣੀ ਦੀ ਡਾਢੀ ਚਰਚਾ ਹੋਈ ਸੀ।

### ਪ੍ਰਧਾਨ ਮੰਤਰੀ ਤੇ ਹੋਰਾਂ ਸ਼ਖ਼ਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਤੇ ਖੱਬੇ ਹੱਥ ਦੇ ਮਹਾਨ ਸਪਿੰਨਰ ਬਿਸ਼ਨ ਸਿੰਘ ਬੇਦੀ ਦੇ ਦੇਹਾਂਤ 'ਤੇ ਦੁੱਖ ਜ਼ਾਹਿਰ ਕੀਤਾ ਅਤੇ ਕਿਹਾ ਕਿ ਉਹ ਕ੍ਰਿਕਟਰਾਂ ਦੀਆਂ ਭਵਿੱਖੀ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੇ ਰਹਿਣਗੇ। ਉਨ੍ਹਾਂ ਐਕਸ 'ਤੇ ਪੋਸਟ ਕੀਤਾ, 'ਮੰਨੇ ਪ੍ਰਮੰਨੇ ਕ੍ਰਿਕਟਰ ਬਿਸ਼ਨ ਸਿੰਘ ਬੇਦੀ ਦੇ ਦੇਹਾਂਤ ਨਾਲ ਡੂੰਘਾ ਦੁੱਖ ਹੋਇਆ। ਖੇਡ ਪ੍ਰਤੀ ਉਨ੍ਹਾਂ ਦਾ ਜਨੂੰਨ ਅਟੁੱਟ ਸੀ ਅਤੇ ਉਨ੍ਹਾਂ ਦੀ ਸ਼ਾਨਦਾਰ ਗੇਂਦਬਾਜ਼ੀ ਨੇ ਭਾਰਤ ਨੂੰ ਯਾਦਗਾਰ ਜਿੱਤਾਂ ਦਿਵਾਈਆਂ। ਉਹ ਕ੍ਰਿਕਟਰਾਂ ਦੀ ਭਵਿੱਖੀ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੇ ਰਹਿਣਗੇ।' ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ, 'ਸਾਬਕਾ ਭਾਰਤੀ ਕਪਤਾਨ ਤੇ ਸਪਿੰਨਰ ਬਿਸ਼ਨ ਸਿੰਘ ਬੇਦੀ ਦਾ ਦੇਹਾਂਤ ਹੋ ਗਿਆ ਹੈ। ਇਸ ਬਹੁਤ ਦੁੱਖ ਭਰੀ ਖ਼ਬਰ ਹੈ। ਇਹ ਭਾਰਤ ਲਈ ਵੱਡਾ ਘਾਟਾ ਹੈ। ਉਨ੍ਹਾਂ ਹਿਮਾਚਲ ਵਿੱਚ ਕਈ ਕੈਂਪ ਸ਼ੁਰੂ ਕੀਤੇ। ਮੈਂ ਤੇ ਸਾਰਾ ਕ੍ਰਿਕਟ ਪਰਿਵਾਰ ਉਨ੍ਹਾਂ ਦੇ ਪਰਿਵਾਰ ਨਾਲ ਖੜ੍ਹਾ ਹੈ।' ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਕਸ 'ਤੇ ਲਿਖਿਆ, 'ਮਹਾਨ ਸਪਿੰਨਰ ਤੇ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਬਿਸ਼ਨ ਸਿੰਘ ਬੇਦੀ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ। ਬੇਦੀ ਜੀ ਕ੍ਰਿਕਟ 'ਚ ਪਾਏ ਯੋਗਦਾਨ ਕਾਰਨ ਹੀ ਨਹੀਂ ਬਲਕਿ ਆਪਣੀ ਕ੍ਰਿਸ਼ਮਈ ਗੇਂਦਬਾਜ਼ੀ ਕਾਰਨ ਵੀ ਸਾਡੀਆਂ ਯਾਦਾਂ ਵਿਚ ਵਸੇ ਰਹਿਣਗੇ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਉਨ੍ਹਾਂ ਦੇ ਸ਼ੁਭਚਿੰਤਕਾਂ ਨਾਲ ਮੇਰੀ ਹਮਦਰਦੀ ਹੈ।' ਇਸੇ ਤਰ੍ਹਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਬਿਸ਼ਨ ਸਿੰਘ ਬੇਦੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

### ਸਪਿੰਨਰਾਂ ਦੇ ਸੁਨਹਿਰੀ ਦੌਰ ਦਾ ਅੰਤ ਹੋਇਆ: ਭਗਵੰਤ ਮਾਨ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਮਹਾਨ ਸਪਿੰਨਰ ਬਿਸ਼ਨ ਸਿੰਘ ਬੇਦੀ ਦੇ ਦੇਹਾਂਤ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੁੱਖ ਮੰਤਰੀ ਨੇ ਆਪਣੇ ਸ਼ੋਕ ਸੁਨੇਹੇ ਵਿੱਚ ਇਸ ਮਹਾਨ ਸਪਿੰਨਰ ਦੇ ਦੇਹਾਂਤ ਨੂੰ ਕ੍ਰਿਕਟ ਪ੍ਰੇਮੀਆਂ ਲਈ ਵੱਡਾ ਘਾਟਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਕ੍ਰਿਕਟ ਦੇ ਇਤਿਹਾਸ ਵਿੱਚ ਆਪਣੇ ਸਾਥੀ ਚਾਰ ਸਪਿੰਨਰਾਂ ਨਾਲ ਮਿਲ ਕੇ ਕੀਤੀ ਸ਼ਾਨਦਾਰ ਗੇਂਦਬਾਜ਼ੀ ਲਈ ਬੇਦੀ ਨੂੰ 'ਸਰਦਾਰ ਆਫ਼ ਸਪਿੰਨ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਬਿਸ਼ਨ ਸਿੰਘ ਬੇਦੀ ਦਾ ਦੇਹਾਂਤ ਵਿਸ਼ਵ ਕ੍ਰਿਕਟ ਵਿੱਚ ਭਾਰਤੀ ਸਪਿੰਨਰਾਂ ਦੇ ਸੁਨਹਿਰੀ ਦੌਰ ਦਾ ਅੰਤ ਹੈ। ਉਨ੍ਹਾਂ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਿਵਾਰ, ਸਨੇਹੀਆਂ ਤੇ ਸਕੇ-ਸਬੰਧੀਆਂ ਤੇ ਕ੍ਰਿਕਟ ਪ੍ਰੇਮੀਆਂ ਨਾਲ ਹਮਦਰਦੀ ਪ੍ਰਗਟਾਉਂਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਅਤੇ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ।

# ਅਗਨੀਵੀਰ ਯੋਧਿਆਂ ਨੂੰ ਵੀ ਮਿਲੇਗੀ ਪੈਨਸ਼ਨ, ਸਕੀਮ 'ਚ ਬਦਲਾਅ ਹੋਵੇਗਾ



ਨਵੀਂ ਦਿੱਲੀ : ਹਾਲਾਂਕਿ ਡਿਊਟੀ ਦੌਰਾਨ ਸ਼ਹੀਦ ਹੋਏ ਅਗਨੀਵੀਰ ਯੋਧਿਆਂ ਦੇ ਪਰਿਵਾਰਾਂ ਨੂੰ ਰੱਖਿਆ ਮੰਤਰਾਲੇ ਵੱਲੋਂ ਦਿੱਤੀ ਜਾਣ ਵਾਲੀ ਸਹਾਇਤਾ ਲਗਭਗ ਰੈਗੂਲਰ ਸੈਨਿਕਾਂ ਦੇ ਬਰਾਬਰ ਹੈ, ਪਰ ਪਰਿਵਾਰਕ ਪੈਨਸ਼ਨ ਵਰਗੀ ਕੋਈ ਸਥਾਈ ਸਹੂਲਤ ਨਾ ਮਿਲਣ ਕਾਰਨ ਸਰਕਾਰ 'ਤੇ ਦਬਾਅ ਲਗਾਤਾਰ ਵਧਦਾ ਜਾ ਰਿਹਾ ਹੈ। ਫੌਜ ਦੇ ਅੰਦਰੋਂ-ਬਾਹਰੋਂ ਆਵਾਜ਼ਾਂ ਆ ਰਹੀਆਂ ਹਨ ਕਿ ਦੇਸ਼ ਲਈ ਸ਼ਹੀਦ ਹੋਣ ਵਾਲੇ ਫੌਜੀਆਂ ਦੇ ਪਰਿਵਾਰਾਂ ਨੂੰ ਪੈਨਸ਼ਨ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣ।

ਅਗਨੀਪਥ ਯੋਜਨਾ ਪਿਛਲੇ ਸਾਲ ਤਿੰਨੋਂ ਸੈਨਾਵਾਂ ਵਿੱਚ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਚਾਰ ਸਾਲਾਂ ਲਈ ਸਿਪਾਹੀਆਂ ਦੀ ਭਰਤੀ ਦਾ ਪ੍ਰਬੰਧ ਕੀਤਾ ਗਿਆ ਹੈ।ਯੋਜਨਾ ਦੇ ਤਹਿਤ, ਅਗਨੀਵੀਰਾਂ ਨੂੰ ਹੁਣ ਫੋਰਸਾਂ ਵਿੱਚ ਫਰੰਟ 'ਤੇ ਤਾਇਨਾਤ ਕੀਤਾ ਜਾ ਰਿਹਾ ਹੈ। ਉਹ ਵੀ ਰੈਗੂਲਰ ਸਿਪਾਹੀਆਂ ਵਾਂਗ ਕੰਮ ਕਰ ਰਹੇ ਹਨ। ਇੱਕ ਦਿਨ ਪਹਿਲਾਂ ਹੀ ਸਿਆਚਿਨ ਵਿੱਚ ਇੱਕ ਅਗਨੀਵੀਰ ਡਿਊਟੀ ਦੌਰਾਨ ਸ਼ਹੀਦ ਹੋ ਗਿਆ ਸੀ। ਹਾਲਾਂਕਿ ਇਸ ਤੋਂ ਪਹਿਲਾਂ ਵੀ ਇੱਕ ਅਗਨੀਵੀਰ ਦੀ ਮੌਤ ਹੋ ਚੁੱਕੀ ਸੀ ਪਰ ਡਿਊਟੀ ਦੌਰਾਨ ਨਹੀਂ ਸੀ ਹੋਈ। ਦੂਜੀ ਘਟਨਾ 'ਚ ਫੌਜ ਨੇ ਦੇਸ਼ ਲਈ ਅਗਨੀਵੀਰ ਦੀ ਸ਼ਹਾਦਤ ਨੂੰ ਸਲਾਮ ਕੀਤਾ ਹੈ ਅਤੇ ਉਨ੍ਹਾਂ ਨੂੰ ਉਹ ਸਾਰੇ ਲਾਭ ਦੇਣ ਦਾ ਐਲਾਨ ਕੀਤਾ ਹੈ ਜੋ ਰੈਗੂਲਰ ਸੈਨਿਕਾਂ ਨੂੰ ਮਿਲਦੇ ਹਨ। ਰੈਗੂਲਰ ਸੈਨਿਕਾਂ ਨੂੰ ਵੀ ਪਰਿਵਾਰਕ ਪੈਨਸ਼ਨ ਦਾ ਲਾਭ ਮਿਲਦਾ ਹੈ। ਸਾਬਕਾ ਫੌਜੀ ਅਧਿਕਾਰੀਆਂ ਵੱਲੋਂ ਸ਼ਹੀਦ ਹੋਣ ਦੀ ਸੂਰਤ ਵਿੱਚ ਅਗਨੀਵੀਰ ਯੋਧਿਆਂ ਦੇ ਪਰਿਵਾਰਾਂ ਨੂੰ ਪਰਿਵਾਰਕ ਪੈਨਸ਼ਨ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਫੌਜ ਦੀ ਭਰਤੀ ਵਿੱਚ ਵੀ ਰੈਗੂਲਰ ਸਿਪਾਹੀਆਂ ਦੇ ਆਸ਼ਰਿਤਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਅਗਨੀਵੀਰ ਦੇ ਮਾਮਲੇ ਵਿੱਚ ਇਸ ਤਰ੍ਹਾਂ ਦੀ ਵਿਵਸਥਾ ਨਹੀਂ ਕੀਤੀ ਗਈ ਹੈ।

### ਯੋਜਨਾ ਨੂੰ ਸੁਧਾਰਨ ਲਈ ਰੱਖਿਆ ਮੰਤਰਾਲਾ ਗੰਭੀਰ

ਰੱਖਿਆ ਮੰਤਰਾਲੇ ਦੇ ਸੂਤਰਾਂ ਮੁਤਾਬਕ ਅਗਨੀਪਥ ਯੋਜਨਾ ਨੂੰ ਲੈ ਕੇ ਸਰਕਾਰ ਕੋਲ ਕਈ ਸੁਝਾਅ ਆਏ ਹਨ। ਰੱਖਿਆ ਮੰਤਰਾਲਾ ਇਨ੍ਹਾਂ 'ਚੋਂ ਕੁਝ ਨੂੰ ਸਵੀਕਾਰ ਕਰਨ ਅਤੇ ਇਸ ਯੋਜਨਾ 'ਚ ਸੁਧਾਰ ਕਰਨ ਨੂੰ ਲੈ ਕੇ ਗੰਭੀਰ ਹੈ। ਜਿਵੇਂ ਕਿ 25 ਫੀਸਦੀ ਅਗਨੀਵੀਰ ਯੋਧਿਆਂ ਨੂੰ ਰੈਗੂਲਰ ਕਰਨ ਦੀ ਮੌਜੂਦਾ ਵਿਵਸਥਾ ਨੂੰ ਵਧਾ ਕੇ 50 ਫੀਸਦੀ ਕਰਨਾ ਅਤੇ ਸ਼ਹੀਦ ਹੋਣ ਦੀ ਸੂਰਤ ਵਿੱਚ ਪਰਿਵਾਰਕ ਮੈਂਬਰਾਂ ਨੂੰ ਕੁਝ ਹੋਰ ਲਾਭ ਦੇਣਾ। ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਚਾਰ ਸਾਲ ਦਾ ਕਾਰਜਕਾਲ ਥੋੜ੍ਹਾ ਹੋਰ ਵਧਾਇਆ ਜਾਵੇ।

# ਕਬੱਡੀ ਖਿਡਾਰੀ ਹਰਵਿੰਦਰ ਬਿੰਦਰੂ ਨੂੰ ਗੋਲੀਆਂ ਮਾਰੀਆਂ, ਹਾਲਤ ਗੰਭੀਰ

ਨਿਹਾਲ ਸਿੰਘ ਵਾਲਾ : ਇੱਥੋਂ ਨੇੜਲੇ ਪਿੰਡ ਧੂੜਕੋਟ ਰਣਸੀਂਹ ਦੇ ਕਬੱਡੀ ਖਿਡਾਰੀ ਅਤੇ ਆਮ ਆਦਮੀ ਪਾਰਟੀ ਵੱਲੋਂ ਸਰਪੰਚੀ ਦੇ ਸੰਭਾਵੀ ਉਮੀਦਵਾਰ ਹਰਵਿੰਦਰ ਸਿੰਘ ਬਿੰਦਰੂ ਪੁੱਤਰ ਮੇਜਰ ਸਿੰਘ ਨੂੰ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ ਕਰੀਬ ਪੌਣੇ ਸੱਤ ਵਜੇ ਮੋਟਰਸਾਈਕਲ 'ਤੇ ਦੋ ਅਣਪਛਾਤੇ ਹਰਵਿੰਦਰ ਸਿੰਘ ਦੇ ਘਰ ਆਏ। ਉਨ੍ਹਾਂ ਨੇ ਖਿਡਾਰੀ ਦੀ ਮਾਤਾ ਨੂੰ ਕਬੂਤਰਾਂ ਬਾਰੇ ਗੱਲ ਕਰਨ ਦਾ ਬਹਾਨਾ ਬਣਾ ਕੇ ਬਿੰਦਰੂ ਨੂੰ ਬਾਹਰ ਬੁਲਾਉਣ ਲਈ ਕਿਹਾ। ਜਿਵੇਂ ਹੀ ਬਿੰਦਰੂ ਘਰੋਂ ਬਾਹਰ ਆਇਆ ਤਾਂ ਮੁਲਜ਼ਮਾਂ ਨੇ ਗੋਲੀਆਂ ਚਲਾ ਦਿੱਤੀਆਂ। ਇਸ ਵਾਰਦਾਤ ਵਿੱਚ ਬਿੰਦਰੂ ਦੀ ਲੱਤ ਵਿੱਚ ਗੋਲੀ ਲੱਗਣ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ, ਉਸ ਨੂੰ ਲੁਧਿਆਣਾ ਦੇ ਪ੍ਰਾਈਵੇਟ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਇਸ ਘਟਨਾ ਨਾਲ ਪਿੰਡ ਤੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਜ਼ਿਕਰਯੋਗ ਹੈ ਕਿ ਪੰਚਾਇਤੀ ਚੋਣਾਂ ਅਤੇ ਸਰਪੰਚੀ ਤੋਂ ਆਮ ਆਦਮੀ ਪਾਰਟੀ ਵੱਲੋਂ ਪਿੰਡਾਂ ਵਿੱਚ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ



ਹਨ। ਜ਼ਿਲ੍ਹਾ ਪੁਲੀਸ ਮੁਖੀ ਜੇ. ਇਲਨਚੇਜ਼ੀਅਨ ਨੇ ਦੱਸਿਆ ਕਿ ਹਰਵਿੰਦਰ ਸਿੰਘ ਬਿੰਦਰੂ ਸਰਪੰਚ ਦੀ ਚੋਣ ਲੜਨੀ ਚਾਹੁੰਦਾ ਸੀ, ਜਿਸ ਕਰ ਕੇ ਵਿਰੋਧੀਆਂ ਨੇ ਇਹ ਹਮਲਾ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰਦਾਤ ਪਿੱਛੇ ਵਿਦੇਸ਼ ਬੈਠੇ ਇਸੇ ਪਿੰਡ ਦੇ ਜਗਦੀਪ ਸਿੰਘ ਜੱਗਾ ਦਾ ਹੱਥ ਹੋਣ ਦਾ ਖਦਸ਼ਾ ਹੈ। ਇਸ ਘਟਨਾ ਵਿੱਚ ਪਿੰਡ ਦੇ ਹੀ ਪੰਚਾਇਤ ਮੈਂਬਰ ਸੋਨੀ ਦਾ ਵੀ ਨਾਂ ਆ ਰਿਹਾ ਹੈ। ਸੂਤਰਾਂ ਅਨੁਸਾਰ ਪੁਲੀਸ ਵੱਲੋਂ ਕੁਝ ਵਿਅਕਤੀਆਂ ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿੱਚ ਲਿਆ ਗਿਆ ਹੈ। ਡੀਐੱਸਪੀ ਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਪੁਲੀਸ ਵੱਲੋਂ ਪੜਤਾਲ ਜਾਰੀ ਹੈ।



ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ

# ਪ੍ਰਕਾਸ਼ ਪੁਰਬ

ਦੀ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ
ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



**Jugraj Singh Sahota**
President United Sports Club USA



**Narinder Singh Sahota**
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

# ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ

# ਪੰਜਾਬ 'ਚ ਨਾਨਕ ਕਿਰਤ ਸਭਿਆਚਾਰ ਦਾ ਗਲ ਅਕਾਲੀਆਂ ਘੁੱਟਿਆ

**ਦਰਬਾਰਾ ਸਿੰਘ ਕਾਹਲੋਂ**



*ਗੁਰੂ ਸਾਹਿਬ ਨੇ ਬੜੇ ਸਰਲ ਅਤੇ ਖੂਬਸੂਰਤ ਢੰਗ ਨਾਲ ਸਮਝਾਇਆ, ''ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।।'' ਪਰ ਜਦੋਂ ਤੁਸੀਂ ਕਿਰਤ ਕਰਨੀ ਵਿਸਾਰ ਦਿੱਤੀ, ਗੁਰੂਤਾ ਮਾਰਗ ਤਾਂ ਭੁੱਲਣਾ ਹੀ ਭੁੱਲਣਾ ਸੀ। ਕਿਰਤ ਦੀ ਥਾਂ ਭ੍ਰਿਸ਼ਟਾਚਾਰ, ਚੋਰੀ, ਠੱਗੀ, ਦਗਾਬਾਜ਼ੀ, ਨਸ਼ੀਲੇ ਪਦਾਰਥਾਂ ਦੀ ਵਿੱਕਰੀ ਨੇ ਲੈ ਲਈ। ਅਕਾਲੀ ਦਲ ਦੇ ਮੰਤਰੀ ਤੇ ਨਸ਼ਾ ਵਿੱਕਰੀ ਦਾ ਦੋਸ਼ ਲਗਣਾ ਅਤੇ ਫਿਰ ਕੇਸ ਦਰਜ ਹੋਣਾ, ਇਸ ਦੇ ਸ਼ਾਨਾਮਤੇ ਪਿਛੋਕੜ, ਕਿਰਦਾਰ ਅਤੇ ਪੰਥਕ ਸਭਿਆਚਾਰ ਨੂੰ ਕਲੰਕਿਤ ਕੀਤਾ ਜਾਣਾ ਸੀ।*

'ਪੰਜਾਬ ਜੀਂਦਾ ਗੁਰਾਂ ਦੇ ਨਾਅ ਤੇ' ਪ੍ਰੋਫੈਸਰ ਪੂਰਨ ਸਿੰਘ ਵੱਲੋਂ ਉੱਚਰਿਆ ਸਦੀਵੀ ਫਲਸਫਾਨਾ ਮੁਹਾਵਰਾ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਸਿੱਖ ਗੁਰੂਆਂ ਵੱਲੋਂ ਸਥਾਪਿਤ ਨਿਰਛੱਲ, ਅਮੀਰ ਅਤੇ ਅਤਿ ਪ੍ਰੈਕਟੀਕਟੀਕਲ ਆਪਸੀ ਮਿਲਵਰਤਣ ਭਰੇ ਸਾਦਾ ਮਾਨਵ ਅਧਿਆਤਮਿਕ ਅਤੇ ਦਸਾਂ ਨਹੁੰਆਂ ਵਾਲੇ ਕਿਰਤੀ ਸਭਿਆਚਾਰ ਅਧਾਰਿਤ ਹੈ।

ਨਾਨਕ ਨੇ ਸਮੂਹ ਲੋਕਾਈ ਨੂੰ ਇੱਕ ਵਧੀਆ ਸਵੈਮਾਣ ਅਤੇ ਆਪਸੀ ਮਿਲਵਰਤਣ ਭਰੇ ਸਿਹਤਮੰਦ ਅਤੇ ਤੰਦਰੁਸਤ ਸਮਾਜ ਵਿਚ ਜਿਊਣ ਲਈ ਪੰਜਾਬ ਅੰਦਰ ਆਪਣੀਆਂ ਚਾਰ ਵਿਸ਼ਵ ਵਿਆਪੀ ਉਦਾਸੀਆਂ ਦੇ ਉਦੇਸ਼ ਤੋਂ ਬਾਅਦ ਸਚਿਆਰ ਮਨੁੱਖ, ਪਰਿਵਾਰ ਅਤੇ ਭਾਈਚਾਰੇ ਦੀ ਸਥਾਪਤੀ ਲਈ ਆਪਣੇ ਜੀਵਨ ਦੇ ਅਖੀਰਲੇ 17 ਸਾਲ ਰਾਵੀ ਦਰਿਆ ਦੇ ਕਿਨਾਰੇ ਸ਼੍ਰੀ ਕਰਤਾਰਪੁਰ ਸਾਹਿਬ ਵਿਖੇ 'ਕਿਰਤ ਸਭਿਆਚਾਰ' ਦੀ ਪ੍ਰਪੱਕਤਾ ਲਈ ਅਰਪਨ ਕੀਤੇ।

ਇਸ ਕਿਰਤ ਸਭਿਆਚਾਰ ਦੀ ਅਮੀਰੀ ਉਦੋਂ ਜੱਗ ਜਾਹਿਰ ਹੋਈ ਜਦੋਂ ਪਾਣੀ ਭਰੇ ਝੋਨੇ ਦੇ ਖੇਤਾਂ ਵਿਚੋਂ ਪਸ਼ੂਆਂ ਲਈ ਗੁਰੂਦੇਵ ਘਾਹ ਕੱਢ ਰਹੇ ਹਨ, ਖਡੂਰ ਸਾਹਿਬ ਦਾ ਰੇਸ਼ਮੀ ਲਿਬਾਸ ਵਾਲਾ ਉਨ੍ਹਾਂ ਦਾ ਅਮੀਰ ਸ਼ਰਧਾਲੂ ਭਾਈ ਲਹਿਣਾ ਘੋੜੇ ਤੇ ਸਵਾਰ ਦਰਸਨਾਂ ਲਈ ਆਉਂਦਾ ਹੈ ਅਤੇ ਗੁਰੂਦੇਵ ਵਲੋਂ ਪਾਣੀ ਨੁਚੜਦੇ ਘਾਹ ਦੀ ਪੰਡ ਉਨ੍ਹਾਂ ਨਾਲ ਚੁੱਕ ਕੇ ਗੂਰੂ ਘਰ ਵੱਲ ਚਾਲੇ ਪਾਉਂਦਾ। ਇਹ ਗੁਰੂਦੇਵ ਵੱਲੋਂ ਸਿਰਜੇ ਕਿਰਤ ਸਭਿਆਚਾਰ ਪ੍ਰਤੀ ਪਿਆਰ ਅਤੇ ਸਮਰਪਿਤਤਾ ਦੀ ਅਲੌਕਿਕ ਮਿਸਾਲ ਸੀ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਪਿੰਡ ਵਿਚ ਆਤਮ ਨਿਰਭਰ ਪੇਂਡੂ ਅਰਥ ਵਿਵਸਥਾ ਨੂੰ ਪ੍ਰਪੱਕ ਕਰਨ ਲਈ ਵੱਖ-ਵੱਖ ਕਿਰਤੀ ਭਾਈਚਾਰਿਆਂ ਨੂੰ ਬੜਾਵਾ ਦਿਤਾ ਜਿਨ੍ਹਾਂ ਵਿਚ ਨਾਈ, ਸੀਂਬੇ, ਝੀਊਰ, ਤਰਖਾਣ, ਲੁਹਾਰ, ਠਠਿਆਰ, ਘੁਮਿਆਰ, ਸੇਪੀ (ਗੋਹਾ -ਕੂੜਾ ਚੁੱਕਣ ਵਾਲੇ), ਮਨੋਰੰਜਨ ਕਰਤਾ ਰਾਸਧਾਰੀ, ਮਰਾਸੀ, ਸ਼ਿਲਪੀ ਆਦਿ ਸ਼ਾਮਲ ਸਨ।

ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਰਾਮਦਾਸਪੁਰਾ ਜੋ ਅੱਜ ਸਿੱਖੀ ਦੇ ਧੁਰੇ ਅਤੇ ਮੁਕੱਦਸ ਅਸਥਾਨ 'ਸ਼੍ਰੀ ਅੰਮ੍ਰਿਤਸਰ' ਵਜੋਂ ਸਥਾਪਿਤ ਹੈ, ਨੂੰ ਪ੍ਰਫੂਲਤ ਕਰਨ ਲਈ ਵੱਖ-ਵੱਖ ਥਾਵਾਂ ਤੋਂ ਸ਼ਿਲਪਕਾਰਾਂ, ਦਸਤਕਾਰਾਂ, ਤਕਨੀਸ਼ਨਾਂ, ਆਰਟਿਸਟਾਂ, ਵਪਾਰੀਆਂ, ਕਾਰੋਬਾਰੀਆਂ ਆਦਿ ਨੂੰ ਇਸ ਸ਼ਹਿਰ ਵਿਚ ਵਸਾਇਆ।

ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਅਨੁਯਾਈਆਂ ਵੱਲੋਂ ਪ੍ਰਫੁੱਲਤ ਅਤੇ ਪ੍ਰਪੱਕ ਕੀਤੇ ਕਿਰਤ ਸਭਿਆਚਾਰ ਦਾ ਹੀ ਕਮਾਲ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਪੰਜਾਬ ਵਿਸ਼ਵ ਦੀ ਇੱਕ ਤਾਕਤਵਰ ਆਰਥਿਕ ਸ਼ਕਤੀ ਵੱਜੋਂ ਉੱਭਰਿਆ ਸੀ ਸੈਨਿਕ ਸ਼ਕਤੀ ਦੇ ਨਾਲ-ਨਾਲ। ਨਾਨਕਸ਼ਾਹੀ ਰੁਪਇਆ ਉਦੋਂ ਬ੍ਰਿਟਿਸ਼ ਕਰੰਸੀ ਦੇ 13 ਪੌਂਡ ਬਰਾਬਰ ਸੀ। ਇੰਗਲੈਂਡ ਅਤੇ ਫਰਾਂਸ ਵਰਗੇ ਰਾਜ ਪੰਜਾਬੀ ਤਕਨੀਸ਼ੀਅਨਾਂ ਵਲੋਂ ਵਿਕਸਤ ਤੋਪਖਾਨੇ, ਗੋਲਾਂ-ਬਰੂਦ ਅਤੇ ਹੋਰ ਜੰਗੀ ਤਕਨੀਕਾਂ ਵੇਖ ਕੇ ਅਸ਼-ਅਸ਼ ਕਰ ਉੱਠੇ।

ਸ਼ਾਇਦ ਬਹੁਤੇ ਪੰਜਾਬੀਆਂ ਅਤੇ ਭਾਰਤੀਆਂ ਨੂੰ ਘੱਟ ਪਤਾ ਹੋਵੇ ਕਿ ਦੇਸ਼ ਅਜ਼ਾਦੀ ਵੇਲੇ ਪੰਜਾਬ ਦੀ ਵੰਡ ਦੇ ਬਰਬਾਦੀ ਜਿਸ ਵਿਚ 10 ਲੱਖ ਪੰਜਾਬੀ ਮਾਰੇ ਗਏ, ਢਾਈ ਕਰੋੜ ਨੂੰ ਇੱਧਰ-ਉੱਧਰ ਹਿਜਰਤ ਕਰਨੀ ਪਈ, ਪੰਜਾਬ ਦੀ ਬੁਰੂ ਆਰਥਿਕਤਾ ਤਹਿਸ-ਨਹਿਸ ਹੋ ਗਈ ਸੀ, ਨੂੰ ਮੁੜ ਕੁੱਝ ਇੱਕ ਸਾਲਾਂ ਵਿਚ ਹੀ ਮੁੜ ਪੈਰੀਂ ਖੜ੍ਹਾ ਕਰਨ ਪਿੱਛੇ ਅਸਲ ਸ਼ਕਤੀ ਡਾ. ਮਹਿੰਦਰ ਸਿੰਘ ਰੰਧਾਵਾ ਆਈ.ਸੀ.ਐਸ ਅਨੁਸਾਰ ਬਾਬਾ ਨਾਨਕ ਦਾ ਕਿਰਤ ਸਭਿਆਚਾਰ ਸੀ। ਸੱਤਾ ਖਾਤਰ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਆਗੂਆਂ ਨੇ ਪੰਜਾਬ ਤਾਂ ਬਰਬਾਦ ਕਰ ਦਿਤਾ ਪਰ ਇਸ ਦੇ ਕਿਰਤ ਸਭਿਆਚਾਰ ਦਾ ਵਾਲ ਵਿੰਗਾ ਨਹੀਂ ਨਾ ਕਰ ਸਕੇ। ਡਾ: ਰੰਧਾਵਾ ਅਨੁਸਾਰ ਪੰਜਾਬ ਦੇ ਉਜੜੇ-ਪੁੱਜੜੇ ਪਿੰਡਾਂ, ਇਸ ਦੀ ਖੇਤੀ ਤੇ ਪੇਂਡੂ ਆਰਥਿਕਤਾ ਨੂੰ ਮੁੜ ਕਿਸਾਨੀ, ਲੁਹਾਰਾਂ, ਤਰਖਾਣਾਂ, ਨਾਈ, ਛੀਬਿਆਂ, ਝੀਰਾਂ, ਸੇਪੀ ਕਾਮਿਆਂ, ਘੁਮਿਆਰਾਂ, ਠਠਿਆਰਾਂ ਆਦਿ ਨੇ ਸਿਰ ਜੋੜ ਕੇ ਖੜਾ ਹੀ ਨਹੀਂ ਕੀਤਾ ਬਲਕਿ ਨਵੇਂ ਸੰਦਾਂ ਨੂੰ ਈਜਾਦ ਕੀਤਾ। ਨਵੀਆਂ ਮਿੱਟੀ ਪਰਤਾਵੀਆਂ ਹਲਾਂ, ਬੀਜ ਕੇਰਵੀਆਂ ਹਲਾਂ, ਚਾਰਾਂ ਟੋਕਾ ਮਸ਼ੀਨਾਂ, ਰਹਿਟ ਅਤੇ ਫਿਰ ਟਿਊਬਵੈਲਾਂ, ਟਰੈਕਟਰਾਂ ਅਤੇ ਸਬੰਧਿਤ ਮਸ਼ੀਨਰੀ ਨੇ 'ਹਰਾ ਇਨਕਲਾਬ' ਸਿਰਜਣ ਵਿਚ ਭਰਪੂਰ ਮਦਦ ਕੀਤੀ। ਪੰਜਾਬ ਵਿਚ ਖੇਤੀ ਆਰਥਿਕਤਾ ਨੂੰ ਪ੍ਰਪੱਕ ਕਰਨ ਵਾਲੇ ਛੋਟੇ ਉਦਯੋਗ, ਵਰਕਸ਼ਾਪਾਂ, ਦੇਗੀ ਫਾਉਂਤਰੀਆਂ, ਕੱਪੜਾ ਸਨੱਅਤਾਂ ਆਦਿ ਬਟਾਲਾ, ਛੇਹਰਟਾ, ਤਲਵੰਡੀ ਭਾਈ, ਮੰਡੀ ਗੋਬਿੰਦਗੜ੍ਹ, ਜਲੰਧਰ, ਫਗਵਾੜਾ, ਲੁਧਿਆਣਾ, ਰਾਜਪੁਰਾ, ਨਾਭਾ, ਪਟਿਆਲਾ, ਗੁਰਾਇਆ, ਬਠਿੰਡਾ, ਮਾਨਸਾ ਆਦਿ ਵਿਖੇ ਵੱਧਣ-ਫੁੱਲਣ ਲੱਗੀਆਂ।

ਪਹਿਲੀ ਨਵੰਬਰ, 1966 ਨੂੰ ਪੰਜਾਬੀ ਸੂਬਾ ਹੋਂਦ ਵਿਚ ਆਉਣ ਤੋਂ ਬਾਅਦ ਅਕਾਲੀ ਸਰਕਾਰਾਂ ਨੇ ਰਾਜ ਵਿਚ ਕਿਰਤ ਸਭਿਆਚਾਰ ਹੋਰ ਮਜ਼ਬੂਤ ਕਰਨ ਲਈ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਲਈ ਪੱਕੀਆਂ ਲਿੰਕ ਸੜਕਾਂ ਦਾ ਨਿਰਮਾਣ ਕੀਤਾ। ਸ: ਪ੍ਰਕਾਸ਼ ਸਿੰਘ ਬਾਦਲ ਵਰਗੇ ਸਭ ਤੋਂ ਘੱਟ ਉਮਰ ਦੇ ਪੰਜਾਬ ਵਿਚ ਅਕਾਲੀ ਮੁੱਖ ਮੰਤਰੀ ਨੇ ਪੇਂਡੂ ਆਰਥਿਕਤਾ ਦੀ ਮਜ਼ਬੂਤੀ ਲਈ 'ਫੋਕਲ ਪੁਆਇੰਟ', ਕਾਲਝਰਾਣੀ (ਮੁਕਤਸਰ) ਅਤੇ ਪੱਧਰੀ (ਅੰਮ੍ਰਿਤਸਰ) ਵਿਖੇ ਪ੍ਰੋਗਰਾਮ ਲਿਆਂਦੇ। ਲੇਕਿਨ 'ਅਕਾਲੀ ਲੀਡਰਸ਼ਿਪ' ਅੰਦਰ ਸੱਤਾ ਭੁੱਖ, ਏਕਾਧਿਕਾਰ ਅਤੇ ਪਰਿਵਾਰਵਾਦੀ ਰਾਜਨੀਤੀ ਨੇ ਬਾਬੇ ਨਾਨਕ ਦੇ ਕਿਰਤ ਸਭਿਆਚਾਰ ਦਾ ਗਲ ਆਪਣੇ ਹੱਥੀਂ ਦਬਾਅ ਕੇ ਇਸ ਦੀ ਬਰਬਾਦੀ ਦੀ ਦਾਸਤਾਨ ਲਿਖਣੀ ਸ਼ੁਰੂ ਕਰ ਦਿਤੀ।

ਵਿਸ਼ਵ ਭਰ ਵਿਚ ਮੰਨੇ-ਪ੍ਰਮੰਨੇ ਪੰਜਾਬ ਦੇ ਮਿਹਨਤੀ ਕਿਸਾਨਾਂ ਅਤੇ ਕਿਰਤੀਆਂ ਨੇ ਕਿਸੇ ਅਕਾਲੀ ਆਗੂ, ਸਰਕਾਰ ਜਾਂ ਮੁੱਖ ਮੰਤਰੀ ਤੋਂ ਟਿਊਬਵੈਲ ਬਿਜਲੀ ਬਿੱਲਾਂ ਦੀ ਮੁਆਫੀ, ਮਾਮਲੇ-ਘਲਾਣੇ ਦੀ ਮੁਆਫੀ, ਮੁਫਤ ਆਟਾ-ਦਾਲ ਸਕੀਮ ਦਿ ਮੰਗ ਨਹੀਂ ਕੀਤੀ। ਨਾ ਹੀ ਕਿਸੇ ਦਲਿਤ ਜਾਂ ਅਨੁਸੂਚਿਤ ਜਾਤੀ ਸਬੰਧੀ ਭਾਈਚਾਰੇ ਨੇ 'ਸ਼ਗਨ ਸਕੀਮ' ਦੀ ਮੰਗ ਕੀਤੀ। ਆਟਾ-ਦਾਲ ਸਕੀਮ ਦੇ ਐਲਾਨ ਸਬੰਧੀ ਲੇਖਕ ਨੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਨਿੱਜੀ ਗੱਲਬਾਤ ਸਮੇਂ ਭੰਜ ਕਰਦੇ ਕਿਹਾ, "ਅੰਕਲ ਜੀ, ਹਰ ਪਿੰਡ ਵਿਚ ਦੋ-ਦੋ, ਤਿੰਨ-ਤਿੰਨ ਢਾਬੇ ਖੋਲ੍ਹ ਦਿਉ ਤਾਂ ਵਧੀਆ ਰਹੇਗਾ।" ਕਹਿੰਦੇ, "ਇਹ ਕੀ ਗੱਲ ?" "ਬਸ ! ਲੋਕ ਮੁਫਤ ਇਨ੍ਹਾਂ ਢਾਬਿਆਂ ਤੇ ਸਵੇਰ-ਸ਼ਾਮ ਰੋਟੀ ਖਾਣ, ਤੇ ਮੌਜਾਂ ਕਰਨ। ਆਟਾ-ਦਾਲ ਵੰਡਣ ਦੀ ਲੋੜ ਹੀ ਨਾ ਰਹੇ," ਲੇਖਕ ਨੇ ਬੇਬਾਕ ਕਿਹਾ। ਇਹ ਗੱਲ ਸੰਨ 2007 ਵਿਚ ਅਕਾਲੀ-ਭਾਜਪਾ ਸਰਕਾਰ ਦੇ ਮੁੜ ਸੱਤਾ ਵਿਚ ਆਉਣ ਵੇਲੇ ਦੀ ਹੈ। ਸ: ਬਾਦਲ ਆਪਣੇ ਸੁਭਾਅ ਮੁਤਾਬਿਕ ਚੁੱਪ ਰਹੇ ਪਰ ਲੇਖਕ ਨੇ 10-12 ਸਾਲ ਅਤਿਵਾਦ ਦੀ ਮਾਰ ਬਾਅਦ 1997-2002 ਅਕਾਲੀ-ਭਾਜਪਾ ਸਾਸ਼ਨ ਅਤੇ ਤੱਤਕਾਲੀ ਸਾਸ਼ਨ ਵੇਲੇ 'ਕਿਰਤ ਸਭਿਆਚਾਰ' ਦੀ ਮੁੜ ਸੁਰਜੀਤੀ ਵੇਲੇ ਢੁੱਕਵੇਂ ਕਦਮ ਨਾ ਚੁੱਕਣ ਦੀ ਵਿਚਾਰ ਜ਼ਰੂਰ ਸੰਖੇਪ ਵਿਚ ਉਨ੍ਹਾਂ ਅੱਗੇ ਰਖੇ। ਸੁਖਬੀਰ ਬਾਦਲ ਵੱਲੋਂ ਸਾਸ਼ਨ-ਪ੍ਰਸਾਸ਼ਨ ਤੇ ਕਾਬਜ਼ ਹੋਣ ਬਾਅਦ ਤਾਂ ਇਸ 'ਕਿਰਤ ਸਭਿਆਚਾਰ' ਦੇ ਵਿਚਾਰ ਦਾ ਵੀ ਭੋਗ ਪੈ ਗਿਆ ਅਮਲ ਤਾਂ ਕੀਹਨੇ ਕਰਨਾ ਸੀ। ਸਭ ਜਾਣਦੇ ਹਨ ਕਿਵੇਂ ਇਸ ਪੰਜਾਬ ਵਿਚ ਸਦੀਆਂ ਤੋਂ ਕਿਸਾਨ, ਕਿਰਤੀ, ਕਾਮੇ, ਦਸਤਕਾਰ, ਸ਼ਿਲਪੀ ਸੇਪੀ ਸਿਸਟਮ ਨਾਲ ਪੇਂਡੂ ਅਰਥਚਾਰਾ ਆਤਮ ਨਿਰਭਰ ਬਣਾਈ ਰਖਦੇ ਰਹੇ ਸਨ। ਖੇਤੀ, ਪਸ਼ੂਆਂ ਦੀ ਸੰਭਾਲ, ਗੋਹਾ-ਕੂੜਾ, ਕੱਤਣਾ-ਪਰੋਣਾ, ਸੀਊਣਾ, ਦਰੀਆਂ, ਖੇਸ, ਰਜਾਈਆਂ, ਕਢਾਈਆਂ, ਸੰਦਾਂ ਦੀ ਸੰਭਾਲ, ਘਰਾਂ ਦੀ ਉਸਾਰੀ, ਭਾਂਡੇ-ਬਰਤਨ, ਜੁੱਤੇ, ਰੰਗਾਈ, ਦਵਾ-ਬੂਟੀ (ਵੈਦ), ਵਿਆਹ-ਸ਼ਾਦੀਆਂ, ਸਦਾਚਾਰ, ਮੰਦਰ-ਮਸਜਿਦਾਂ-ਗੁਰਦਵਾਰਿਆਂ ਦੀ ਸਾਂਭ-ਸੰਭਾਲ, ਅੰਤਰ-ਜਾਤੀ, ਅੰਤਰ-ਧਰਮੀ ਆਦਿ ਸਭ ਮਿਲ ਕੇ ਅਧਿਆਤਮਿਕ ਅਤੇ ਕਿਰਤ ਸਭਿਆਚਾਰ ਨੂੰ ਸੰਜੋਅ ਕੇ ਰਖਦੇ।

ਲੇਕਿਨ ਪੰਜਾਬ ਅੰਦਰ ਸੱਤਾ ਸ਼ਕਤੀ ਦੀ ਭੁੱਖ ਨੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਨੂੰ ਇਹ ਪਵਿੱਤਰ ਆਪਸੀ ਭਾਈਚਾਰਕ ਸਾਂਝ ਭਰੇ 'ਅਧਿਆਤਮਿਕ ਸਭਿਆਚਾਰ' ਅਤੇ ਆਰਥਿਕ ਨਿਰਭਰਤਾ ਭਰੇ 'ਕਿਰਤ ਸਭਿਆਚਾਰ' ਦੇ ਮਾਅਨੇ ਹੀ ਭੁਲਾ ਸੁੱਟੇ।

ਗੁਰੂ ਸਾਹਿਬ ਨੇ ਬੜੇ ਸਰਲ ਅਤੇ ਖੂਬਸੂਰਤ ਢੰਗ ਨਾਲ ਸਮਝਾਇਆ, "ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।।" ਪਰ ਜਦੋਂ ਤੁਸੀਂ ਕਿਰਤ ਕਰਨੀ ਵਿਸਾਰ ਦਿੱਤੀ, ਗੁਰੂਤਾ ਮਾਰਗ ਤਾਂ ਭੁੱਲਣਾ ਹੀ ਭੁੱਲਣਾ ਸੀ। ਕਿਰਤ ਦੀ ਥਾਂ ਭ੍ਰਿਸ਼ਟਾਚਾਰ, ਚੋਰੀ, ਠੱਗੀ, ਦਗਾਬਾਜ਼ੀ, ਨਸ਼ੀਲੇ ਪਦਾਰਥਾਂ ਦੀ ਵਿੱਕਰੀ ਨੇ ਲੈ ਲਈ। ਅਕਾਲੀ ਦਲ ਦੇ ਮੰਤਰੀ ਤੇ ਨਸ਼ਾ ਵਿੱਕਰੀ ਦਾ ਦੋਸ਼ ਲਗਣਾ ਅਤੇ ਫਿਰ ਕੇਸ ਦਰਜ ਹੋਣਾ, ਇਸ ਦੇ ਸ਼ਾਨਾਮਤੇ ਪਿਛੋਕੜ, ਕਿਰਦਾਰ ਅਤੇ ਪੰਥਕ ਸਭਿਆਚਾਰ ਨੂੰ ਕਲੰਕਿਤ ਕੀਤਾ ਜਾਣਾ ਸੀ।

ਸੰਨ 1980 ਦਹਾਕੇ ਦੇ ਸ਼ੁਰੂ ਵਿਚ ਜੋ ਪੰਜਾਬ ਦੇਸ਼ ਦਾ ਪ੍ਰਤੀ ਜੀਅ ਆਮਦਨ ਪੱਖੋਂ ਨੰਬਰ ਇੱਕ ਅਤੇ ਕਰਜ਼ ਰਹਿਤ ਬਜਟ ਵਾਲਾ ਸੂਬਾ ਸੀ, ਅੱਤਵਾਦ ਅਤੇ ਕੇਂਦਰੀ ਬਲਾਂ ਦੀ ਤਾਇਨਾਤੀ ਵਿਚ ਪਿੱਸਦਾ ਸੰਨ 1997 ਵਿਚ 5700 ਕਰੋੜ ਦਾ ਕਰਜ਼ਾਈ ਹੋ ਗਿਆ। ਇਹ ਕਰਜ਼ਾ ਬਗੈਰ ਕਿਸੇ ਕੇਂਦਰੀ ਅਤੇ ਬਾਹਰੀ ਮਦਦ ਦੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰਾਂ ਪੰਜਾਬ ਦੀ ਸੋਨੇ ਵਰਗੀ ਧੰਨ-ਸੰਪਦਾ ਦਰਿਆਈ ਰੇਤ-ਬੱਜਰੀ ਦੀ ਵਿਕਰੀ ਨਾਲ ਨਾ ਸਿਰਫ ਉਤਾਰਿਆ ਜਾ ਸਕਦੀ ਸੀ ਬਲਕਿ ਇੱਕ ਨਵੇਂ ਕੱਪੜਾ, ਹੌਜ਼ਰੀ, ਤਕਨੀਕੀ, ਫੂਡ ਪ੍ਰਾਸੈਸਿੰਗ ਸਨਅਤੀਕਰਨ ਚੇਨ ਰਾਹੀਂ ਪੰਜਾਬ ਦੀ ਉਸਾਰੀ ਕਰ ਸਕਦੀਆਂ ਸਨ। ਅਕਾਲੀ ਦਲ ਜਿਹੀ ਤਾਕਤਵਰ ਅਤੇ ਦੇਸ਼ ਵਿਚ ਸਭ ਤੋਂ ਪੁਰਾਣੀ ਇਲਾਕਾਈ ਪਾਰਟੀ ਜਿਸ ਨੇ ਦੇਸ਼ ਅਜ਼ਾਦੀ, ਬਾਅਦ ਵਿਚ ਫੈਡਰਲਿਜ਼ਮ ਦੀ ਰਾਖੀ, ਲੋਕਸ਼ਾਹੀ ਵਿਰੋਧੀ ਐਮਰਜੈਂਸੀ ਵਿਰੁੱਧ ਕੁਰਬਾਨੀਆਂ ਅਤੇ ਮੋਰਚਿਆਂ ਰਾਹੀਂ ਵੱਡਾ ਨਾਮੰਣਾ ਖੱਟਿਆ, ਸੱਤਾ ਪ੍ਰਾਪਤੀ ਬਾਅਦ ਇਸ ਦੇ ਵਰਕਰਾਂ, ਆਗੂਆਂ, ਮੰਤਰੀਆਂ ਨੇ ਕੁਝ ਨਿਗੂਣੇ ਛਿੱਲੜਾਂ ਖਾਤਰ ਰੇਤ-ਬਜ਼ਰੀ, ਨਸ਼ੀਲੇ ਪਦਾਰਥਾਂ, ਸ਼ਰਾਬ, ਟਰਾਂਸਪੋਰਟ, ਕੇਬਲ, ਜ਼ਮੀਨੀ ਕਬਜ਼ੇ, ਵਪਾਰਾਂ ਕਰਕੇ ਪਾਰਟੀ ਅਤੇ ਕਿਰਤ ਸਭਿਆਚਾਰ ਗਾਲ ਕੇ ਰਖ ਦਿਤੇ।

ਇਹ ਪਾਰਟੀ ਏਨੀਆਂ ਨਿਵਾਣਾਂ ਵਿਚ ਗਰਕ ਹੋ ਗਈ ਕਿ ਪੰਥ, ਪੰਜਾਬ ਅਤੇ ਪੰਜਾਬੀਆਂ ਦੀ ਰਾਖੀ ਤਾਂ ਦੂਰ ਇਹ 'ਗੁਰੂ' ਦੀ ਰਾਖੀ ਨਾ ਕਰ ਸਕੀ। ਸਿੱਖਾਂ ਦੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਸਥਾਵਾਂ ਤੇ ਕਾਬਜ਼ ਹੋਕੇ ਪੰਥਕ ਆਨ, ਬਾਨ, ਸ਼ਾਨ ਨੂੰ ਘੱਟੇ ਕੌਡੀ ਰੋਲਿਆ। ਕਿਆ ਸ਼ਰਮਨਾਕ ਲੀਡਰਸ਼ਿਪ ਪਤਨ ਰਾਜਨੀਤਕ ਸਭਿਆਚਾਰ ਹੈ ? ਜਿਸ ਅਕਾਲੀ ਦਲ ਦੇ ਪ੍ਰਧਾਨ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਊਧਮ ਸਿੰਘ ਨਾਗੋਕੇ, ਮੋਹਨ ਸਿੰਘ ਤੁੱੜ ਆਦਿ ਵਰਗੇ ਜਾਂਬਾਜ਼ ਪੰਥਕ ਆਗੂ ਸਨ ਅੱਜ ਬੰਟੀ, ਸ਼ੰਟੀ,ਖੰਨਾ, ਬਰਕੰਦੀ ਨਾਲ ਘਿਰਿਆ ਅਜੋਕਾ ਪ੍ਰਧਾਨ ਸੁਖਬੀਰ ਬਾਦਲ ਕਿੱਧਰੇ ਪੰਥਕ ਜਾਂਬਾਜ਼ ਆਗੂ ਨਹੀਂ ਲਗਦਾ।

ਅਕਾਲੀ ਦਲ ਦਾ ਫਲਸਫਾ ਅਤੇ ਹੇਠਲਾ ਕਾਡਰ ਜ਼ਿੰਦਾ ਹੈ, ਲੋੜ ਅੱਗ ਫੱਕਣ ਵਾਲੀ ਜਾਂਬਾਜ਼, ਗਤੀਸ਼ੀਲ, ਕਿਰਤ ਸਭਿਆਚਾਰ ਤੇ ਪੰਥਕ ਫਲਸਫੇ ਨੂੰ ਸਮਰਪਿਤ, ਕੁਰਬਾਨੀਆਂ ਲਈ ਤੱਤਪਰ ਨਿਰਛੱਲ, ਇਮਾਨਦਾਰ ਅਤੇ ਜਵਾਬਦੇਹ ਲੀਡਰਸ਼ਿਪ ਦੀ ਲੋੜ ਹੈ ਜੋ ਇਸ ਨੂੰ ਮੁੜ ਸੁਰਜੀਤ ਕਰ ਸਕੇ।



# ਮਹਿਲਾ ਰਾਖਵਾਂਕਰਨ ਬਿੱਲ ਦੇ ਮੋੜ ਘੋੜ

ਰਾਧਿਕਾ ਰਾਮਾਸੇਸ਼ਨ



**ਭਾਜਪਾ ਨੇ ਉਪ-ਕੋਟੇ ਦਾ ਮੁੱਦਾ ਫਿਲਹਾਲ ਟਾਲ ਦਿੱਤਾ ਹੈ। ਕੀ ਇਸ ਬਿੱਲ ਕਰ ਕੇ ਅਗਲੀਆਂ ਵਿਧਾਨ ਸਭਾਈ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਮਹਿਲਾ ਵੋਟਰਾਂ ’ਤੇ ਕੋਈ ਅਸਰ ਪਵੇਗਾ? ਕਾਂਗਰਸ ਅਤੇ ਭਾਜਪਾ ਨੇ ਆਪੋ-ਆਪਣੇ ਸ਼ਾਸਨ ਵਾਲੇ ਰਾਜਾਂ ਵਿਚ ਬੱਝਵੇਂ ਪ੍ਰੋਗਰਾਮਾਂ ਤਹਿਤ ਲਿੰਗਕ ਵੋਟ ਬੈਂਕ ਕਾਇਮ ਕਰਨ ਲਈ ਕਾਫ਼ੀ ਕੋਸ਼ਿਸ਼ਾਂ ਕੀਤੀਆਂ ਹਨ।**

ਮਹਿਲਾ ਰਾਖਵਾਂਕਰਨ ਬਿੱਲ ਤਾਂ ਪਾਸ ਹੋ ਗਿਆ ਪਰ ਅਸਲ ਕੰਮ ਅਧੂਰਾ ਲਟਕ ਗਿਆ ਹੈ ਜੋ ਭਵਿੱਖ ਦੀ ਕਿਸੇ ਸਰਕਾਰ ਨੂੰ ਬੰਨੇ ਲਾਉਣਾ ਪਵੇਗਾ ਕਿ ਇਸ ਕਾਨੂੰਨ ਨੂੰ ਕਦੋਂ ਲਾਗੂ ਕੀਤਾ ਜਾਵੇ। ਸੰਵਿਧਾਨਕ (ਸੋਧ) ਬਿੱਲ-2008 ਜੋ ਮਹਿਲਾ ਰਾਖਵਾਂਕਰਨ ਬਿੱਲ ਜਾਂ ਨਾਰੀ ਸ਼ਕਤੀ ਵੰਦਨ ਅਧਨਿਯਮ ਵਜੋਂ ਜਾਣਿਆ ਗਿਆ ਹੈ, ਨੂੰ ਮੋਦੀ ਸਰਕਾਰ ਨਾਰੀ ਸ਼ਕਤੀਕਰਨ ਦੇ ਸੁਨੇਹੇ ਵਜੋਂ ਪ੍ਰਚਾਰ ਰਹੀ ਹੈ। ਬਿੱਲ ਦੋਹਾਂ ਸਦਨਾਂ ’ਚੋਂ ਪਾਸ ਹੋ ਗਿਆ ਅਤੇ ਰਾਸ਼ਟਰਪਤੀ ਨੇ ਵੀ ਦਸਤਖ਼ਤ ਕਰ ਦਿੱਤੇ ਹਨ। ਇਸ ਵਿਚ ਲੋਕ ਸਭਾ ਅਤੇ ਸੂਬਾਈ ਵਿਧਾਨ ਸਭਾਵਾਂ ਦੀਆਂ ਇਕ ਤਿਹਾਈ ਸੀਟਾਂ ਔਰਤਾਂ ਲਈ ਰਾਖਵੀਆਂ ਕਰਨ ਦਾ ਪ੍ਰਬੰਧ ਹੈ ਪਰ ਇਹ ਕਾਨੂੰਨ ਨਾ ਕੇਵਲ ਹੱਦਬੰਦੀ ਨਾਲ ਜੋੜਿ ?ਆ ਗਿਆ ਹੈ ਸਗੋਂ ਇਸ ਵਿਚ ਬਹੁਤ ਜਿ ?ਆਦਾ ਪੇਚੀਦਗੀਆਂ ਹਨ ਜਿਸ ਕਰ ਕੇ ਇਸ ਦੀ ਹੋਣੀ ਬੇਯਕੀਨੀ ਵਾਲੀ ਹੈ। ਕਾਨੂੰਨ ਨੂੰ ਹੱਦਬੰਦੀ ਨਾਲ ਜੋੜਨ ਕਰ ਕੇ ਸਵਾਲ ਖੜ੍ਹਾ ਹੋ ਗਿਆ ਹੈ ਕਿ ਔਰਤਾਂ ਨੂੰ ਆਖ਼ਰ ਉਹ ਸਿਆਸੀ ਨੁਮਾਇੰਦਗੀ ਕਦੋਂ ਹਾਸਲ ਹੋਵੇਗੀ ਜਿਸ ਦਾ ਉਹ ਦਹਾਕਿਆਂ ਤੋਂ ਇੰਤਜ਼ਾਰ ਕਰ ਰਹੀਆਂ ਹਨ?

ਦੂਜਾ ਸਵਾਲ ਕੋਟੇ ਤਹਿਤ ਹੋਰਨਾਂ ਪੱਛੜੀਆਂ ਜਾਤੀਆਂ (ਓਬੀਸੀਜ਼) ਅਤੇ ਘੱਟਗਿਣਤੀਆਂ ਨਾਲ ਸਬੰਧਿਤ ਔਰਤਾਂ ਲਈ ਕੋਟੇ ਦੀ ਮੰਗ ਜੋ ਦਬਵੀਂ ਸੁਰ ਵਿਚ ਕਾਫ਼ੀ ਚਿਰ ਤੋਂ ਉਠਦੀ ਰਹੀ ਹੈ, ਦਾ ਹੈ। ਇਸ ਬਿੱਲ ਵਿਚ 33 ਫ਼ੀਸਦ ’ਚੋਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀਆਂ ਔਰਤਾਂ ਲਈ ਵਿਧਾਨਕ ਤੌਰ ’ਤੇ ਵੱਖਰੀਆਂ ਸੀਟਾਂ ਦੀ ਵਿਵਸਥਾ ਕੀਤੀ ਗਈ ਹੈ। ਓਬੀਸੀਜ਼ ਉਪ-ਕੋਟੇ ਦੀ ਮੰਗ ਬਿੱਲ ਪਾਸ ਹੋਣ ਤੋਂ ਰੋਕਣ ਦੀ ਕੋਸ਼ਿਸ਼ ਸੀ। ਇਹ ਮੰਡਲ ਯੁੱਗ ਜਿਸ ਨੇ ਪਛੜੀਆਂ ਜਾਤੀਆਂ ਦੇ ਸ਼ਕਤੀਕਰਨ ਜਾਂ ਹਿੰਦੀ ਭਾਸ਼ੀ ਖੇਤਰ ਵਿਚ ਆਰਥਿਕ ਤੌਰ ’ਤੇ ਪਛੜੇ ਲੋਕਾਂ ਦੇ ਸ਼ਕਤੀਕਰਨ ਦੀ ਨਵੀਂ ਸ਼ੁਰੂਆਤ ਕੀਤੀ ਸੀ, ਦਾ ਨਤੀਜਾ ਸੀ। ਕਰਨਾਟਕ ਵਿਚ ਨਲਵਡੀ ਕ੍ਰਿਸ਼ਨਾਰਾਜਾ ਵੋਡਿਆਰ ਅਤੇ ਦੇਵਰਾਜ ਉਰਸ, ਕੇਰਲ ਵਿਚ ਨਰਾਇਣ ਗੁਰੂ ਅਤੇ ਤਾਮਿਲ ਨਾਡੂ ਵਿਚ ਈਵੀ ਰਾਮਾਸਾਮੀ ਨਾਇਕਰ (ਪੇਰੀਆਰ) ਅਤੇ ਸੀਐੱਨ ਅੰਨਾਦੁਰਾਈ ਜਿਹੇ ਸਮਾਜ ਸੁਧਾਰਕਾਂ ਅਤੇ ਸਿਆਸੀ ਰੈਡੀਕਲਾਂ ਦੇ ਪ੍ਰਭਾਵ ਹੇਠ ਦੱਖਣੀ ਸੂਬਿਆਂ ਨੇ ਉਪ-ਕੋਟੇ ਦੀ ਮੰਗ ਨੂੰ ਹੋਣੀ ਦੇ ਰੂਪ ਵਿਚ ਸਵੀਕਾਰ ਕਰ ਲਿਆ ਪਰ ਜਦੋਂ ਇਹ ਮਾਮਲਾ ਪਾਰਲੀਮੈਂਟ ਵਿਚ ਉਭਰਿਆ ਤਾਂ ਉਨ੍ਹਾਂ ਨੇ ਉੱਤਰ ਦੇ ਆਪਣੇ ਸਾਥੀਆਂ ਨਾਲ ਹੱਥ ਮਿਲਾ ਲਏ। ਮੰਡਲ ਰਾਜਨੀਤੀ ਦੇ ਅਲੰਬਰਦਾਰ ਲਾਲੂ ਪ੍ਰਸਾਦ ਯਾਦਵ, ਮੁਲਾਇਮ ਸਿੰਘ ਯਾਦਵ ਅਤੇ ਸ਼ਰਦ ਯਾਦਵ ਜਿਹੇ ਆਗੂ ਓਬੀਸੀ ਔਰਤਾਂ ਲਈ ਉਪ-ਕੋਟੇ ਦੀ ਮੰਗ ਨੂੰ ਲਗਾਤਾਰ ਆਵਾਜ਼ ਦਿੰਦੇ ਰਹੇ ਹਨ। ਕਾਂਗਰਸ ਨੇ ਇਸ ਮੰਗ ਨਾਲੋਂ ਆਪਣੇ ਆਪ ਨੂੰ ਉਦੋਂ ਲਾਂਭੇ ਕਰ ਲਿਆ ਸੀ ਜਦੋਂ ਸੋਨੀਆ ਗਾਂਧੀ ਨੇ ਪਾਰਟੀ ਪ੍ਰਧਾਨ ਹੁੰਦਿਆਂ ਬਿੱਲ ਨੂੰ ਮੌਜੂਦਾ ਸਰੂਪ ਵਿਚ ਪਾਸ ਕਰਨ ’ਤੇ ਜ਼ੋਰ ਦਿੱਤਾ ਸੀ ਪਰ ਭਾਜਪਾ ਇਸ ਨੂੰ ਲੈ ਕੇ ਉਲਝਣ ਵਿਚ ਫਸੀ ਹੋਈ ਸੀ। ਅਸੂਲਨ, ਭਾਜਪਾ ਆਗੂਆ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਸੀ ਕਿ ਉਹ ਬਿੱਲ ਦੇ ਹੱਕ ’ਚ ਹਨ, ਹਕੀਕਤ ’ਚ ਓਬੀਸੀ ਆਗੂਆਂ ਦੇ ਸ਼ਕਤੀਸ਼ਾਲੀ ਧੜੇ ਦਾ ਇਸ ਗੱਲ ’ਤੇ ਜ਼ੋਰ ਲੱਗਿਆ ਹੋਇਆ ਸੀ ਕਿ ਉਹ ਉਪ-ਕੋਟੇ ਦੇ ਸਵਾਲ ’ਤੇ ਮੰਡਲਵਾਦੀ ਸਮਾਜਵਾਦੀਆਂ ਤੋਂ ਪਿਛਾਂਹ ਖੜ੍ਹੇ ਨਹੀਂ ਦਿਖਾਏ ਦੇਣੇ ਚਾਹੀਦੇ। ਇਹ ਉਹ ਦਿਨ ਸਨ ਜਦੋਂ ਭਾਜਪਾ ਦੀ ਸਿਰਮੌਰ ਲੀਡਰਸ਼ਿਪ ਦਾ ਆਪਣੀਆਂ ਹੇਠਲੀਆਂ ਸਫ਼ਾਂ ’ਤੇ ਇੰਨਾ ਮਜ਼ਬੂਤ ਕੁੰਡਾ ਨਹੀਂ ਸੀ। ਪਾਰਟੀ ਵਿਚਲੇ ਓਬੀਸੀ ਆਗੂਆਂ ਦੀ ਹਮਾਇਤ ਨਾਲ ਹੀ ਉਮਾ ਭਾਰਤੀ ਨੇ ਓਬੀਸੀ ਉਪ-ਕੋਟੇ ਦੀ ਮੰਗ ਉਠਾਈ ਹੈ।

ਕਮਾਲ ਦੀ ਗੱਲ ਇਹ ਹੋਈ ਕਿ ਜਦੋਂ ਬਿਲ ਆਖ਼ਰ ਪਾਸ ਹੋ ਗਿਆ ਤਾਂ ਉਪ-ਕੋਟੇ ਦੀ ਮੰਗ ਸਾਰੀਆਂ ਪਾਰਟੀਆਂ ਅੰਦਰ ਫੈਲ ਗਈ ਅਤੇ ਇਸ ਨੇ ਇਸ ਦੇ ਪਾਸ ਹੋਣ ਦੇ ਜਸ਼ਨ ਫਿੱਕੇ ਪਾ ਦਿੱਤੇ। ਮੰਡਲਵਾਦੀਆਂ, ਖ਼ਾਸਕਰ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਦੇ ਆਗੂਆਂ ਦਾ ਰੁਖ਼ ਜ਼ਿਆਦਾ ਉਤਸ਼ਾਹਜਨਕ ਨਹੀਂ ਸੀ। ਇਸ ਸਬੰਧ ਵਿਚ ਇਕਮਾਤਰ ਅਸਹਿਮਤੀ ਦਾ ਸੁਰ ਅਸਦ-ਉਦ-ਦੀਨ ਓਵਾਇਸੀ ਦੀ ਪਾਰਟੀ ਦੇ ਦੋ ਲੋਕ ਸਭਾ ਮੈਂਬਰਾਂ ਨੇ ਦਰਜ ਕਰਵਾਇਆ। ਜਾਪਦਾ ਹੈ, ਮੰਡਲ ਰਾਜਨੀਤੀ ਦਾ ਦੌਰ ਢਲ ਚੁੱਕਿਆ ਹੈ ਕਿਉਂਕਿ ਹੁਣ ਇਸ ਕੋਲ ਪਾਰਲੀਮੈਂਟ ਅੰਦਰ ਅੜਿੱਕੇ ਪੈਦਾ ਕਰਨ ਦਾ ਬਹੁਤਾ ਦਮ ਖ਼ਮ ਨਹੀਂ। ਉਨ੍ਹਾਂ ਦੇ ਵਾਰਸਾਂ ਦਾ ਜਾਤੀ ਮੋਹ ਤਿਹੁ ਓਨਾ ਨਹੀਂ ਰਿਹਾ। ਉਹ ਆਪਣੀ ਸਫ਼ਲਤਾ ਲਈ ਸਮਾਜਿਕ ਸਮੀਕਰਨ ਬਣਾ ਕੇ ਉਤਲੀਆਂ ਜਾਤੀਆਂ ਨਾਲ ਤਾਲਮੇਲ ਬਿਠਾਉਣਾ ਚਾਹੁੰਦੇ ਹਨ। ਭਾਜਪਾ ਕੋਲ ਓਬੀਸੀ ਪ੍ਰਧਾਨ ਮੰਤਰੀ ਹੋਣ ਕਰ ਕੇ ਇਸ ਨੂੰ ਜਾਤੀ ਰਾਜਨੀਤੀ ਦਾ ਕੋਈ ਬਹੁਤਾ ਫਿਕਰ ਨਹੀਂ ਹੈ।

1990ਵਿਆਂ ਵਿਚ ਉੱਤਰੀ ਖਿੱਤੇ ਦੇ ਧਰਾਤਲ ’ਤੇ ਲੜੀ ਹਿੰਦੂਤਵ ਅਤੇ ਮੰਡਲ ਵਿਚਕਾਰ ਲੜਾਈ (ਮੰਡਲ-ਕਮੰਡਲ) ਅੰਤ ਨੂੰ ਹਿੰਦੂਤਵ ਦੇ ਪੱਖ ਵਿਚ ਭੁਗਤਦੀ ਨਜ਼ਰ ਆਈ। ਕਈਆਂ ਦਾ ਖਿਆਲ ਸੀ ਕਿ ਜਾਤੀ ਪਛਾਣ ਧਾਰਮਿਕ ਧਰੁਵੀਕਰਨ ਨੂੰ ਉਖਾੜ ਦੇਵੇਗੀ ਪਰ ਘੱਟੋ-ਘੱਟ ਮੌਜੂਦਾ ਦੌਰ ਵਿਚ ਤਾਂ ਇਹ ਨਜ਼ਰ ਆ ਰਿਹਾ ਹੈ ਕਿ ਧਰਮ ਹਾਵੀ ਹੋ ਗਿਆ ਹੈ। ਅਜੀਬ ਗੱਲ ਇਹ ਹੈ ਕਿ ਲੰਮੇ ਸਮੇਂ ਤੋਂ ਓਬੀਸੀਜ਼ ਅਤੇ ਮੰਡਲ ਨਾਲ ਆਪਣੇ ਅਣਸੁਖਾਵੇਂ ਰਿਸ਼ਤਿਆਂ ਕਰ ਕੇ ਕਾਂਗਰਸ ਨੂੰ ਓਬੀਸੀ ਉਪ-ਕੋਟੇ ਦੀ ਮੰਗ ਲਈ ਕਾਫ਼ੀ ਮਸ਼ੱਕਤ ਕਰਨੀ ਪਈ ਹੈ। ਇਉਂ ਜਾਪ ਰਿਹਾ ਹੈ ਕਿ ਪਾਰਟੀ ਨੂੰ ਆਸ ਸੀ ਕਿ ਇਸ ਵਲੋਂ ਬਹੁਤ ਹੀ ਇਹਤਿਆਤ ਨਾਲ ਬਣਾਏ ਗਏ ਬ੍ਰਾਹਮਣਾਂ ਮੁਸਲਮਾਨਾ ਦਲਿਤਾਂ ਦਾ ਸਮਾਜਿਕ ਸਮੀਕਰਨ ਰਾਜਨੀਤੀ ਦੇ ਨਵੇਂ ਦੌਰ ਵਿਚ ਵੀ ਟਿਕਿਆ ਰਹੇਗਾ। ਜਦੋਂ ਮੰਡਲਵਾਦੀਆਂ ਅਤੇ ਹਿੰਦੂਤਵਵਾਦੀਆਂ ਵਿਚਕਾਰ ਲੜਾਈ ਚੱਲ ਰਹੀ ਸੀ ਤਾਂ ਕਾਂਗਰਸ ਸੁਸਤੀ ਵਿਚ ਨੀਂਦ ਵਿਚ ਹੀ ਤੁਰਦੀ ਰਹੀ। ਕਾਂਗਰਸ ਨੂੰ ਓਬੀਸੀ ਦਾ ਫੁਰਨਾ ਕਾਫ਼ੀ ਦੇਰ ਬਾਅਦ ਫੁਰਿਆ ਅਤੇ ਇਸ ਨੇ ਹਿੰਦੀ ਭਾਸ਼ੀ ਖੇਤਰ ਦੇ ਦੋ ਰਾਜਾਂ ਵਿਚ ਓਬੀਸੀ ਅਸ਼ੋਕ ਗਹਿਲੋਤ ਅਤੇ ਭੁਪੇਸ਼ ਬਘੇਲ ਨੂੰ ਮੁੱਖ ਮੰਤਰੀ ਥਾਪ ਕੇ ਨਾਲ ਰਲਣ ਦੀ ਕੋਸ਼ਿਸ਼ ਕੀਤੀ।

ਭਾਜਪਾ ਨੇ ਉਪ-ਕੋਟੇ ਦਾ ਮੁੱਦਾ ਫਿਲਹਾਲ ਟਾਲ ਦਿੱਤਾ ਹੈ। ਕੀ ਇਸ ਬਿੱਲ ਕਰ ਕੇ ਅਗਲੀਆਂ ਵਿਧਾਨ ਸਭਾਈ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਮਹਿਲਾ ਵੋਟਰਾਂ ’ਤੇ ਕੋਈ ਅਸਰ ਪਵੇਗਾ? ਕਾਂਗਰਸ ਅਤੇ ਭਾਜਪਾ ਨੇ ਆਪੋ-ਆਪਣੇ ਸ਼ਾਸਨ ਵਾਲੇ ਰਾਜਾਂ ਵਿਚ ਬੱਝਵੇਂ ਪ੍ਰੋਗਰਾਮਾਂ ਤਹਿਤ ਲਿੰਗਕ ਵੋਟ ਬੈਂਕ ਕਾਇਮ ਕਰਨ ਲਈ ਕਾਫ਼ੀ ਕੋਸ਼ਿਸ਼ਾਂ ਕੀਤੀਆਂ ਹਨ।

ਯਕੀਨਨ, ਭਾਜਪਾ ਨੇ ਇਸ ਬਿੱਲ ਨੂੰ ਉਜਵਲਾ ਗੈਸ, ਪਿੰਡਾਂ ਵਿਚ ਪਖਾਨੇ, ਬੇਟੀ ਬਚਾਓ ਬੇਟੀ ਪੜ੍ਹਾਓ, ਪ੍ਰਸੂਤੀ ਛੁੱਟੀ 12 ਹਫ਼ਤਿਆਂ ਤੋਂ ਵਧਾ ਕੇ 26 ਹਫ਼ਤੇ ਕਰਨ ਜਿਹੇ ਔਰਤ ਮੁਖੀ ਪ੍ਰੋਗਰਾਮਾਂ ਦੇ ਪੈਕੇਜ ਦੇ ਰੂਪ ਵਿਚ ਪੇਸ਼ ਕੀਤਾ ਹੈ ਤਾਂ ਕਿ ਔਰਤਾਂ ਦੇ ਜੀਵਨ ਮਿਆਰ ਵਿਚ ਸੁਧਾਰ ਲਿਆਉਣ ਲਈ ਮੋਦੀ ਦੀ ਵਚਨਬੱਧਤਾ ਉਭਾਰ ਕੇ ਪੇਸ਼ ਕੀਤੀ ਜਾ ਸਕੇ। ਇਹ ਬਿੱਲ ਭਾਵੇਂ ਪਾਸ ਨਾ ਵੀ ਹੁੰਦਾ, ਤਾਂ ਵੀ ਸਿਆਸੀ ਪਾਰਟੀਆਂ ਲਈ ਔਰਤਾਂ ਦਾ ਵੋਟ ਬੈਂਕ ਦਾ ਮੁੱਦਾ ਬਣੇ ਰਹਿਣਾ ਸੀ। ਇਸ ਦੀ ਨਿੱਖੜਵੀਂ ਮਿਸਾਲ ਬਿਹਾਰ ਅਤੇ ਪੱਛਮੀ ਬੰਗਾਲ ਹਨ ਜਿੱਥੇ ਸ਼ਰਾਬਬੰਦੀ ਤੋਂ ਬਾਅਦ ਔਰਤਾਂ ਨੇ ਨਿਤੀਸ਼ ਕੁਮਾਰ ਦੇ ਹੱਕ ਵਿਚ ਵੋਟਾਂ ਪਾਈਆਂ ਸਨ ਅਤੇ ਭਾਜਪਾ ਵਲੋਂ ਮਮਤਾ ਬੈਨਰਜੀ ਦੀ ਘੇਰਾਬੰਦੀ ਕਰਨ ਤੋਂ ਬਾਅਦ ਔਰਤਾਂ ਨੇ ਉਨ੍ਹਾਂ ਦਾ ਭਰਵਾਂ ਸਮਰਥਨ ਕੀਤਾ ਸੀ। ਗੁਜਰਾਤ ਵਿਚ 2002 ਤੋਂ ਬਾਅਦ ਜਦੋਂ ਪਾਰਟੀ ਦੇ ਚੋਣ ਪ੍ਰਚਾਰ ’ਤੇ ਮੋਦੀ ਦਾ ਨਾਂ ਉਭਰਨਾ ਸ਼ੁਰੂ ਹੋਇਆ ਸੀ, ਉਦੋਂ ਤੋਂ ਭਾਜਪਾ ਨੂੰ ਔਰਤਾਂ ਦੀ ਕਾਫ਼ੀ ਹਮਾਇਤ ਹਾਸਲ ਹੁੰਦੀ ਰਹੀ ਹੈ।

ਇਸ ਪ੍ਰਸੰਗ ਵਿਚ ਇਕ ਸਵਾਲ ਪੁੱਛਣ ਦੀ ਲੋੜ ਹੈ: ਕੀ ਇਸ ਬਿੱਲ ਨਾਲ ਨੁਮਾਇੰਦਗੀ ਵਿਚ ਬਰਾਬਰੀ ਯਕੀਨੀ ਬਣ ਸਕੇਗੀ ਜਾਂ ਫਿਰ ਉਪਰਲੀਆਂ ਜਾਤੀਆਂ ਦੀਆਂ ਔਰਤਾਂ ਦਾ ਹੋਰਨਾਂ ਵਰਗਾਂ ਦੀਆਂ ਔਰਤਾਂ ਉਪਰ ਦਬਦਬਾ ਪਹਿਲਾਂ ਵਾਂਗ ਰਹੇਗਾ?


Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file



ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥
ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ
ਪ੍ਰਕਾਸ਼ ਪੁਰਬ
ਦੀ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈ
ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ
ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ ਪੰਜਾਬੀ ਬੋਲੀ, ਪੰਜਾਬੀ ਕਲਚਰ, ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸੀਨੀਅਰ
ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ

# ਬੈਕ-ਬੋਨ (ਸਪਾਈਨ) ਦਾ



*''ਸਾਲ 2023 ਵਿਸ਼ਵ ਸਪਾਈਨ ਦਿਵਸ ਦਾ ਥੀਮ ਹੈ- 'ਮੂਵ ਯੂਅਰ ਸਪਾਈਨ' ਦਰਦਾਂ ਜੋ ਜੋੜਾਂ, ਸੈਲਜ਼, ਟਿਸ਼ੂਆਂ, ਮਾਸਪੇਸ਼ੀਆਂ ਅਤੇ ਨਸਾਂ ਨੂੰ ਪ੍ਰਭਾਵਿਤ ਕਰਕੇ ਅਗਲੀ ਹਾਲਤ ਵਿਚ, ਨੰਬਨੈਸ, ਰੁੱਕ-ਰੱਕ ਕੇ 'ਤੇ ਲਗਾਤਾਰ ਪਿੱਠ ਦਰਦ, ਜਕੜਨ, ਮਾਂਸਪੇਸ਼ੀ ਕਮਜੋਰ, ਆਦਮੀ ਦਾ ਓਠਣਾ-ਬੈਠਣਾ, ਖੜ੍ਹੇ ਹੋਣਾ, ਚਲਣਾ-ਫਿਰਨਾ ਤੇ ਕਰਵਟ ਲੈਣਾ ਔਖਾ ਕਰ ਦਿੰਦਾ ਹੈ। ਕੰਮ ਤੇ ਅਤੇ ਘਰ ਵਿੱਚ ਗਲਤ ਤਰੀਕੇ ਨਾਲ ਵਸਤਾਂ ਚੱਕਣ ਤੇ ਰੱਖਣ ਨਾਲ ਵੀ ਅਚਾਨਕ ਦਰਦ ਸ਼ੁਰੂ ਹੋ ਜਾਂਦੀ ਹੈ''- ਅਨਿਲ ਧੀਰ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

ਵਿਸ਼ਵ ਸਪਾਈਨ ਦਿਵਸ 2023 ਦਾ ਥੀਮ ਰੱਖਿਆ ਗਿਆ ਹੈ- "ਮੂਵ ਯੂਅਰ ਸਪਾਈਨ" ਦੁਨੀਆ ਭਰ 'ਚ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਲੋਕਾਂ ਨੂੰ ਬੈਕ-ਬੋਨ ਨੂੰ ਫਿੱਟ ਰੱਖਣ ਲਈ ਜਾਗਰੂਕ ਕੀਤਾ ਗਿਆ। ਲਾਈਫ ਸਟਾਈਲ ਨਾਲ ਜੁੜੀ ਆਮ ਸਮੱਸਿਆ ਬੈਕ-ਪੇਨ ਹਰ ਉਮਰ 'ਚ ਦੁਨਿਆ ਭਰ ਵਿੱਚ ਤੇਜ਼ੀ ਨਾਲ ਵੱਧ ਰਹੀ ਹੈ। ਇਸ ਦਾ ਅਸਰ ਠੰਡੇ ਮੁਲਕਾਂ ਵਿੱਚ ਹਰ ਉਮਰ 'ਤੇ ਬਦਲ ਰਹੇ ਮੌਸਮ ਵਿੱਚ ਦੇਖਿਆ ਜਾ ਸਕਦਾ ਹੈ। ਅਮਰੀਕਾ ਵਿਚ 58 ਮਿਲੀਅਨ ਤੋਂ ਵੱਧ ਲੋਕ ਦੇ ਸ਼ਿਕਾਰ ਹਨ। ਕੈਕ-ਪੇਨ ਪੀੜਿਤ ਲਗਭਗ 26 ਮਿਲੀਅਨ ਆਪਣੀਆਂ ਡੇਲੀ ਗਤੀਵਿਧੀਆਂ ਤੋਂ ਦੂਰ ਹੋ ਰਹੇ ਹਨ। ਹਰ ਚੌਥੇ ਵਿੱਚੋਂ 1 ਵਿਅਸਕ ਗੰਭੀਰ ਜੋੜਾਂ ਦੇ ਦਰਦ ਦੀ ਸ਼ਿਕਾਇਤ ਕਰ ਰਿਹਾ ਹੈ। ਕੈਨੇਡੀਅਨ ਸਰਵੇ ਦੇ ਮੁਤਾਬਿਕ ਕੁਲ 6.5 ਮਿਲਿਅਨ ਕੇਵਲ ਔਰਤਾਂ ਦਰਦਾਂ ਦੇ ਘੇਰੇ ਵਿੱਚ ਹਨ। ਅੱਜ 7.5 ਮਿਲੀਅਨ ਤੋਂ ਵੱਧ ਕੈਨੇਡੀਅਨ ਜੋੜਾਂ ਦੇ ਦਰਦ ਨਾਲ ਪੀੜਿਤ ਹਨ।

**ਦਰਦਾਂ** : ਗਰਦਨ, ਮੌਢੇ, ਬਾਹਾਂ-ਹੱਥ, ਬੈਕ-ਪੇਨ, ਗੋਡੇ, ਲੱਤਾਂ, ਤੇ ਪੈਰਾਂ ਦੇ ਜੋੜਾਂ ਅੰਦਰ ਕਿਤੇ ਵੀ ਹੋਣ ਨਾਲ ਆਮ ਆਦਮੀ ਦਾ ਰੁਝੇਵਾਂ ਖੜਨ ਵਰਗਾ ਹੋ ਜਾਂਦਾ ਹੈ। ਦਰਦਾਂ ਜੋ ਜੋੜਾਂ,



ਅਨਿਲ ਧੀਰ
ਕਾਲਮਨਿਸਟ
healthmedia1@hotmail.com


ਸੈਲਜ਼, ਟਿਸ਼ੂਆਂ, ਮਾਸਪੇਸ਼ੀਆਂ ਅਤੇ ਨਸਾਂ ਨੂੰ ਪ੍ਰਭਾਵਿਤ ਕਰਕੇ ਅਗਲੀ ਹਾਲਤ ਵਿਚ ਆਦਮੀ ਦਾ ਓਠਣਾ- ਬੈਠਣਾ, ਖੜ੍ਹੇ ਹੋਣਾ, ਚਲਣਾ-ਫਿਰਨਾ ਤੇ ਕਰਵਟ ਲੈਣਾ ਔਖਾ ਕਰ ਦਿੰਦਾ ਹੈ। ਕੰਮ ਤੇ ਅਤੇ ਘਰ ਵਿੱਚ ਗਲਤ ਤਰੀਕੇ ਨਾਲ ਵਸਤਾਂ ਚੱਕਣ ਤੇ ਰੱਖਣ ਨਾਲ ਵੀ ਅਚਾਨਕ ਦਰਦ ਸ਼ੁਰੂ ਹੋ ਜਾਂਦੀ ਹੈ। ਘੱਟ ਅਤੇ ਤੇਜ ਦਰਦ ਵਿੱਚ ਜੋੜਾਂ ਅੰਦਰ ਅਕੜਾਹਟ, ਸੋਜਸ਼ ਤੇ ਲਾਲੀ ਦਿਸਦੀ ਹੈ। ਆਦਮੀ ਨੂੰ ਮਾਨਸਿਕ-ਸਰੀਰਕ ਕਮਜ਼ੋਰੀ, ਥਕਾਵਟ, ਖਾਣ-ਪੀਣ ਨੂੰ ਦਿਲ ਨਾ ਕਰਨਾ, ਕਦੇ-ਕਦੇ ਬੁਖਾਰ ਵੀ ਹੋ ਜਾਂਦਾ ਹੈ। ਵੱਧ ਰਿਹਾ ਮੋਟਾਪਾ ਵੀ ਜੋੜਾਂ ਅੰਦਰ ਦਰਦ ਵਧਾ ਦਿੰਦਾ ਹੈ। ਦਰਦਾਂ ਸਰੀਰ ਦਾ ਗਲਤ ਪੋਸਚਰ, ਤੁਹਾਡਾ ਕਿੱਤਾ, ਸਦਮਾ, ਦੁਰਘਟਨਾ, ਐਕਸੀਡੈਂਟ, ਮਾਨਸਿਕ ਸੱਟਾਂ ਆਦਿ ਕਿਸੇ ਵੀ ਕਾਰਨ ਅਚਾਨਕ ਸ਼ੁਰੂ ਹੋ ਸਕਦੀ ਹੈ।

ਗੰਭੀਰ ਅੰਗਾਂ ਦੇ ਸਦਮੇ ਵਿਚ 50% ਡਿੱਗਣ ਤੋਂ, ਸਨੋ ਟਾਈਮ 'ਤੇ ਤਿਲਕਣ ਨਾਲ, ਸੜਕ ਟ੍ਰੈਫਿਕ ਹਾਦਸਿਆਂ ਤੋਂ 20-25%, ਅਤੇ ਮਸ਼ੀਨਰੀ 'ਤੇ ਸੰਧਾਂ ਦੀ ਵਰਤੋਂ ਨਾਲ, ਅਤੇ ਕਿਸ਼ੋਰ-ਨੌਜਵਾਨ ਰੈਸ਼ ਡਰਾਇਵਿੰਗ ਦੁਰਘਟਨਾ ਵਿਚ ਅਪਾਹਜ਼ ਵੀ ਹੋ ਰਹੇ ਹਨ। ਬੈਕ-ਪੇਨ ਕਈ ਕਾਰਨਾਂ ਕਰਕੇ ਹੋ ਸਕਦੀ ਹੈ- ਰੀੜ ਦੀ ਹੱਡੀ, ਹੱਡੀਆਂ ਨਾਲ ਮਿਲ ਕੇ ਬਣੀ ਹੁੰਦੀ ਹੈ। ਡਿਸਕ ਹਰੇਕ ਹੱਡੀ ਦੇ ਵਿਚਕਾਰ ਕੁਸ਼ਨ ਵੱਜੋਂ ਕੰਮ ਕਰਦੀ ਹੈ।



**ਕਾਰਨ 'ਤੇ ਕੇਅਰ:**

• ਹਰਨੀਏਟਿਡ ਡਿਸਕ, *ਮਾਸਪੇਸ਼ੀ ਤਨਾਅ, ਡੇਲੀ ਉੱਠਨ-ਬੈਠਨ, ਸੋਣ ਦਾ ਗਲਤ ਪਾਸਚਰ ਕਾਰਨ, *ਸਕੋਲੀਓਸਿਸ ਯਾਨਿ ਰੀੜ ਦੀ ਹੱਡੀ ਦੇ ਅਸਾਧਾਰਨ ਝੁੱਕਣ ਜਾਂ ਵਕਰਤਾ ਆ ਜਾਂਦੀ ਹੈ। ਇਸ ਦੀ ਸ਼ੁਰੂਆਤ ਬਚਪਨ ਜਾਂ ਕਿਸ਼ੋਰ ਅਵਸਥਾ ਦੌਰਾਣ ਦੇਖੀ ਜਾ ਰਹੀ ਹੈ। *ਵਾਈਪਲੇਸ਼- ਇੱਕ ਗਰਦਨ ਦੀ ਸੱਟ ਹੈ, ਜੋ ਸਿਰ ਦੇ ਅਚਾਨਕ ਝੱਟਕੇ ਜਾਂ ਹਿੱਲਣ ਨਾਲ ਗਰਦਨ 'ਚ ਇੰਟਰਵਰਟੇਬ੍ਰਲ ਜੋੜਾਂ, ਡਿਸਕਾਂ ਅਤੇ ਲਿਗਾਮੈਂਟਸ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। *ਓਸਟੀਓਪਰੋਸਿਸਮੱਧ ਉਮਰ 'ਤੇ ਸੀਨੀਅਰਜ਼ 'ਚ ਦੇਖੀ ਜਾ ਰਹੀ ਹੈ। ਹੱਡੀਆਂ ਭੁਰਨੀਆਂ ਸ਼ੁਰੂ ਹੋ ਜਾਣ ਨਾਲ ਫ੍ਰੈਕਚਰ ਦਾ ਅੰਕੜਾ ਵੱਧ ਜਾਂਦਾ ਹੈ। *ਸਾਇਟਿਕਾ-ਨਰਵ ਪਿੱਠ ਦੇ ਹੇਠਲੇ ਹਿੱਸੇ ਤੋਂ ਲੱਤ ਦੇ ਹੇਠਾਂ ਤੱਕ ਚਲਦੀ ਹੈ। ਦਰਦ ਕੋਈ ਕੰਮ ਨਹੀਂ ਕਰਨ ਦਿੰਦੀ। *ਕੰਪਰੈਸ਼ਨ ਫ੍ਰੈਕਚਰ- 50 ਸਾਲ ਤੋਂ ਬਾਅਦ, ਬੈਕ-ਬੋਨ 'ਚ ਜ਼ਿਆਦਾ ਤ੍ਰੇੜਾਂ ਨਾਲ ਵੀ ਫ੍ਰੈਕਚਰ ਹੋ ਸਕਦਾ ਹੈ। *ਸਪਾਈਨਲ ਮਾਈਲੋਪੈਥੀ-ਉਮਰ ਵੱਦਣ ਦੇ ਨਾਲ-ਨਾਲ ਰੀੜ ਦੀ ਹੱਡੀ ਡੀਜਨਰੇਸ਼ਨ ਕਾਰਨ ਖਰਾਬ ਹੋ ਜਾਂਦੀ ਹੈ। *ਸਪੋਂਡੀਲੋਲਿਸਟੇਸਿਸ- ਰੀੜ ਦੀ ਖਿਸਕ ਜਾਣ 'ਤੇ ਤੇਜ਼ ਦਰਦ ਕਾਰਨ ਤੁਰਨਾ-ਫਿਰਨਾ ਔਖਾ ਹੋ ਜਾਂਦਾ ਹੈ।

• ਸਪਾਈਨ ਦੇ ਦਰਦ ਦੌਰਾਨ ਐਂਟੀ-ਇਨਫਲਾਮੈਂਟਰੀ ਡਾਈਟ ਲੈਣੀ ਚਾਹੀਦੀ ਹੈ।

• ਤੁਸੀਂ ਪ੍ਰਾਪਰ ਵਰਕ-ਆਉਟ ਅਤੇ ਸਰੀਰ ਦਾ ਵਜ਼ਨ ਮੇਨਟੇਨ ਦੁਆਰਾ ਪਿੱਠ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾ ਸਕਦੇ ਹੋ। ਸਖਤ ਗਤੀਵਿਧੀ ਤੋਂ ਪਹਿਲਾਂ ਖਿੱਚਣਾ ਵੀ ਮਾਸਪੇਸ਼ੀਆਂ ਦੇ ਤਣਾਅ ਤੋਂ ਬਚਣ 'ਚ ਮਦਦ ਕਰ ਸਕਦਾ ਹੈ।

• ਕੋਈ ਵੀ ਸਰੀਰਕ ਐਕਟੀਵਿਟੀ ਕਰਨ ਵੇਲੇ ਆਪਣੇ ਪਾਸਚਰ ਦਾ ਖਾਸ ਖਿਆਲ ਰੱਖਣ ਦੀ ਲੋੜ ਹੁੰਦੀ ਹੈ।

• ਸੈਰ, ਦੌੜਨਾ 'ਤੇ ਭਾਰ ਚੁੱਕਣ ਵਰਗੀਆਂ ਕਸਰਤਾਂ ਸਰੀਰ ਦੇ ਸੰਤੁਲਨ ਨਾਲ ਹੱਡੀਆਂ ਮਜਬੂਤ ਹੋ ਸਕਦੀਆਂ ਹਨ। * ਇਲਾਜ 'ਚ ਸਰਜਰੀ, ਐਕਯੂਪੰਕਚਰ, ਸਿਹਤਮੰਦ ਵਜ਼ਨ, ਯੋਗਾ, ਮੈਡੀਟੇਸ਼ਨ, ਫੀਜੀਓ ਥੇਰੈਪੀ, ਫਿਜੀਕਲ ਥੇਰੈਪੀ, ਹੈਲਪ ਕਰ ਰਹੀ ਹੈ।

**ਨੋਟ** : ਡਰਾਈਵਿੰਗ ਦੌਰਾਣ ਅਤੇ ਗਰਭਵਤੀ ਔਰਤਾਂ ਆਪਣੇ ਪਾਸਚਰ ਦਾ ਧਿਆਣ ਰੱਖਣ। ਕੋਈ ਯੋਗਾ, ਵਰਕ-ਆਉਟ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।

# ਜਿਗਰ ਦੀ ਤੰਦਰੁਸਤੀ ਲਈ ਜ਼ਰੂਰ ਪੀਉ ਹਲਦੀ ਵਾਲਾ ਦੁੱਧ

ਹਲਦੀ ਵਿਚ ਬਹੁਤ ਸਾਰੇ ਦਵਾਈਆਂ ਵਾਲੇ ਗੁਣ ਹੁੰਦੇ ਹਨ। ਇਹ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਦੂਰ ਕਰ ਦਿੰਦੀ ਹੈ। ਇਸ ਦਾ ਬਹੁਤ ਸਾਰੇ ਲੋਕ ਕਈ ਸਮੱਸਿਆਵਾਂ ਵਿਚ ਸੇਵਨ ਕਰਦੇ ਹਨ। ਹਲਦੀ ਵਾਲੇ ਦੁੱਧ ਦਾ ਸੇਵਨ ਸੱਟ ਲੱਗਣ ਅਤੇ ਜੋੜਾਂ ਦੇ ਦਰਦ ਦੇ ਇਲਾਜ ਲਈ ਕੀਤਾ ਜਾਂਦਾ ਹੈ। ਪਰ ਹਲਦੀ ਵਾਲੇ ਪਾਣੀ ਦਾ ਸੇਵਨ ਸਿਹਤ ਲਈ ਬਹੁਤ ਹੀ ਫ਼ਾਇਦੇਮੰਦ ਹੈ।

ਹਲਦੀ ਵਾਲਾ ਪਾਣੀ ਬਣਾਉਣ ਦੀ ਵਿਧੀ: ਅੱਧਾ ਨਿੰਬੂ, ਹਲਦੀ ਇਕ ਚੌਥਾਈ ਚਮਚ, ਇਕ ਗਲਾਸ ਗਰਮ ਪਾਣੀ, ਸ਼ਹਿਦ ਥੋੜ੍ਹਾ ਜਿਹਾ ਹਲਦੀ ਵਾਲਾ ਪਾਣੀ ਬਣਾਉਣ ਲਈ ਇਕ ਗਲਾਸ ਗਰਮ ਪਾਣੀ ਵਿਚ ਅੱਧਾ ਨਿੰਬੂ ਨਿਚੋੜੋ ਅਤੇ ਹਲਦੀ ਮਿਲਾ ਲਉ ਅਤੇ ਇਸ ਵਿਚ ਇਕ ਚਮਚ ਸ਼ਹਿਦ ਮਿਲਾ ਕੇ ਸਵੇਰੇ ਖ਼ਾਲੀ ਪੇਟ ਵਰਤੋਂ ਕਰੋ। ਹਲਦੀ ਵਾਲਾ ਪਾਣੀ ਪੀਣ ਦੇ ਫ਼ਾਇਦੇ ਹਲਦੀ ਵਿਚ ਕਰਕੁਮਿਨ ਨਾਮਕ ਤੱਤ ਹੁੰਦਾ ਹੈ ਜੋ ਇਕ ਤਾਕਤਵਰ ਐਂਟੀ-ਆਕਸੀਡੈਂਟ ਬਣਾਉਂਦਾ ਹੈ। ਇਹ ਤੱਤ ਕੈਂਸਰ ਪੈਦਾ ਕਰਨ ਵਾਲੀਆਂ ਕੋਸ਼ਿਕਾਵਾਂ ਨੂੰ ਵਧਣ ਤੋਂ ਰੋਕਦਾ ਹੈ। ਇਸ ਲਈ ਹਲਦੀ ਦੀ ਵਰਤੋਂ ਕਰਨ ਨਾਲ ਕੈਂਸਰ ਹੋਣ ਦੀ ਸੰਭਾਵਨਾ ਘੱਟ ਜਾਂਦੀ ਹੈ।

ਹਲਦੀ ਦੀ ਵਰਤੋਂ ਕਰਨ ਨਾਲ ਪਿੱਤ ਰਸ ਜ਼ਿਆਦਾ ਬਣਦਾ ਹੈ ਜਿਸ ਨਾਲ ਖਾਣਾ ਆਸਾਨੀ ਨਾਲ ਹਜ਼ਮ ਹੋ ਜਾਂਦਾ ਹੈ। ਇਸ ਲਈ ਖਾਣਾ ਜਲਦੀ ਹਜ਼ਮ ਹੋਣ ਨਾਲ ਪੇਟ ਸਬੰਧੀ ਬੀਮਾਰੀਆਂ ਹੋਣ ਦੀ ਸੰਭਾਵਨਾ ਘੱਟ ਜਾਂਦੀ ਹੈ। ਇਸ ਲਈ ਅਪਣੇ ਹਾਜ਼ਮੇ ਨੂੰ ਤੰਦਰੁਸਤ ਰਖਣਾ ਚਾਹੁੰਦੇ ਹੋ ਤਾਂ ਰੋਜ਼ਾਨਾ ਹਲਦੀ ਵਾਲੇ ਪਾਣੀ ਦੀ ਵਰਤੋਂ ਜ਼ਰੂਰ ਕਰੋ।

ਹਲਦੀ ਵਿੱਚ ਮੌਜੂਦ ਕਰਕਿਊਮਿਨ ਨਾਮਕ ਕੈਮੀਕਲ ਇਕ ਦਵਾਈ ਦੀ ਤਰ੍ਹਾਂ ਕੰਮ ਕਰਦਾ ਹੈ। ਇਹ ਸਰੀਰ ਦੀ ਸੋਜ ਨੂੰ ਘੱਟ ਕਰਨ ਵਿਚ ਸਹਾਇਕ ਹੁੰਦਾ ਹੈ। ਸਰੀਰ ਵਿਚ ਚਾਹੇ ਜਿੰਨੀ ਵੀ ਸੋਜ ਹੋਵੇ ਹਲਦੀ ਵਾਲਾ ਪਾਣੀ ਨੂੰ ਪੀਉ। ਇਸ ਨਾਲ ਇਹ ਸੋਜ ਘੱਟ ਹੋ ਜਾਵੇਗੀ।






CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ



– ਹੋਰ ਸੇਵਾਵਾਂ –
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।

Call, Banga (916) 427-4321, Fax (916) 258-0441
email: sacramento99@yahoo.com, website: capitalservices.us


# ਕੰਮ ਵਾਲੀ ਥਾਂ ’ਤੇ ਆਪਣੇ ਆਤਮ ਵਿਸ਼ਵਾਸ ਨੂੰ ਵਧਾਓ

ਜੇ ਤੁਸੀਂ ਸਵੈ-ਸ਼ੱਕ ਦੀਆਂ ਭਾਵਨਾਵਾਂ ਨਾਲ ਸੰਘਰਸ਼ ਕਰਦੇ ਹੋ ਅਤੇ ਕੰਮ ’ਤੇ ਆਪਣੇ ਆਤਮ ਵਿਸ਼ਵਾਸ ਨੂੰ ਵਧਾਉਣ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰਦੇ ਹੋ, ਤਾਂ ਤੁਸੀਂ ਇਕੱਲੇ ਨਹੀਂ ਹੋ। ਇੱਕ ਮਨੀਪੈਨੀ ਸਰਵੇਖਣ ਅਨੁਸਾਰ, ਇੱਕ ਤਿਹਾਈ ਅਮਰੀਕੀ ਇਪੋਸਟਰ ਸਿੰਡਰੋਮ ਤੋਂ ਪੀੜਤ ਹਨ। ਅਧਿਐਨ ਨੇ ਇਹ ਵੀ ਦਿਖਾਇਆ ਕਿ ਔਰਤਾਂ (35%) ਮਰਦਾਂ (30%) ਨਾਲੋਂ ਵੱਧ ਕੰਮ ਵਾਲੀ ਥਾਂ ’ਤੇ ਅਯੋਗਤਾ ਦੀ ਭਾਵਨਾ ਤੋਂ ਪੀੜਤ ਹੁੰਦੀਆਂ ਹਨ। ਕੰਮ ’ਤੇ ਘੱਟ ਆਤਮ-ਵਿਸ਼ਵਾਸ ਦੇ ਕੁਝ ਆਮ ਲੱਛਣਾਂ ਵਿੱਚ ਤੁਹਾਡੀਆਂ ਪ੍ਰਾਪਤੀਆਂ ਨੂੰ ਘੱਟ ਕਰਨਾ, ਸੰਪੂਰਨਤਾਵਾਦ, ਨਕਾਰਾਤਮਕ ਸਵੈ-ਗੱਲਬਾਤ ਅਤੇ ਗਲਤੀਆਂ ਕਰਨ ਦਾ ਡਰ, ਕੁਝ ਨਾਮ ਸ਼ਾਮਲ ਹਨ। ਤੁਸੀਂ ਆਤਮ-ਵਿਸ਼ਵਾਸ ਦੀ ਕਮੀ ਨਾਲ ਨਜਿੱਠਣ ਲਈ ਜਿੰਨਾ ਸੰਭਵ ਹੋ ਸਕੇ ਉਸ ਤੋਂ ਵੱਧ ਪ੍ਰਾਪਤ ਕਰਨ ਅਤੇ ਲੈਣ ਵੱਲ ਮੁੜ ਸਕਦੇ ਹੋ। ਬਦਕਿਸਮਤੀ ਨਾਲ, ਜੇਕਰ ਇਲਾਜ ਨਾ ਕੀਤਾ ਜਾਵੇ, ਤਾਂ ਘੱਟ ਸਵੈ-ਮਾਣ ਤੁਹਾਡੇ ਪੇਸ਼ੇਵਰ ਵਿਕਾਸ ਵਿੱਚ ਰੁਕਾਵਟ ਪਾ ਸਕਦਾ ਹੈ ਅਤੇ ਤੁਹਾਨੂੰ ਤੁਹਾਡੀ ਪੂਰੀ ਸਮਰੱਥਾ ਤੱਕ ਪਹੁੰਚਣ ਤੋਂ ਰੋਕ ਸਕਦਾ ਹੈ। ਆਪਣੇ ਨਿੱਜੀ ਬ੍ਰਾਂਡ ’ਤੇ ਕੰਮ ਕਰੋ ਤੁਹਾਡਾ ਨਿੱਜੀ ਬ੍ਰਾਂਡ ਦਰਸਾਉਂਦਾ ਹੈ ਕਿ ਤੁਸੀਂ ਲੋਕ ਤੁਹਾਨੂੰ ਕਿਵੇਂ ਦੇਖਣਾ ਚਾਹੁੰਦੇ ਹੋ। ਇਹ ਮੌਜੂਦ ਹੈ ਭਾਵੇਂ ਤੁਸੀਂ ਇਸਨੂੰ ਬਣਾਉਂਦੇ ਹੋ ਜਾਂ ਨਹੀਂ। ਹਾਲਾਂਕਿ, ਆਦਰਸ਼ਕ ਤੌਰ ’ਤੇ, ਇਹ ਜਾਣਬੁੱਝ ਕੇ ਅਤੇ ਇਕਸਾਰ ਹੋਣਾ ਚਾਹੀਦਾ ਹੈ. ਆਪਣੇ ਮੌਜੂਦਾ ਬ੍ਰਾਂਡ ਦਾ ਆਡਿਟ ਕਰਨ ਲਈ, ਫਿਰ, ਇਹ ਨਿਰਧਾਰਤ ਕਰੋ ਕਿ ਕਿਹੜੀਆਂ ਵਿਵਸਥਾਵਾਂ ਕਰਨ ਦੀ ਲੋੜ ਹੈ। ਆਪਣੇ ਨਿਸ਼ਾਨੇ ਵਾਲੇ ਦਰਸ਼ਕਾਂ ਦੀ ਪਛਾਣ ਕਰਕੇ ਅਤੇ ਪ੍ਰਮਾਣਿਕ ਹੋਣ ਨਾਲ, ਤੁਸੀਂ ਇੱਕ ਨਿੱਜੀ ਬ੍ਰਾਂਡ ਬਣਾ ਸਕਦੇ ਹੋ ਜੋ ਅੱਜ ਦੇ ਵਧਦੇ ਮੁਕਾਬਲੇ ਵਾਲੇ ਕੰਮ ਦੇ ਮਾਹੌਲ ਵਿੱਚ ਤੁਹਾਨੂੰ ਵੱਖਰਾ ਕਰਨ ਵਿੱਚ ਮਦਦ ਕਰਦਾ ਹੈ। ਉੱਚ-ਪ੍ਰੋਫਾਈਲ ਅਸਾਈਨਮੈਂਟਾਂ ਲਈ ਵਲੰਟੀਅਰ ਕੰਮ ’ਤੇ ਤੁਹਾਡੇ ਆਤਮ ਵਿਸ਼ਵਾਸ ਨੂੰ ਵਧਾਉਣ ਦਾ ਇਕ ਹੋਰ ਤਰੀਕਾ ਹੈ ਉੱਚ-ਪ੍ਰੋਫਾਈਲ ਅਸਾਈਨਮੈਂਟਾਂ ਲਈ ਸਵੈਸੇਵੀ ਹੋਣਾ। ਉਹ ਪ੍ਰੋਜੈਕਟ ਜੋ ਤੁਹਾਡੀ ਦਿੱਖ ਨੂੰ ਵਧਾਉਂਦੇ ਹਨ ਤੁਹਾਡੇ ਕੈਰੀਅਰ ਵਿੱਚ ਅੱਗੇ ਵਧਣ ਵਿੱਚ ਤੁਹਾਡੀ ਮਦਦ ਕਰਦੇ ਹਨ। ਇੱਕ ਕਾਰਨ ਇਹ ਹੈ ਕਿ ਜਦੋਂ ਲੋਕ ਜਾਣਦੇ ਹਨ ਕਿ ਤੁਸੀਂ ਕੌਣ ਹੋ, ਤਾਂ ਉਹ ਤੁਹਾਨੂੰ ਤਰੱਕੀਆਂ ਲਈ ਵਿਚਾਰਨ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ। ਨਾਲ ਹੀ, ਇਹ ਦੂਜੇ ਵਿਭਾਗਾਂ ਦੇ ਲੋਕਾਂ ਨਾਲ ਸਬੰਧ ਬਣਾਉਣ ਦਾ ਵਧੀਆ ਤਰੀਕਾ ਹੈ। ਇੱਕ ਸਲਾਹਕਾਰ ਲੱਭੋ ਸਹੀ ਸਲਾਹ ਦੇਣ ਵਾਲਾ ਰਿਸ਼ਤਾ ਤੁਹਾਡੇ ਆਤਮਵਿਸ਼ਵਾਸ ਦੇ



**ਵਿਜੈ ਗਰਗ ਸਾਬਕਾ ਪੀ.ਈ..ਐਸ. - 1 ਸੇਵਾਮੁਕਤ ਪ੍ਰਿੰਸਪਲ**

ਨਾਲ-ਨਾਲ ਤੁਹਾਡੇ ਕੈਰੀਅਰ ਨੂੰ ਵੀ ਵਧਾ ਸਕਦਾ ਹੈ। ਆਪਣੇ ਟੀਚਿਆਂ ਦੀ ਪਛਾਣ ਕਰਕੇ ਅਤੇ ਆਪਣੇ ਆਪ ਨੂੰ ਪੁੱਛ ਕੇ ਸ਼ੁਰੂ ਕਰੋ ਕਿ ਤੁਹਾਡੇ ਰੋਲ ਮਾਡਲ ਕੌਣ ਹਨ। ਕੀ ਕੋਈ ਪਹਿਲਾਂ ਹੀ ਗੈਰ ਰਸਮੀ ਤੌਰ ’ਤੇ ਤੁਹਾਨੂੰ ਸਲਾਹ ਦੇ ਰਿਹਾ ਹੈ? ਉਹ ਰਸਮੀ ਸਮਰੱਥਾ ਵਿੱਚ ਚੱਲ ਰਹੀ ਸਹਾਇਤਾ ਅਤੇ ਸਹਾਇਤਾ ਦਾ ਇੱਕ ਵਧੀਆ ਸਰੋਤ ਹੋ ਸਕਦੇ ਹਨ। ਪਛਾਣੋ ਕਿ ਕਿਹੜੀ ਚੀਜ਼ ਤੁਹਾਨੂੰ ਵਿਲੱਖਣ ਬਣਾਉਂਦੀ ਹੈ ਭਾਵੇਂ ਤੁਸੀਂ ਇੱਕ ਸ਼ਾਨਦਾਰ ਸੰਚਾਰਕ ਹੋ, ਇੱਕ ਪ੍ਰਤਿਭਾਸ਼ਾਲੀ ਸਮੱਸਿਆ-ਹੱਲ ਕਰਨ ਵਾਲੇ ਜਾਂ ਇੱਕ ਕੁਦਰਤੀ ਨੇਤਾ ਹੋ, ਹਰ ਕਿਸੇ ਕੋਲ ਵਿਸ਼ੇਸ਼ ਪ੍ਰਤਿਭਾ ਹਨ ਜੋ ਉਹਨਾਂ ਨੂੰ ਭੀੜ ਤੋਂ ਵੱਖ ਕਰਦੀਆਂ ਹਨ। ਆਪਣੇ ਮੁੱਖ ਤੋਹਫ਼?ਆਂ ਬਾਰੇ ਸੋਚੋ। ਉਦਾਹਰਨ ਲਈ, ਦੂਸਰੇ ਕਹਿੰਦੇ ਹਨ ਕਿ ਉਹ ਤੁਹਾਡੇ ਵਿੱਚ ਕਿਹੜੇ ਗੁਣਾਂ ਦੀ ਪ੍ਰਸ਼ੰਸਾ ਕਰਦੇ ਹਨ? ਤੁਹਾਡੇ ਲਈ ਕਿਹੜੀ ਚੀਜ਼ ਆਸਾਨੀ ਨਾਲ ਆਉਂਦੀ ਹੈ ਜੋ ਦੂਜਿਆਂ ਲਈ ਔਖੀ ਹੋ ਸਕਦੀ ਹੈ? ਫਿਰ, ਆਪਣੇ ਆਤਮ ਵਿਸ਼ਵਾਸ ਨੂੰ ਵਧਾਉਣ ਲਈ ਕਿਤੇ ਦਿਖਾਈ ਦੇਣ ਵਾਲੀ ਇੱਕ ਵਿਆਪਕ ਸੂਚੀ ਪੋਸਟ ਕਰੋ। ਛੋਟੀਆਂ ਜਿੱਤਾਂ ਦਾ ਜਸ਼ਨ ਮਨਾਓ ਜ਼ਿੰਦਗੀ ਦੀਆਂ ਸਾਰੀਆਂ ਰੁਕਾਵਟਾਂ ਦੇ ਨਾਲ, ਅਸੀਂ ਕੰਮ ’ਤੇ ਛੋਟੀਆਂ ਜਿੱਤਾਂ ਨੂੰ ਸਵੀਕਾਰ ਕਰਨਾ ਭੁੱਲ ਜਾਂਦੇ ਹਾਂ। ਪਰ ਉਹਨਾਂ ਛੋਟੀਆਂ ਜਿੱਤਾਂ ਦਾ ਜਸ਼ਨ ਮਨਾਉਣਾ ਤੁਹਾਡੀ ਕੀਮਤ ਜਾਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇਹ ਆਪਣੇ ਆਪ ਨੂੰ ਯਾਦ ਦਿਵਾਉਣ ਦਾ ਇੱਕ ਵਧੀਆ ਤਰੀਕਾ ਹੈ ਕਿ ਤੁਸੀਂ ਤਰੱਕੀ ਕਰ ਰਹੇ ਹੋ, ਜੋ ਤੁਹਾਨੂੰ ਪ੍ਰੇਰਿਤ ਰੱਖਦਾ ਹੈ। ਮੀਟਿੰਗਾਂ ਵਿੱਚ ਸਮਝਦਾਰੀ ਨਾਲ ਗੱਲ ਕਰੋ ਭਾਵੇਂ ਮੀਟਿੰਗ ਰਿਮੋਟ ਹੋਵੇ ਜਾਂ ਵਿਅਕਤੀਗਤ ਤੌਰ ’ਤੇ ਇਹ ਪਹਿਲਾਂ ਤੋਂ ਤਿਆਰ ਕਰਨ ਲਈ ਭੁਗਤਾਨ ਕਰਦੀ ਹੈ। ਯਾਦ ਰੱਖੋ ਕਿ ਤੁਹਾਨੂੰ ਸੱਦਾ ਦਿੱਤਾ ਗਿਆ ਹੈ ਕਿਉਂਕਿ ਤੁਹਾਡੇ ਕੋਲ ਪੇਸ਼ਕਸ਼ ਕਰਨ ਲਈ ਕੋਈ ਕੀਮਤੀ ਚੀਜ਼ ਹੈ। ਆਪਣੀ ਅਵਾਜ਼ ਸੁਣਨ ਦੇ ਕਈ ਫਾਇਦੇ ਹਨ, ਜਿਵੇਂ ਕਿ ਤੁਹਾਡਾ ਆਤਮਵਿਸ਼ਵਾਸ ਵਧਾਉਣਾ, ਤੁਹਾਡੇ ਸੰਚਾਰ ਹੁਨਰ ਨੂੰ ਸੁਧਾਰਨਾ ਅਤੇ ਪੇਸ਼ੇਵਰ ਸਬੰਧਾਂ ਨੂੰ ਮਜ਼ਬੂਤ ਕਰਨਾ। ਟੀਮ ਨਾਲ ਆਪਣੇ ਵਿਚਾਰ ਸਾਂਝੇ ਕਰਨ ਦੁਆਰਾ, ਤੁਸੀਂ ਆਪਣੇ ਮੁੱਲ ਅਤੇ ਗਿਆਨ ਦਾ ਪ੍ਰਦਰਸ਼ਨ ਕਰੋਗੇ, ਜਿਸ ਨਾਲ ਅਗਵਾਈ ਦੇ ਮੌਕੇ ਮਿਲ ਸਕਦੇ ਹਨ। ਸਹਿਕਰਮੀਆਂ ਨਾਲ ਜੁੜੋ ਜਦੋਂ ਤੁਸੀਂ ਡਿਸਕਨੈਕਟ ਮਹਿਸੂਸ ਕਰਦੇ ਹੋ, ਤਾਂ ਇਹ ਤੁਹਾਡੇ ਸਵੈ-ਮਾਣ ’ਤੇ ਪਹਿਨ ਸਕਦਾ ਹੈ। ਇਕੱਲੇਪਣ ਦੀਆਂ ਭਾਵਨਾਵਾਂ ਤੁਹਾਡੀ ਸਿਹਤ ’ਤੇ ਵੀ ਨਕਾਰਾਤਮਕ ਪ੍ਰਭਾਵ ਪਾ ਸਕਦੀਆਂ ਹਨ। ਵਾਸਤਵ ਵਿੱਚ, ਇੱਕ ਅਧਿਐਨ ਦਰਸਾਉਂਦਾ ਹੈ ਕਿ ਇਕੱਲਤਾ ਤੁਹਾਡੇ ਸਟ ?ਰੋਕ ਜਾਂ ਕੋਰੋਨਰੀ ਦਿਲ ਦੀ ਬਿਮਾਰੀ ਦੀ ਸੰਭਾਵਨਾ ਨੂੰ 30% ਵਧਾਉਂਦੀ ਹੈ। ਦੂਰ-ਦੁਰਾਡੇ ਦੇ ਕੰਮ ਦੇ ਵਧਣ ਨਾਲ ਇਕੱਲਤਾ ਦੀਆਂ ਭਾਵਨਾਵਾਂ ਹੋਰ ਵੀ ਸਪੱਸ਼ਟ ਹੋ ਗਈਆਂ ਹਨ। ਇਹਨਾਂ ਭਾਵਨਾਵਾਂ ਦਾ ਮੁਕਾਬਲਾ ਕਰਨ ਲਈ, ਕੰਮ ’ਤੇ ਸਮਾਜਿਕ ਸਬੰਧ ਸਥਾਪਿਤ ਕਰੋ। ਨਾਲ ਜੁੜ



ਰਿਹਾ ਹੈ। ਭਰੋਸੇ ਨੂੰ ਬਣਾਉਣ ਅਤੇ ਕੁਨੈਕਸ਼ਨ ਪੈਦਾ ਕਰਦੇ ਹੋਏ ਸਹਿਯੋਗੀ ਤੁਹਾਡੇ ਵਿਸ਼ਵਾਸ ਨੂੰ ਵਧਾਉਣਗੇ। ਆਪਣੀ ਭਾਸ਼ਾ ਤੋਂ ਜਾਣੂ ਹੋਵੋ ਆਤਮ-ਵਿਸ਼ਵਾਸ ਨਾਲ ਬੋਲਣ ਲਈ ਤੁਹਾਨੂੰ ਕਮਰੇ ਵਿੱਚ ਸਭ ਤੋਂ ਉੱਚੀ ਆਵਾਜ਼ ਵਿੱਚ ਬੋਲਣ ਵਾਲਾ ਵਿਅਕਤੀ ਹੋਣਾ ਜ਼ਰੂਰੀ ਨਹੀਂ ਹੈ। ਇਸ ਦੀ ਬਜਾਏ, ਆਪਣੀਆਂ ਬੋਲਣ ਦੀਆਂ ਆਦਤਾਂ ’ਤੇ ਧਿਆਨ ਕੇਂਦਰਤ ਕਰੋ। ‘ਸਿਰਫ਼’, ‘ਠੀਕ ਹੈ’, ਜਾਂ ‘ਮੈਂ ਸੋਚਦਾ ਹਾਂ’ ਵਰਗੇ ਸ਼ਬਦਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੋ। ਇਹ ਸ਼ਬਦ ਅਤੇ ਵਾਕਾਂਸ਼ ਉਸ ਨੁਕਤੇ ਨੂੰ ਕਮਜ਼ੋਰ ਕਰਦੇ ਹਨ ਜਿਸਨੂੰ ਤੁਸੀਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹੋ। ਨਾਲ ਹੀ, ਜਦੋਂ ਲੋਕ ਘਬਰਾ ਜਾਂਦੇ ਹਨ, ਤਾਂ ਉਹ ਬਕਵਾਸ ਕਰਦੇ ਹਨ। ਇਸ ਲਈ, ਕੋਈ ਵਿਚਾਰ ਸਾਂਝਾ ਕਰਨ ਜਾਂ ਬਿਆਨ ਦੇਣ ਵੇਲੇ ਆਪਣਾ ਸਮਾਂ ਲਓ। ਆਪਣੇ ਆਪ ਦੀ ਤੁਲਨਾ ਕਰਨਾ ਬੰਦ ਕਰੋ ਕੀ ਤੁਹਾਡੀ ਸੰਸਥਾ ਪੀਐਚਡੀ ਦੇ ਝੁੰਡ ਨਾਲ ਭਰੀ ਹੋਈ ਹੈ ਜਦੋਂ ਤੁਸੀਂ ਆਪਣੀ ਅੰਡਰਗਰੈਜੂਏਟ ਡਿਗਰੀ ਪੂਰੀ ਕਰਨ ਲਈ ਖੁਸ਼ਕਿਸਮਤ ਸੀ? ਜਾਂ ਹੋ ਸਕਦਾ ਹੈ ਕਿ ਤੁਸੀਂ ਦੇਖਦੇ ਹੋ ਕਿ ਤੁਹਾਡੇ ਸਾਥੀਆਂ ਨੂੰ ਤੇਜ਼ੀ ਨਾਲ ਤਰੱਕੀ ਮਿਲਦੀ ਹੈ ਅਤੇ ਤੁਸੀਂ ਹੈਰਾਨ ਹੋਵੋਗੇ, ‘ਮੈਂ ਕਿਉਂ ਨਹੀਂ?’ ਦੂਜਿਆਂ ਨਾਲ ਆਪਣੀ ਤੁਲਨਾ ਕਰਨਾ ਸਮੇਂ ਦੀ ਬਰਬਾਦੀ ਹੈ ਕਿਉਂਕਿ ਇਹ ਤੁਹਾਨੂੰ ਚਿੰਤਤ ਅਤੇ ਨਿਰਾਸ਼ ਬਣਾਉਂਦਾ ਹੈ। ਨਾਲ ਹੀ, ਇਹ ਤੁਹਾਨੂੰ ਮਹੱਤਵਪੂਰਨ ਚੀਜ਼ਾਂ ਤੋਂ ਧਿਆਨ ਭਟਕਾਉਂਦਾ ਹੈ। ਇਸ ਦੀ ਬਜਾਏ, ਆਪਣੀ ਸ਼ਕਤੀ ਵਾਪਸ ਲਓ ਅਤੇ ਮੁਕਾਬਲੇ ਨੂੰ ਗਲੇ ਲਗਾਓ. ਹਮੇਸ਼ਾ ਕੋਈ ਹੋਰ ਬੁੱਧੀਮਾਨ ਜਾਂ ਸਫਲ ਹੋਵੇਗਾ। ਇਹ ਚਾਲ ਉਸ ਵਿਲੱਖਣ ਮੁੱਲ ਨੂੰ ਸਵੀਕਾਰ ਕਰ ਰਹੀ ਹੈ ਜੋ ਤੁਸੀਂ ਮੇਜ਼ ’ਤੇ ਲਿਆਉਂਦੇ ਹੋ। ਆਪਣੇ ਅੰਦਰੂਨੀ ਸੰਵਾਦ ਨੂੰ ਬਦਲੋ ਕੀ ਤੁਸੀਂ ਆਪਣੇ ਨਾਲ ਉਸੇ ਤਰ੍ਹਾਂ ਗੱਲ ਕਰਦੇ ਹੋ ਜਿਸ ਤਰ੍ਹਾਂ ਤੁਸੀਂ ਕਿਸੇ ਚੰਗੇ ਦੋਸਤ ਨਾਲ ਕਰਦੇ ਹੋ? ਜੇ ਜਵਾਬ ਨਹੀਂ ਹੈ, ਤਾਂ ਇਹ ਸਕਾਰਾਤਮਕ ਸਵੈ-ਗੱਲਬਾਤ ਦਾ ਅਭਿਆਸ ਕਰਨ ਦਾ ਸਮਾਂ ਹੈ। ਆਪਣੇ ਲਈ ਚੰਗੇ ਬਣੋ. ਜੇ ਕੋਈ ਨਕਾਰਾਤਮਕ ਵਿਚਾਰ ਤੁਹਾਡੇ ਦਿਮਾਗ ਵਿੱਚ ਦਾਖਲ ਹੁੰਦਾ ਹੈ, ਤਾਂ ਇਸਨੂੰ ਇੱਕ ਸਕਾਰਾਤਮਕ ਮੋੜ ਨਾਲ ਬਦਲੋ।

# ‘ਕੀ ਇਹ ਹੈ ! ਭਾਰਤ ਦੇਸ਼ ਸਾਡਾ’ ਆਪਣੇ ਹੀ ਬਣ ਰਹੇ ਆਪਣਿਆਂ ਦੇ ਦੁਸ਼ਮਣ



ਬੇਸ਼ੱਕ ‘ਵਿਸ਼ਵ ਗੁਰੂ’ ਅਖਵਾਉਣ ਵਾਲੇ ਸਾਡੇ ਦੇਸ਼ ਦੇ ਲੋਕ ਆਪਣੀ ਉੱਚ ਪ੍ਰਾਚੀਨ ਸੱਭਿਅਤਾ, ਸੱਭਿਆਚਾਰ ਅਤੇ ਸੰਸਕਾਰਾਂ ’ਤੇ ਮਾਣ ਕਰਦੇ ਨਹੀਂ ਥੱਕਦੇ ਪਰ ਪਿਛਲੇ ਕੁਝ ਸਾਲਾਂ ਤੋਂ ਅਸੀਂ ਇਸ ਨੂੰ ਭੁੱਲ ਕੇ ਨੈਤਿਕ ਪਤਨ ਦੇ ਗੱਡਿਆਂ ’ਚ ਡਿੱਗਦੇ ਚਲੇ ਜਾ ਰਹੇ ਹਾਂ।

- 20 ਅਕਤੂਬਰ ਨੂੰ ਦੁਮਕਾ (ਝਾਰਖੰਡ) ਦੇ ਪਿੰਡ ‘ਬੜਾਬਥਾਨ’ ’ਚ ‘ਕਾਂਤੋ ਹੇਮਬ੍ਰਮ’ ਨਾਂ ਦੇ ਨੌਜਵਾਨ ਨੇ ਆਪਣੇ 2 ਬੱਚਿਆਂ ਦੀ ਮੌਤ ਲਈ ਆਪਣੀ ਮਾਂ ਨੂੰ ਜ਼ਿੰਮੇਵਾਰ ਅਤੇ ਡਾਇਣ ਮੰਨਦੇ ਹੋਏ ਸੌਂਦੇ ਸਮੇਂ ਉਸ ਨੂੰ ਗਲ ਘੁੱਟ ਕੇ ਮਾਰ ਦਿੱਤਾ।
- 19 ਅਕਤੂਬਰ ਨੂੰ ਜਲੰਧਰ (ਪੰਜਾਬ) ਦੇ ਟਾਵਰ ਇਨਕਲੇਵ ’ਚ ਜਾਇਦਾਦ ਵਿਵਾਦ ਨੂੰ ਲੈ ਕੇ ਇਕ ਨੌਜਵਾਨ ਨੇ ਆਪਣੇ ਪਿਤਾ ਦੀ ਲਾਇਸੈਂਸੀ ਰਾਈਫਲ ਨਾਲ ਗੋਲੀਆਂ ਚਲਾ ਕੇ ਪਿਤਾ, ਮਾਂ ਅਤੇ ਵੱਡੇ ਭਰਾ ਦੀ ਹੱਤਿਆ ਕਰ ਦਿੱਤੀ।
- 19 ਅਕਤੂਬਰ ਨੂੰ ਹੀ ਕੋਲਕਾਤਾ (ਪੱਛਮੀ ਬੰਗਾਲ) ’ਚ ਗੁਟਖਾ ਖਾਣ ਤੋਂ ਰੋਕਣ ’ਤੇ ਆਪਣੀ ਪਤਨੀ ਦੀ ਹੱਤਿਆ ਕਰ ਕੇ ਲਾਸ਼ ਨੂੰ ਸਾੜ ਕੇ ਸਬੂਤ ਨਸ਼ਟ ਕਰਨ ਦੇ ਦੋਸ਼ ’ਚ ਸੂਰਿਆਕਾਂਤ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ।
- 19 ਅਕਤੂਬਰ ਨੂੰ ਹੀ ਗਾਜ਼ੀਆਬਾਦ (ਉੱਤਰ ਪ੍ਰਦੇਸ਼) ’ਚ ਇਕ ਵਿਅਕਤੀ ਨੂੰ ਆਪਣੀ 14 ਸਾਲਾ ਧੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ’ਚ ਗ੍ਰਿਫਤਾਰ ਕੀਤਾ ਗਿਆ।
- 18 ਅਕਤੂਬਰ ਨੂੰ ਅਗਰਤਲਾ (ਤ੍ਰਿਪੁਰਾ) ਦੀ ਇਕ ਅਦਾਲਤ ਨੇ ਇਕ ਵਿਅਕਤੀ ਨੂੰ ਆਪਣੀ ਧੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ’ਚ 20 ਸਾਲ ਕੈਦ ਦੀ ਸਜ਼ਾ ਸੁਣਾਈ।
- 18 ਅਕਤੂਬਰ ਨੂੰ ਹੀ ਕੰਧਮਾਲ (ਓਡਿਸ਼ਾ) ਪੁਲਸ ਨੇ ‘ਗੁਟਿਨਗਿਆ’ ਪਿੰਡ ’ਚ ਪਦਮਿਨੀ ਬੇਹੇਰਾ ਨਾਂ ਦੀ ਇਕ ਔਰਤ ਨੂੰ ਪਰਿਵਾਰਕ ਵਿਵਾਦ ਕਾਰਨ ਆਪਣੀ 4 ਸਾਲਾ ਧੀ ਸੁਰੇਖਾ ਦੀ ਹੱਤਿਆ ਕਰਨ ਦੇ ਦੋਸ਼ ’ਚ ਗ੍ਰਿਫਤਾਰ ਕੀਤਾ।
- 18 ਅਕਤੂਬਰ ਨੂੰ ਹੀ ਸੰਭਲ (ਉੱਤਰ ਪ੍ਰਦੇਸ਼) ’ਚ ਕਿਸੇ ਗੱਲ ’ਤੇ ਵਿਵਾਦ ਕਾਰਨ ਇਕ ਨੌਜਵਾਨ ਨੇ ਆਪਣੇ ਵੱਡੇ ਭਰਾ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ।
- 17 ਅਕਤੂਬਰ ਨੂੰ ਦਿੱਲੀ ’ਚ ਕੰਮ ’ਤੇ ਜਾਣ ਦੇ ਸਵਾਲ ’ਤੇ ਵਿਵਾਦ ਨੂੰ ਲੈ ਕੇ ਇਕ ਵਿਅਕਤੀ ਨੇ ਗਲਾ ਘੁੱਟ ਕੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ।
- 17 ਅਕਤੂਬਰ ਨੂੰ ਹੀ ਰਾਏਪੁਰ (ਛੱਤੀਸਗੜ੍ਹ) ਦੇ ਬਿਲਾੜੀ ਪਿੰਡ ’ਚ ਅਮਿਤ ਯਾਦਵ ਨੇ ਆਪਣੀ ਮਾਂ ਦੇ ਨਾਲ ਆਪਣੀ ਪਤਨੀ ਦੇ ਆਏ ਦਿਨ ਦੇ ਝਗੜੇ ਤੋਂ ਤੰਗ ਆ ਕੇ ਗੁੱਸੇ ’ਚ ਡੰਡੇ ਨਾਲ ਵਾਰ ਕਰ ਕੇ ਆਪਣੀ ਮਾਂ ਨੂੰ ਹੀ ਮਾਰ ਦਿੱਤਾ।
- 17 ਅਕਤੂਬਰ ਨੂੰ ਹੀ ਮਥੁਰਾ (ਉੱਤਰ ਪ੍ਰਦੇਸ਼) ਦੇ ਪਿੰਡ ‘ਬਠੈਨ’ ’ਚ ਆਪਣੇ 13 ਸਾਲਾ ਦਿਵਿਆਂਗ ਬੇਟੇ ਨੂੰ ਇਕ ਮਹਿਲਾ ਨੇ ਕੁੱਟ-ਕੁੱਟ ਕੇ ਮਾਰ ਦਿੱਤਾ।
- 15 ਅਕਤੂਬਰ ਨੂੰ ਪਣਜੀ (ਗੋਆ) ’ਚ ਇਕ ਵਿਅਕਤੀ ਨੂੰ ਆਪਣੀ 14 ਸਾਲਾ ਨਾਬਾਲਿਗ ਧੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ’ਚ ਗ੍ਰਿਫਤਾਰ ਕੀਤਾ ਗਿਆ।
- 14 ਅਕਤੂਬਰ ਨੂੰ ਕਾਸਰਗੋਡ (ਕੇਰਲ) ’ਚ ਮੋਬਾਈਲ ਫੋਨ ਦੀ ਵਰਤੋਂ ਕਰਨ ਤੋਂ ਰੋਕਣ ’ਤੇ ਸੁਰਜੀਤ ਨਾਂ ਦੇ ਲੜਕੇ ਨੇ ਆਪਣੀ ਮਾਂ ਰੁਕਮਣੀ (63) ਦਾ ਸਿਰ ਕੰਧ ਨਾਲ ਟਕਰਾ ਦਿੱਤਾ ਜਿਸ ਨਾਲ ਉਸ ਦੀ ਮੌਤ ਹੋ ਗਈ।
- 13 ਅਕਤੂਬਰ ਨੂੰ ਪੂਰਬੀ ਦਿੱਲੀ ’ਚ ਮਕਸੂਦ ਨਾਂ ਦੇ ਵਿਅਕਤੀ ਨੂੰ ਆਪਣੀ 14 ਸਾਲਾ ਧੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ’ਚ ਗ੍ਰਿਫਤਾਰ ਕੀਤਾ ਗਿਆ।
- 13 ਅਕਤੂਬਰ ਨੂੰ ਹੀ ਬਾਰਪੇਟਾ (ਆਸਾਮ) ਦੇ ਗਾਂਧੀ ਨਗਰ ’ਚ ਇਕ ਵਿਅਕਤੀ ਨੇ ਕਿਸੇ ਗੱਲ ’ਤੇ ਹੋਏ ਝਗੜੇ ’ਤੇ ਗੁੱਸੇ ’ਚ ਆ ਕੇ ਆਪਣੀ ਪਤਨੀ ਅਤੇ ਧੀ ਨੂੰ ਕੁਹਾੜੀ ਨਾਲ ਵੱਢ ਦਿੱਤਾ, ਜਿਸ ਨਾਲ ਉਨ੍ਹਾਂ ਦੀ ਘਟਨਾ ਵਾਲੀ ਥਾਂ ’ਤੇ ਹੀ ਮੌਤ ਹੋ ਗਈ।
- 13 ਅਕਤੂਬਰ ਨੂੰ ਹੀ ਖਰੜ (ਪੰਜਾਬ) ’ਚ ਇਕ ਨੌਜਵਾਨ ਨੇ ਆਪਣੇ ਦੋਸਤ ਨਾਲ ਮਿਲ ਕੇ ਆਪਣੇ ਵੱਡੇ ਭਰਾ, ਭਾਬੀ ਅਤੇ 2 ਸਾਲ ਦੇ ਭਤੀਜੇ ਦੀ ਹੱਤਿਆ ਕਰ ਦਿੱਤੀ।
- 6 ਅਕਤੂਬਰ ਨੂੰ ਜੈਸਲਮੇਰ (ਰਾਜਸਥਾਨ) ’ਚ ਇਕ ਵਿਅਕਤੀ ਨੂੰ ਆਪਣੀ 5 ਸਾਲਾ ਧੀ ਨਾਲ ਘਿਨੌਣਾ ਕੰਮ ਕਰਨ ਦੇ ਦੋਸ਼ ’ਚ ਗ੍ਰਿਫਤਾਰ ਕੀਤਾ ਗਿਆ।
- 3 ਅਕਤੂਬਰ ਨੂੰ ਮਊ (ਉੱਤਰ ਪ੍ਰਦੇਸ਼) ਜ਼ਿਲੇ ਦੇ ਇਕ ਪਿੰਡ ’ਚ ਵਿਆਹੁਤਾ ਔਰਤ ਦੀ ਵੀਡੀਓ ਬਣਾ ਕੇ ਉਸ ਨੂੰ ਬਲੈਕਮੇਲ ਕਰਨ ਤੇ ਜਬਰ-ਜ਼ਨਾਹ ਕਰਨ ਦੇ ਦੋਸ਼ ’ਚ ਉਸ ਦੇ ਭਾਣਜੇ ਵਿਰੁੱਧ ਕੇਸ ਦਰਜ ਕੀਤਾ ਗਿਆ।
- 2 ਅਕਤੂਬਰ ਨੂੰ ਫਤਿਹਪੁਰ (ਉੱਤਰ ਪ੍ਰਦੇਸ਼) ਦੇ ‘ਲਲੌਤੀ’ ਪਿੰਡ ’ਚ ਇਕ ਵਿਅਕਤੀ ਨੂੰ ਆਪਣੀ 17 ਸਾਲਾ ਧੀ ਨਾਲ ਜਬਰ-ਜ਼ਨਾਹ ਕਰ ਕੇ ਉਸ ਨੂੰ ਗਰਭਵਤੀ ਕਰਨ ਅਤੇ ਫਿਰ ਦਵਾਈ ਖਵਾ ਕੇ ਉਸ ਦਾ ਗਰਭਪਾਤ ਕਰਵਾਉਣ ਦੇ ਦੋਸ਼ ’ਚ ਗ੍ਰਿਫਤਾਰ ਕੀਤਾ ਗਿਆ।

ਅਜਿਹੀਆਂ ਘਟਨਾਵਾਂ ਤੋਂ ਨਾ ਸਿਰਫ ਮਨੁੱਖਤਾ ਸ਼ਰਮਸਾਰ ਹੋ ਰਹੀ ਹੈ, ਸਗੋਂ ਇਹ ਵਿਸ਼ਵ ’ਚ ਭਾਰਤ ਦੀ ਬਦਨਾਮੀ ਦਾ ਕਾਰਨ ਵੀ ਬਣ ਰਹੀਆਂ ਹਨ। ਇਸ ਲਈ ਅਜਿਹੇ ਅਪਰਾਧਾਂ ’ਚ ਸ਼ਾਮਲ ਲੋਕਾਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਤਾਂ ਕਿ ਦੂਜਿਆਂ ਨੂੰ ਵੀ ਸਬਕ ਮਿਲੇ ਅਤੇ ਇਸ ਨੈਤਿਕ ਪਤਨ ਨੂੰ ਰੋਕਿਆ ਜਾ ਸਕੇ।




ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ
ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈ।
ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ
VANCO
TRUCK & AUTO PLAZA
TEL : 208-466-0833, FAX : 209-466-2740
ਬੋਪਾਰਾਏ ਬ੍ਰਦਰਜ਼
ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ
1033. W Charter Way Stockton CA 95206 (1-5 Hwy4)

## ਕਵਿਤਾ

ਆਹ ਇਕ ਪੋਸਟ ਰਹੀ ਸੀ ਚੱਲ
ਕਹਿੰਦੇ ਹਰ ਮੁਸ਼ਕਿਲ ਦਾ ਹੱਲ

ਫੋਟੋ ਵੱਲ ਧਿਆਨ ਜ਼ਰਾ ਮਾਰੋ
ਇਸ ਮੁਸ਼ਕਲ ਦਾ ਹੱਲ ਵਿਚਾਰੋ

ਆਹ ਕੋਈ ਲੱਗਦਾ ਲਕੜਹਾਰਾ
ਲੱਕੜਾਂ ਵੱਡਣ ਆਇਆ ਵਿਚਾਰਾ

ਫਸ ਗਿਆ ਭੁਲਿਆ ਭਟਕਿਆ ਬੰਦਾ
ਰੁਖ ਦੇ ਨਾਲ ਲਟਕਿਆ ਬੰਦਾ

ਸੱਪ ਨੇੜੇ ਵੱਲ ਤੁਰਿਆ ਆਵੇ
ਕਿੱਦਾਂ ਉਸ ਤੋਂ ਜਾਨ ਬਚਾਵੇ

ਸੱਪ ਤੋਂ ਬਚੇ ਤਾਂ ਅੱਗੇ ਸ਼ੇਰ
ਜਾਂਦਿਆਂ ਲੈਣਾ ਉਸ ਨੇ ਘੇਰ

ਜੇ ਨਦੀ 'ਚ ਦੇਵੇ ਛਾਂਲ ਲਗਾ
ਮਗਰ ਮੱਛਾਂ ਨੇ ਜਾਣਾ ਖਾ।

ਗਲ ਕੀ ਸਾਰੇ ਬੰਦ ਦੁਆਰ
ਕਿਧਰ ਜਾਵੇ ਦਿਓ ਵਿਚਾਰ।

ਅੱਗੇ ਸਭ ਨੇ ਕਰੇ ਕਮੈਂਟ
ਹਾਸਾ ਠੱਠਾ ਐਂਟਰਟੇਨਮੈਂਟ

ਮੈਂ ਵੀ ਥੋੜਾ ਮਾਰਿਆ ਮੱਥਾ
ਲਾ ਲਿਆ ਹਿਸਾਬ ਕਿ ਬੰਦਾ ਨਿਹੱਥਾ

ਇਹ ਦੀ ਵਿਚਾਰੇ ਦੀ ਕਿਸਮਤ ਮਾੜੀ
ਥੱਲੇ ਆਇਆ ਛੱਡ ਕੁਹਾੜੀ

ਜੇ ਕੁਹਾੜੀ ਹੁੰਦੀ ਨਾਲ
ਦੱਸੋ ਸੱਪ ਦੀ ਕੀ ਸੀ ਮਜਾਲ

ਦਿੰਦਾ ਸੱਪ ਦਾ ਗਾਟਾ ਲਾਹ
ਮੁੜ ਕੇ ਸ਼ੇਰ ਨੂੰ ਲੈਂਦਾ ਢਾਹ

ਜਿੰਦਾ ਊਧਮ ਸਿੰਘ ਸੁਨਾਮ
ਜਿੰਦੇ ਹੁੰਦਿਆਂ ਖੱਟਿਆ ਨਾਮ

ਕੁਹਾੜੀ ਨਾਲ ਲੜਿਆ ਸੀ ਉਹ
ਸ਼ੇਰ ਸਾਹਮਣੇ ਖੜ੍ਹਿਆ ਸੀ ਉਹ

ਇਹ ਬੰਦਾ ਵੀ ਖੜ ਸਕਦਾ ਸੀ
ਮਾੜਾ ਮੋਟਾ ਅੜ ਸਕਦਾਸੀ

ਲੜਦਾ ਜੇਕਰ ਮਰ ਵੀ ਜਾਂਦਾ
ਨਾਮ ਤਾਂ ਆਪਣਾ ਕਰ ਹੀ ਜਾਂਦਾ

ਬੰਦਾ ਹੋਵੇ ਟਾਕਰਾ ਕਰੇ
ਇਕ ਅੱਧੇ ਨੂੰ ਲੈ ਕੇ ਮਰੇ

ਗੱਲ ਕੀ ਬੰਦਾ ਜਮ੍ਹਾਂ ਨਿਹੱਥਾ
ਕੀ ਇਹਦੇ ਨਾਲ ਮਾਰੇ ਮੱਥਾ

ਅਜੇ ਵੀ ਰੁਖ ਤੋਂ ਟਾਹਣੀ ਤੋੜੇ
ਉਸ ਸੋਟੀ ਨਾਲ ਸੱਪ ਨੂੰ ਮੋੜੇ

ਬਿਪਤਾ ਆਪਣੇ ਗੱਲ ਤੋਂ ਲਾਹਵੇ
ਕੇਰਾਂ ਆਪਣੀ ਜਾਨ ਬਚਾਵੇ

ਬਾਕੀ ਮਗਰਮੱਛ ਤੇ ਸ਼ੇਰ
ਉਨ੍ਹਾਂ ਬਾਰੇ ਸੋਚੇ ਫੇਰ

ਸ਼ਸਤਰ ਭਾਊ ਜੀ ਸ਼ਸਤਰ ਹੁੰਦਾ
ਤੀਲਾ ਵੀ ਕਈ ਵਾਰੀ ਨਸ਼ਤਰ ਹੁੰਦਾ

ਖਾਲੀ ਹੱਥ ਤਾਂ ਮਰਨਾ ਪੈਂਦਾ
ਹਰ ਕੁੱਤੇ ਤੋਂ ਡਰਨਾ ਪੈਂਦਾ

ਡਰ ਦੀ ਕਰਤੀ ਦੂਰ ਬਿਮਾਰੀ
ਗੁਰੂ ਨੇ ਕਰਤੀ ਕੌਮ ਸ਼ਸਤਰਧਾਰੀ

ਸ਼ਸਤਰ ਨਾਲ ਹੀ ਮੌਜਾਂ ਹੁੰਦੀਆਂ
ਕੱਲ੍ਹਾ ਨਹੀਂ ਹੁੰਦਾ ਫੌਜਾਂ ਹੁੰਦੀਆਂ

ਜੋ ਸਤਿਗੁਰੂ ਦੀ ਸ਼ਰਨ ਵਿਚ ਆਇਆ
ਸਿੰਘ, ਭੁਜੰਗ, ਨਿਹੰਗ ਬਣਾਇਆ

ਸਿੰਘ ਸ਼ੇਰ ਹੈ ਸੱਪ ਭੁਜੰਗ
ਮਗਰਮੱਛ ਦਾ ਅਰਥ ਨਿਹੰਗ

ਤਿੰਨਾਂ ਉਤੇ ਪੈਂਦਾ ਭਾਰੀ
ਜਿਹੜਾ ਜੋ ਜੇ ਸ਼ਸਤਰਧਾਰੀ

ਸਿੱਖੋ ਛੱਡ ਲਕੀਰ ਫਕੀਰੀ
ਪਹਿਲਾਂ ਸਾਂਭੋ ਮੀਰੀ ਪੀਰੀ

ਹਰ ਗੁਰੂ ਘਰ ਵਿਚ ਕਥਾ ਚਲਾਓ
ਨਾਲ ਕਲਾਸ ਗਤਕੇ ਦੀ ਲਾਓ

ਭਗਤੀ ਸ਼ਕਤੀ ਦੋਵੇਂ ਕੋਲ
ਬਚਨ ਗੁਰੂ ਦੇ ਬੜੇ ਅਨਮੋਲ

ਗੁਰਮਤਿ ਵਾਲੇ ਰਾਹ 'ਤੇ ਆਈਏ
ਆਓ ਫਿਰ ਹੁਣ ਫਤਹਿ ਬੁਲਾਈਏ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ॥



**ਲਖਬੀਰ ਸਿੰਘ ਖਾਲਸਾ ਟਾਂਡਾ**

## ਸ਼ਾਹੂਕਾਰ ਦਾ ਕਰਜ਼ਾ

ਸਾਰਾ ਦਿਨ ਬਾਪੂ ਖੇਤਾਂ ਵਿੱਚ
ਰਹੇ ਕੰਮ ਕਰਦਾ,
ਕਈ ਵਾਰੀ ਭੁੱਲ ਜਾਂਦਾ ਖ਼ਿਆਲ
ਉਹ ਘਰਦਾ।
ਕਿੰਨੇ ਵਾਰੀ ਬੇਬੇ ਨੇ ਉਸਨੂੰ ਯਾਦ
ਕਰਵਾਇਆ ਸੀ,
ਮੈਂ ਕਿਹਾ ਜੀ? ਕੱਲ ਘਰ ਆਪਣੇ
ਸ਼ਾਹੂਕਾਰ ਆਇਆ ਸੀ।
ਮੰਗ ਦਾ ਸੀ ਪੈਸੇ ਲੈ ਆਪਾਂ ਨੇ
ਉਧਾਰ ਸੀ,
ਕਿੰਨੇ ਵਾਰੀ ਲੰਘ ਗਿਆ ਕਹਿੰਦਾ
ਕੀਤਾ ਜੋ ਕਰਾਰ ਸੀ।
ਪਰ ਕਰੇ ਕੀ ਬਾਪੂ, ਕਮਾਈ
ਨਾਲੋਂ ਖ਼ਰਚਾ ਵੱਧ ਸੀ,
ਬੁੱਢੇ ਬਾਰੇ ਦੁੱਖਦੇ ਰਹਿੰਦੇ ਉਹਦੇ
ਹੁਣ ਹੱਡ ਸੀ।
ਐਤਕੀਂ ਮੋੜਾਂਗੇ ਆਪਾ ਕਹੀ ਸੇਠ
ਤਾਂਈ ਮੋੜਕੇ,
ਬਣਦਾ ਜੋ ਵਿਆਜ਼ ਲਾਲਾ ਉਹ
ਵੀ ਵਿੱਚ ਜੋੜਕੇ।
ਦੱਸੋ ਕੀ ਫਿਰ ਕਾਮਾਂ ਕਿੱਥੋਂ ਰੀਝਾਂ
ਕਰੇ ਪੂਰੀਆਂ,
ਆਖਰ ਨੂੰ ਮਰ ਜਾਂਦਾ ਸਭ ਛੱਡ
ਕੇ ਅਧੂਰੀਆਂ।
ਹਰਪ੍ਰੀਤ ਪੱਤੋ, ਕੱਲਾ ਬਾਪੂ ਨਹੀਂ
ਮੇਰਾ, ਹੋਰ ਵੀ ਵਿਚਾਰੇ ਨੇ,
ਮੌਤ ਦੇ ਹੱਥੋਂ ਬਾਜ਼ੀ ਜ਼ਿੰਦਗੀ ਦੀ
ਜੋ ਹਾਰੇ ਨੇ।

**ਹਰਪ੍ਰੀਤ ਪੱਤੋ**
**94658-21417**

## ਮੇਰੀ ਕਵਿਤਾ

ਕਿਸ ਨੂੰ ਹਾਲ ਸੁਣਾਵਾਂ
ਸੱਜਣ ਮੇਰਾ ਠੱਗ ਨੀ ,
ਦਿੱਲ ਖੋਹਣਾ ਉਸਦਾ ਕੰਮ ਨੀ,
ਮੈਂ ਆਪ ਵੈਰੀ ਹੋਈ ਦਿਲ ਦੀ ,
ਜੋ ਲਾਈ ਉਸ ਨਾਲ ਅੱਖ ਨੀ ।
ਕਿਝੰ -ਕਿਝੰ ਲੇਖਾ ਹੁਣ ਕਰਾ ,
ਜਦ ਉੱਡ ਗਿਆ ਪ੍ਰਦੇਸ਼ ਨੀ,
ਗੁਆਚੀਆਂ ਹੋਵੇ ਤਾਂ,
ਮਿਲ ਜਾਵੇ ਦਿਲ ,
ਮੈਂ ਤਾ ਦਿੱਤਾ ਉਸ ਨੂੰ ਆਪ ਨੀ ।
ਗ਼ਮ ਸਰੋਵਰ ਵਿੱਚ ਛੱਡ ਗਿਆ ,
ਹੁਣ ਕਿਵੇਂ ਹੋਈਏ ਪਾਰ ਨੀ ।
ਵਣਜਾਰਾ ਸੀ ਉਹ ਜਾਤ ਦਾ ,
ਮੈਂ ਹੀ ਨਾ ਪਛਾਣਿਆ ਗੋਤ ਨੀ,
ਟੁਰ ਗਏ ਉਸ ਯਾਰ ਦਾ ,
ਹੁਣ ਕਿਥੋਂ ਲੁਭੀਏ ਅਨਸਰ ਨੀ ।
ਕੋਸਾ ਉਸ ਪਹਿਲੇ ਪਹਿਰ ਨੂੰ ,
ਜਿਸ ਘੜੀ ਲਾਈ ਉਸ ਨਾਲ ਨੀ,
ਭਰਵਾਸੇ ਉਸ ਯਾਰ ਨੂੰ,
ਹੁਣ ਯਾਦ ਕਰ-ਕਰ ਰੋਵਾਂ ਨੀ ।
ਰੁਸੇ ਨੇ ਕਰਮ, ਜਾ,
ਰੁੱਸਿਆ ਉਹ ਦਿਲਦਾਰ ਨੀ,
ਵਿੱਚ ਭਰਮਾਂ ਦੇ ਮੈਂ ਫਸੀ,
ਹੁਣ ਕਿਸ ਨੂੰ ਸੁਣਾਵਾਂ ਹਾਲ ਨੀ,
ਸੱਜਣ ਮੇਰਾ ਠੱਗ ਨੀ ,
ਦਿਲ ਖੋਹਣਾ ਉਸਦਾ ਕੰਮ ਨੀ।



**ਨੀਰ ਪੰਜਾਬੀ**

## ਕਲਮ

ਮੈਂ ਪੁੱਛਿਆ ਉਸ ਕਲਮ ਨੂੰ,
'ਤੂੰ ਮੁਹੱਬਤ ਹੈ ਜਾਂ ਨਫ਼ਰਤ'?
ਉਹ ਕਹਿੰਦੀ, ਜਾਣੇ ਤਾਂ ਮੁਹੱਬਤ
ਨਾ ਜਾਣੇ ਤਾਂ ਵੀ ਮੁਹੱਬਤ,
ਨਾ ਮੈਂ ਬੰਦਾ, ਨਾ ਹੀ ਤੀਵੀਂ
ਨਾ ਹੋਵਾਂ ਉੱਚੀ ਨਾ ਨੀਵੀਂ
ਰੂਹੀ ਸਾਂਝ ਪਾਉਂਦੀ ਹਾਂ
ਲੈ ਬਿਰਹੋ ਵਾਲੀ ਸਿਆਹੀ
ਮੈਂ ਬਿਰਹੋਂ, ਬਿਰਹੋਂ ਲਿਖਵਾਉਦੀ ਹਾਂ
ਮਹੁੱਬਤ 'ਚੋਂ ਉਪਜੀ,
ਮਹੁੱਬਤ ਚ ਮਰ ਜਾਂਦੀ ਹਾਂ
ਗੁਣਾਂ ਵਾਲਿਆਂ ਨੂੰ ਚੁੱਕਦੀ
ਗੁਣਹੀਣ ਨੂੰ ਗੁਣਾ 'ਚ ਗੁੰਨਦੀ
ਨਫ਼ਰਤ ਕਦੀ ਨਾ ਪਾਲਦੀ
ਧਰਮ, ਸਮਾਜ, ਰਾਜਨੀਤੀ 'ਚ
ਬੁਣਿਆ ਜੋਂ ਤਾਣਾ ਬਾਣਾ
ਚਿਤਰਦੀ ਮੈਂ ਇਤਿਹਾਸ ਲਿਖਦੀ
ਮੌਜੂਦਾ ਸਮੇਂ ਦੀ ਚਾਲ ਤੋਂ
ਭਵਿੱਖ ਦੀ ਚੇਤਾਵਨੀ ਦਿੰਦੀ
ਗਿਆਨ ਜੋਂ ਹੰਕਾਰ ਬਣੇ
ਮੈਂ ਦੀ ਬਾਤ ਸੁਣਾਵੇਂ, ਉਥੋਂ ਭੱਜਦੀ
ਸੱਚ, ਸ਼ੁੱਧਤਾ ਉਲੀਕਦੀ
ਹਾਂ ਮੈਂ ਸੰਘਰਸ਼ਾਂ ਚ ਵਿਚਰਦੀ ਰਹਿੰਦੀ
ਸਿਰਫ ਵਤਨ ਪ੍ਰਸਤੀ ਨਾਲ ਖੜਦੀ ਹਾਂ
ਖ਼ੁਦਾ ਦੇ ਜੀਵਾਂ ਨੂੰ ਵਾਸਤਾ ਪਾਉਂਦੀ ਰਹਿੰਦੀ
ਨਾ ਦੱਬੋ, ਨਾ ਦਬਾਓ,
ਦੇਸ਼ ਲੀਹਾਂ ਤੇ ਲਿਆਓ
ਵਿਉਂਤ ਸਮਝਾਉਂਦੀ ਰਹਿੰਦੀ
ਧਰਮਾਂ, ਸਿਆਸਤਾਂ, ਰੰਗ,
ਜਾਤਿ ਨਸਲ ਦੀ ਦਲਦਲ ਤੋਂ ਪਰੇ
ਆਪਣਾ ਵੱਖਰਾ ਸਮਾਜ ਸਿਰਜ
ਚਿੰਤਕ ਦੀ ਦੋਸਤੀ ਕਬੂਲਦੀ
ਤੇ ਉਸਦੇ ਰੂਹ ਦੀ ਸੁਮਿੱਤਰ ਕਹਾਉਂਦੀ
ਗਾਉਂਦੀ ,ਨੱਚਦੀ,ਟੱਪਦੀ ਹੱਸਦੀ, ਰੋਂਦੀ
ਸੋਚਾਂ ਨਾਲ ਪਾ ਭਿਆਲੀ,
ਜਿਸ ਹੱਥ ਮੈਨੂੰ ਪਲੋਸਿਆ
ਮੈਂ ਸਦਾ ਉਸਦੇ ਨਾਲ ਖੜਦੀ ਹਾਂ
ਪਰ ਕਦੀ ਯਾਰ ਮਾਰ ਨਹੀ ਕਰਦੀ।



**ਨਵਜੋਤ ਕੌਰ ਨਿਮਾਣੀ**

## ਨੀਵੇਂ ਰਹਿਣਾ

ਨੀਵੇਂ ਰਹਿ ਕੇ ਚੱਲ ਬੰਦਿਆ
ਸਮੇਂ ਦੀ ਸੱਟ ਕਰਾਰੀ ਐ
ਆਪਣੇ ਦਮ ਤੇ ਜਿਊਣਾ ਮਾੜਾ ਨਹੀਂ
ਪਰ ਬਹੁਤੀ ਮੈਂ ਵੀ ਮਾੜੀ ਐ

ਓਹਦੇ ਭਾਣੇ ਵਿੱਚ ਰਹਿ ਕੇ ਤੂੰ
ਉਸ ਦਾਤੇ ਦਾ ਸ਼ੁਕਰ ਮਨਾਇਆ ਕਰ
ਅਮਰਿਤ ਵੇਲੇ ਗੁਰਬਾਣੀ ਨਾਲ ਜੁੜ
ਗੁਰੂ ਘਰ ਵੀ ਜਾਇਆ ਕਰ
ਹਰ ਵੇਲੇ ਨਿਮਰਤਾ ਚ ਰਹੇ
ਤੇਰੀ ਦਾਤੇ ਨੇਂ ਗੁਡੀ ਚਾੜੀ ਐ
ਆਪਣੇ ਦਮ ਤੇ ਜਿਊਣਾ ਮਾੜਾ ਨਹੀਂ
ਪਰ ਬਹੁਤੀ ਮੈਂ ਵੀ ਮਾੜੀ ਐ

ਹੰਕਾਰ ਇੱਕ ਪੌੜੀ ਐਸੀ ਆ
ਜਿਸ ਤੇ ਦਿਨਾਂ ਚ ਬੰਦਾ ਚੜ ਜਾਦਾਂ
ਫਿਰ ਉਪਰੋਂ ਮੂਦੇ ਮੂੰਹ ਡਿਗ ਪੈਦਾਂ
ਇਸ ਜਗ ਮੂਹਰੇ ਫਿਰ ਹਰ ਜਾਦਾਂ
ਲੋਕ ਇਕੱਠੇ ਹੋ ਟਿਚਰਾਂ ਕਰਦੇ ਨੇਂ
ਦੋਵਾਂ ਹੱਥਾਂ ਨਾਲ ਮਾਰਦੇ ਤਾੜੀ ਐ
ਆਪਣੇ ਦਮ ਤੇ ਜਿਊਣਾ ਮਾੜਾ ਨਹੀਂ
ਪਰ ਬਹੁਤੀ ਮੈਂ ਵੀ ਮਾੜੀ ਐ

ਏਥੇ ਬੁਰੇ ਲੋਕਾਂ ਦੀ ਜਿੱਤ ਹੋ ਜਾਂਦੀ
ਸੱਚੇ ਚੁੱਪ ਰਹਿਣ ਦਾ ਫੈਸਲਾ ਕਰ ਲੈਂਦੇ
ਦਸ ਤੇਰਾ ਕੀ ਘਟ ਜਾਣਾ ਸੀ
ਜੇ ਸੱਚੇ ਦੀ ਹਾਮੀ ਭਰ ਲੈਂਦੇ
ਏਥੇ ਪੈਰ ਪੈਰ ਤੇ ਸਿਆਸਤ ਖੇਡ ਦੇ ਨੇ
ਹਰ ਵੇਲੇ ਦੁਨੀਆਂ ਪਾੜੀ ਐ
ਕੁਦਰਤ ਤੋਂ ਡਰ ਬੰਦਿਆ
ਸਮੇਂ ਦੀ ਸੱਟ ਕਰਾਰੀ ਐ
ਆਪਣੇ ਦਮ ਤੇ ਜਿਊਣਾ ਮਾੜਾ ਨਹੀਂ
ਪਰ ਬਹੁਤੀ ਮੈਂ ਵੀ ਮਾੜੀ ਐ



**ਗੁਰਚਰਨ ਸਿੰਘ ਧੰਜੂ**

## ਚਰਿੱਤਰਵਾਨ ਰਾਵਣ

ਰਾਮ ਵੇਲੇ ਦੇ ਜਿਸ ਰਾਵਣ ਨੇ
ਸੀਤਾ ਦਾ ਹਰਣ ਕੀਤਾ ਸੀ,
ਉਸ ਨੇ ਦਸ ਮਹੀਨੇ ਉਸ ਨੂੰ
ਆਪਣੀ ਕੈਦ 'ਚ ਰੱਖਿਆ ਸੀ।
ਉਸ ਨੇ ਸੀਤਾ ਦੀ ਇੱਜ਼ਤ
ਮਿੱਟੀ 'ਚ ਨਹੀਂ ਸੀ ਰੋਲੀ।
ਫਿਰ ਵੀ ਉਸ ਦੇ ਪੁਤਲੇ ਬਣਾ ਕੇ
ਸਾੜੇ ਹਰ ਸਾਲ ਜਨਤਾ ਭੋਲ਼ੀ।
ਅੱਜ ਦੇ ਰਾਵਣ ਹਜ਼ਾਰਾਂ ਨਾਰਾਂ ਦੀ
ਇੱਜ਼ਤ ਮਿੱਟੀ 'ਚ ਜਾਣ ਰੋਲ਼ੀ।
ਉਨ੍ਹਾਂ ਨੂੰ ਅਕਲ ਦੇਣ ਲਈ
ਅੱਗੇ ਨਾ ਆਵੇ ਸੂਰਮਾ ਕੋਈ।
ਉਹ ਬੜੀ ਸ਼ਾਨੋ ਸ਼ੌਕਤ ਨਾਲ
ਸਮਾਜ ਵਿੱਚ ਰਹਿ ਰਹੇ ਨੇ।
'ਸਾਨੂੰ ਕਿਸੇ ਦਾ ਡਰ ਨਹੀਂ,'
ਆਪਣੇ ਮੂੰਹੋਂ ਕਹਿ ਰਹੇ ਨੇ।
ਪਹਿਲਾਂ ਹੋਏ ਚਰਿੱਤਰਵਾਨ ਰਾਵਣ ਤੇ
ਲੋਕੋ ਚਿੱਕੜ ਸੁੱਟਣਾ ਛੱਡੋ।
ਅੱਜ ਦੇ ਚਰਿੱਤਰਹੀਣ ਰਾਵਣਾਂ ਦਾ
ਸਾਰੇ ਰਲ ਕੇ ਫਾਹਾ ਵੱਢੋ।



**ਮਹਿੰਦਰ ਸਿੰਘ ਮਾਨ**
**9915803554**

## ਜ਼ਿੰਦਗੀ ਦਾ ਗੀਤ

ਚੜ੍ਹਦੀ ਜਵਾਨੀ ਦੀ ਤਾਂ ਨੀਂ ਗੱਲ ਹੋਰ ਸੀ,
ਨੱਚਦੇ ਬਾਗੀਂ ਬਣਕੇ ਨੀਂ ਮੋਰਨੀ ਮੋਰ ਸੀ।
ਹੁਣ ਆਇਆ ਬੁਢੇਪਾ ਤਾਂ,
ਛੱਡ ਗਏ ਨਿਆਣੇ ਨੀਂ।
ਚੱਲ ਰਲ਼ਕੇ ਦੋਵੇਂ ਨੀਂ,
ਭੁੱਲੀਏ ਬੀਤ ਗਏ ਭਾਣੇ ਨੀਂ।

ਵਿਆਹ ਵੇਲ਼ੇ ਤਾਂ ਨੀ ਤੂੰ ਨਿਰੀ ਹਰਨੋਟੀ ਸੀ,
ਭਾਰੀ ਮਿਜਾਜ਼ਣ ਨੀਂ ਤੂੰ ਡਾਢੀ ਨਖ਼ਰੋਟੀ ਸੀ।
ਦਿਲ 'ਚ ਲੱਡੂ ਫੁੱਟਦੇ ਸੀ,
ਦੋਵੇਂ ਮਿਲੇ ਅਣਜਾਣੇ ਨੀਂ।
ਬੱਦਲ ਵਰ੍ਹਦੇ ਨੈਣਾਂ 'ਚੋਂ ਨੀਂ,
ਜ਼ਖਮ ਛਿੜੇ ਪੁਰਾਣੇ ਨੀਂ।
ਹੁਣ ਆਇਆ,

ਮਿਲ ਚਾਈਂ 2 ਨੀਂ ਆਪਾਂ ਟੱਬਰ ਸੀ ਪਾਲ਼ਦੇ,
ਗੁਆਂਢੀ ਸੜਦੇ ਨੀਂ ਉਹ ਲੜਾਈ ਸੀ ਭਾਲ਼ਦੇ।
ਸਬਰ ਸ਼ਾਂਤੀ ਬਾਹਲ਼ੀ ਸੀ,
ਵਕਤ ਹੋ ਗਏ ਪੁਰਾਣੇ ਨੀਂ।
ਯਾਦਾਂ ਦੇ ਪਰਛਾਵੇਂ ਬਹਿ ਨੀਂ,
ਨਹੀਂ ਐਵੇਂ ਦੁਹਰਾਣੇ ਨੀਂ।
ਹੁਣ ਆਇਆ,
ਹੱਸ ਵਕਤ ਗੁਜ਼ਾਰੋ ਨੀਂ
ਜਿੰਦ ਦਿਨ ਚਾਰ ਪ੍ਰਾਹੁੰਣੀ ਹੈ,
ਮੈਂ ਤੇਰਾ ਤੂੰ ਮੇਰੀ ਨੀਂ
ਫਿਰ ਕਦੇ ਮੁੜ ਨਾ ਆਉਣੀ ਹੈ।
ਕਿਹਨੇ ਛੱਡ ਜਾਣਾ ਸਾਥ ਪਹਿਲੇ,
ਆਪਾਂ ਦੋਨੋਂ ਅਣਜਾਣੇ ਨੀਂ।
ਮਿਲ ਪਿਆਰ ਮੁਹੱਬਤਾਂ ਦੇ,
ਚੱਲ ਗਾਈਏ ਗਾਣੇ ਨੀਂ।
ਹੁਣ ਆਇਆ।



**ਸੇਵਾ ਸਿੰਘ ਨੂਰਪੁਰੀ**

## ਦਿਲ ਕੀਤਾ, ਕਿ ਕਿਸੇ...

ਅਨਜਾਣ, ਲੰਮੇ ਸਫ਼ਰ 'ਤੇ ਨਿਕਲ ਜਾਵਾਂ।
ਪਰ ਫ਼ੇਰ ਯਾਦ ਆਇਆ...
ਇਸੇ ਸਫ਼ਰ 'ਤੇ ਤਾਂ ਹਾਂ, ਕਈ ਸਾਲਾਂ ਤੋਂ...!
ਕੁੱਝ ਤਸਵੀਰਾਂ ਦੇਖੀਆਂ...
ਜੋ ਮੈਨੂੰ ਬਹੁਤ ਪਸੰਦ ਹਨ।
ਪਰ ਅਫਸੋਸ...!!
ਉਹ ਤਾਂ ਕਦੇ ਖਿੱਚੀਆਂ ਹੀ ਨਹੀਂ..।
ਕੁੱਝ ਰਿਸ਼ਤੇ ਯਾਦ ਆਏ..
ਸੂਰਜਮੁਖੀ ਦੇ ਫੁੱਲਾਂ ਵਰਗੇ।
ਖਿੜੀ ਧੁੱਪੇ, ਮੇਰੇ ਵੱਲ ਝਾਕਦੇ...
ਪਰ ਹਨੇਰੇ ਵਿੱਚ, ਮੂੰਹ ਮੋੜ ਗਏ...!!!
ਸ਼ਾਇਦ ਜ਼ਿੰਦਗੀ ਜਿਉਣ ਦਾ....
ਹੁਨਰ ਹੀ ਨਹੀਂ ਸੀ ਮੈਨੂੰ...!!!
ਪਰ ਇੱਕ ਗੱਲ ਤਾਂ ਤੈਅ ਹੈ....
ਮੈਂ ਫੇਰ ਵੀ ਜਿਉਣ ਦੀ ਸ਼ੌਕੀਨ ਹਾਂ।



**ਸੁਖਜਿੰਦਰ ਕੌਰ ਸੰਧੂ**

## ਗ਼ਜ਼ਲ

ਰੌਸ਼ਨ-ਰੌਸ਼ਨ ਥਾਵਾਂ ਨੇ ਹਰਿਆਣੇ ਵਿਚ।
ਸੂਰਜ ਵਰਗੀਆਂ ਮਾਵਾਂ ਨੇ ਹਰਿਆਣੇਂ ਵਿਚ।
ਮੰਦਿਰ ਚਰਚ ਗੁਰਦੁਆਰੇ ਮਸਜਿਦ ਮਠਦੁਆਰੇ
ਜੰਨਤ ਦਾ ਸਿਰਨਾਵਾਂ ਨੇ ਹਰਿਆਣੇ ਵਿਚ।
ਨਿਰ ਧਨ ਦੀ ਝੁੱਗੀ ਤੋਂ ਉਚੇ ਮਹਿਲਾਂ ਤੱਕ,
ਘਰ-ਘਰ ਠੰਢੀਆਂ ਛਾਵਾਂ ਨੇ ਹਰਿਆਣੇ ਵਿਚ।
ਜਿੱਥੇ ਦੁਸ਼ਮਣ ਵੀ ਹੈ ਸੱਜਣਾਂ ਦੇ ਵਾਗੂੰ,
ਦੀਪ ਜਗਾਏ ਵਾਵਾਂ ਨੇ ਹਰਿਆਣੇਂ ਵਿਚ।
ਹਰ ਇਕ ਚਿਹਰੇ ਉਤੇ ਲਾਲੀ ਦਿਸਦੀ ਹੈ,
ਉਨਤੀ ਭਰੀਆਂ ਰਾਵਾਂ ਨੇ ਹਰਿਆਣੇਂ ਵਿਚ।
ਹਰ ਇਕ ਰਿਸ਼ਤੇ ਵਿਚ ਹੈ ਖ਼ੁਸ਼ਬੂ ਉਲਫ਼ਤ ਦੀ,
ਰਾਮ ਭਰਤ ਦੀਆਂ ਥਾਵਾਂ ਨੇ ਹਰਿਆਣੇ ਵਿਚ।
ਮੁੰਡੇ ਕਿਹੜੇ ਘੱਟ ਨੇ ਅਪਣੇ ਜੋਬਨ ਦੇ,
ਕੁੜੀਆਂ ਸ਼ੋਖ ਬਲਾਵਾਂ ਨੇ ਹਰਿਆਣੇ ਵਿਚ।
ਅਪਣੇ ਸਭਿਆਚਾਰ 'ਚ ਉਤਮ ਸਰਵੋਤਮ,
ਸੁੰਦਰ ਸਰਵ ਕਲਾਵਾਂ ਨੇ ਹਰਿਆਣੇ ਵਿਚ।
ਫੁੱਲਾਂ ਲੱਧੀ ਜਿਉਂ ਕੋਈ ਡਾਲੀ ਝੁਕ ਜਾਂਦੀ,
ਸਭਿਅਕ ਇੰਝ ਅਦਾਵਾਂ ਨੇ ਹਰਿਆਣੇ ਵਿਚ।
ਇਨਸਾਫ਼ ਬਰਾਬਰ ਜਿੰਦਾਂ ਚੜ੍ਹਦੀ ਗੁਡੀ,
ਤਾਂ ਸਮਤੋਲ ਤਨਾਵਾਂ ਨੇ ਹਰਿਆਣੇ ਵਿਚ।
ਤਾਂ ਹੀ ਹਰ ਇਕ ਦੰਪਤੀ ਸੁਖ ਦਾ ਹਾਣੀ ਹੈ,
ਸੱਚਾਈ ਦੇ ਵਿਚ ਲਾਵਾਂ ਨੇ ਹਰਿਆਣੇਂ ਵਿਚ।
ਆਸਾਂ ਦੀ ਪੂਰਨਤਾ ਨੇ ਫੁੱਲ ਖਿੜ੍ਹਾਏ,
ਅੰਬਰ ਛੂਹਦੇ ਚਾਵਾਂ ਨੇ ਹਰਿਆਣੇਂ ਵਿਚ।
ਭਾਰਮ ਮਾਂ ਦੀ ਸ਼ਾਨ ਵਧਾਈ ਦੁਨੀਆਂ 'ਤੇ,
ਖੇਡਾਂ ਵਿਚ ਕੁਝ ਨਾਂਵਾਂ ਨੇ ਹਰਿਆਣੇਂ ਵਿਚ।
ਖੇਤੀ ਉਦਯੋਗ ਸਿਖਿਆ ਹਰ ਖੇਤਰ ਵਿਚ,
ਉਨਤੀ ਪੂਰਕ ਰਾਵ੍ਹਾਂ ਨੇ ਹਰਿਆਣੇ ਵਿਚ।
ਰਿਸ਼ੀਆਂ ਮੁਨੀਆਂ ਸੰਤਾਂ ਗੁਰੂਆਂ ਪੀਰਾਂ ਦੀਆਂ,
ਸਿਖਿਆ ਦਾਇਕ ਕਥਾਵਾਂ ਨੇ ਹਰਿਆਣੇ ਵਿਚ।
ਤਾਂ ਹੀ ਬਾਲਮ ਫਸਲਾਂ ਤੇ ਖ਼ੁਸ਼ਹਾਲੀ ਏ,
ਔੜਾਂ ਵਿਚ ਘਟਾਵਾਂ ਨੇ ਹਰਿਆਣੇ ਵਿਚ।



**ਬਲਵਿੰਦਰ ਬਾਲਮ ਗੁਰਦਾਸਪੁਰ**
**98156-25409**

## ਹੋ ਜਾਣੀ ਅੱਜ ਬੱਲੇ-ਬੱਲੇ

ਅਸੀਂ ਦੁਸਹਿਰਾ ਵੇਖਣ ਚੱਲੇ।
ਹੋ ਜਾਣੀ ਅੱਜ ਬੱਲੇ-ਬੱਲੇ।

ਭਰਿਆ ਭਰਿਆ ਹੋਣਾ ਮੇਲਾ।
ਜੇਬਾਂ ਵਿੱਚ ਹੋਊ ਪੈਸਾ-ਧੇਲਾ।
ਖਾਵਾਂ-ਪੀਵਾਂਗੇ ਕੱਲੇ-ਕੱਲੇ,
ਹੋ ਜਾਣੀ ਅੱਜ ਬੱਲੇ-ਬੱਲੇ।

ਰਾਵਣ ਹੁਰਾਂ ਦੇ ਬੁੱਤ ਹੋਣਗੇ।
ਹੰਕਾਰ ਦੇ ਵਿੱਚ ਧੁੱਤ ਹੋਣਗੇ।
ਅੱਗ ਲਾਕੇ ਸੁੱਟਣੇ ਥੱਲੇ-ਥੱਲੇ,
ਹੋ ਜਾਣੀ ਅੱਜ ਬੱਲੇ-ਬੱਲੇ।

ਨੇਕੀ ਦੀ ਤਾਂ ਜਿੱਤ ਹੀ ਹੁੰਦੀ।
ਬਦੀ ਤਾਂ ਇੱਕ ਦਿਨ ਚਿੱਤ ਹੀ ਹੁੰਦੀ।
ਝੂਠ ਦੀ ਵਾਹ ਨਾ ਚੱਲੇ ਚੱਲੇ,
ਹੋ ਜਾਣੀ ਅੱਜ ਬੱਲੇ-ਬੱਲੇ।

ਚੀਜ਼ਾਂ ਦੇ ਨਾਲ ਭਰਿਆ ਮੇਲਾ।
ਸਿਖਰਾਂ ਉੱਤੇ ਹੁੰਦਾ ਮੇਲਾ।
ਫਿਰਦੇ ਬੱਚੇ ਕੱਲ-ਮੁਕੱਲੇ,
ਹੋ ਜਾਣੀ ਅੱਜ ਬੱਲੇ-ਬੱਲੇ।

ਨਾ ਤਾਂ ਠੰਡ ਨਾ ਗਰਮੀ ਹੁੰਦੀ।
ਮੌਸਮ ਦੇ ਵਿੱਚ ਨਰਮੀ ਹੁੰਦੀ।
ਮੇਲਾ ਸਾਰਾ ਦਿਨ ਹੀ ਚੱਲੇ,
ਹੋ ਜਾਣੀ ਅੱਜ ਬੱਲੇ-ਬੱਲੇ !

ਤਰ੍ਹਾਂ ਤਰ੍ਹਾਂ ਦੇ ਰੂਪ ਵਟਾਈ।
ਰਾਮ ਲੱਖਣ ਕਈ ਬਣਦੇ ਭਾਈ।
ਜੈ ਸ੍ਰੀ ਰਾਮ ਦਾ ਨਾਹਰਾ ਚੱਲੇ,
ਹੋ ਜਾਣੀ ਅੱਜ ਬੱਲੇ-ਬੱਲੇ !

ਬੱਚਿਆਂ ਦੇ ਲਈ ਗਦਾ-ਕਟਾਰਾਂ।
ਮੇਲੇ ਦੇ ਵਿੱਚ ਸ਼ੈਆਂ ਹਜ਼ਾਰਾਂ।
ਵਿਕਦੇ ਵੰਗਾ ਛਾਪਾਂ-ਛੱਲੇ!
ਹੋ ਜਾਣੀ ਅੱਜ ਬੱਲੇ-ਬੱਲੇ!



**ਓਮਕਾਰ ਸੂਦ ਬਹੋਨਾ**
**9654036080**

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD